# ਮਾਸਿਕ ਸੀਸ ਗੰਜ

# SIS GANJ

Volume 58 August 2021 Issue 8 Rs. 5



ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ

## ਇਸ ਮਹੀਨੇ ਦਾ ਵਿਚਾਰ

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**
**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥**

{ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੪}

### : ਪਦ ਅਰਥ :

**Bwdie**—ਭਾਦਰੋਂ ਦੇ ਮਹੀਨੇ ਵਿਚ । **Brim**—ਭਟਕਣਾ ਵਿਚ । **BlwxIAw**—ਕੁਰਾਹੇ ਪੈ ਜਾਂਦੀ ਹੈ । **hq**—ਹਿਤ, ਪਿਆਰ । **kq** **kwrij**—ਕਿਸੇ ਕੰਮ ਵਿਚ । **ijq**—ਜਿਸ ਵਿਚ । **idin**—ਦਿਨ ਵਿਚ । **dh**—ਸਰੀਰ । **khsin**—ਆਖਣਗੇ । **ibnssI**—ਬਿਨਸੇਗੀ । **pq**—ਗੁਜ਼ਰ ਚੁਕਿਆ, ਅਪਵਿਤ੍ਰ । **pkiV**—ਫੜ ਕੇ । **n dnI**—ਨਹੀਂ ਦੇਂਦੇ, ਨ ਦੇਨਿ । **isAwhh**—ਕਾਲੇ (ਰੰਗ) ਤੋਂ । **sq**—ਚਿੱਟਾ । **kp**—ਕੱਪੀਦਾ ਹੈ । **lx**—ਵੱਢਦਾ ਹੈ । **Kq**—ਪੈਲੀ । ਸੰਦੜਾ—ਦਾ । **bihQ**—ਜਹਾਜ਼ । **nw pweIAih**—ਨਹੀਂ ਪਾਏ ਜਾਂਦੇ । **hq**—ਹਿਤੂ, ਪਿਆਰ ਕਰਨ ਵਾਲਾ ।

### : ਅਰਥ :

(ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ । (ਲੋਥ ਅਪਵਿਤ੍ਰ ਪਈ ਹੈ, ਇਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ, ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । (ਜਿਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੁ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ) । ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫ਼ਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ) ।


ਹੇ ਨਾਨਕ! ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ ।੭।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ

# ਸੀਸ ਗੰਜ

ਜਿਲਦ 58, ਨੰਬਰ 8

ਅਗਸਤ 2021 ਸਾਵਣ / ਭਾਦੋਂ 2078



ਐਡੀਟੋਰੀਅਲ ਬੋਰਡ :

**ਸ. ਮਨਜਿੰਦਰ ਸਿੰਘ ਸਿਰਸਾ**
**ਸ. ਹਰਮੀਤ ਸਿੰਘ ਕਾਲਕਾ**
**ਸ. ਹਰਵਿੰਦਰ ਸਿੰਘ ਕੇ.ਪੀ.**

ਮੁੱਖ ਸੰਪਾਦਕ :

**ਸ. ਮਨਜਿੰਦਰ ਸਿੰਘ ਸਿਰਸਾ**

ਸੰਪਾਦਕ :

**ਸ. ਪਰਮਜੀਤ ਸਿੰਘ ਰਾਣਾ**

ਸਹਿ-ਸੰਪਾਦਕ :

**ਸ. ਜਤਿੰਦਰਪਾਲ ਸਿੰਘ ਨਰੂਲਾ**
**ਡਾ. ਮਨਪ੍ਰੀਤ ਸਿੰਘ**

ਪ੍ਰਿੰਟਰ ਤੇ ਪਬਲੀਸ਼ਰ

**ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ**



'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।
ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।



Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.



Email : dsgmcdelhi@gmail.com
Website : www.dsgmc.in
Phone : 23712580-81-82
23737328-29
Extn. : 104



Total Pages : 1 to 64 (With Cover)


## ਸੀਸ ਗੰਜ ਦੇ ਇਸ ਅੰਕ 'ਚ


4 ਸੰਪਾਦਕੀ
ਸ. ਮਨਜਿੰਦਰ ਸਿੰਘ ਸਿਰਸਾ

5 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਦਾਨ
ਡਾ. ਮਨਪ੍ਰੀਤ ਸਿੰਘ



6 ਸੁਖਮਨੀ ਸਾਹਿਬ
ਸ. ਮੋਹਨ ਸਿੰਘ ਉਰਲਾਣਾ



14 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ.....
ਡਾ. ਸਰਬਜਿੰਦਰ ਸਿੰਘ



20 ਭਾਈ ਲਾਲੋ ਜੀ
ਡਾ. ਰਜਿੰਦਰ ਸਿੰਘ ਜੌਲੀ




27 .....ਪੰਜਾਬ ਵਿੱਚ ਉਦਾਸੀਆਂ
ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ



31 ਭਾਈ ਬੰਨੋ ਜੀ
ਸ੍ਰੀ ਰਮੇਸ਼ ਬੱਗਾ ਚੋਹਲਾ



34 ਪੰਜ ਪਿਆਰੇ
ਡਾ. ਮਨਪ੍ਰੀਤ ਸਿੰਘ

39 ਪੁਸਤਕ ਰੀਵਿਊ
ਡਾ. ਹਰਬੰਸ ਕੌਰ ਸਾਗੂ

48 ਸਰਗਰਮੀਆਂ
ਧਰਮ ਪ੍ਰਚਾਰ ਤੇ ਦਿੱ.ਸਿ.ਗੁ.ਪ੍ਰ. ਕਮੇਟੀ

57 ਚਿੱਠਾ ਆਮਦਨ ਖਰਚ
ਅਕਾਊਂਟਸ ਵਿਭਾਗ

61 ਸਿੱਖ ਇਤਿਹਾਸ ਘਟਨਾਵਾਂ
ਧਰਮ ਪ੍ਰਚਾਰ ਕਮੇਟੀ



ਸੰਪਾਦਕੀ

# ਸਰਬ ਸਾਂਝੀਵਾਲਤਾ ਦਾ ਪ੍ਰਤੀਕ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸੰਸਾਰ ਭਰ ਵਿੱਚ ਜਿਤਨੇ ਵੀ ਧਰਮ ਪ੍ਰਚੱਲਤ ਹਨ, ਉਨ੍ਹਾਂ ਸਾਰਿਆਂ ਦੇ ਆਪੋ-ਆਪਣੇ ਗ੍ਰੰਥ ਹਨ, ਜੋ ਸਬੰਧਿਤ ਧਰਮ ਦੇ ਪੈਰੋਕਾਰਾਂ ਦਾ ਮਾਰਗ ਦਰਸ਼ਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਸਾਰੇ ਧਰਮ ਗ੍ਰੰਥਾਂ ਵਿੱਚੋਂ ਕੋਈ ਇੱਕ ਵੀ ਅਜਿਹਾ ਧਰਮ ਗ੍ਰੰਥ ਨਹੀਂ, ਜੋ ਮਨੁੱਖਤਾ ਲਈ ਸਮੁੱਚੇ ਰੂਪ ਵਿੱਚ ਮਾਰਗ ਦਰਸ਼ਨ ਦੇ ਰੂਪ ਵਿੱਚ ਸਵਿਕਾਰ ਕੀਤਾ ਜਾ ਸਕਦਾ ਹੋਵੇ ਜਾਂ ਉਨ੍ਹਾਂ ਰਾਹੀਂ ਕੀਤਾ ਗਿਆ ਮਾਰਗ ਦਰਸ਼ਨ ਕਿਸੇ ਦੂਸਰੇ ਧਰਮ ਦੇ ਪੈਰੋਕਾਰ ਸਵੀਕਾਰ ਕਰ ਸਕਣ ਜਾਂ ਅਪਨਾ ਸਕਣ। ਇਸ ਕਾਰਨ ਉਹ ਸਾਰੇ ਗ੍ਰੰਥ ਹੀ ਆਪਣੇ-ਆਪਣੇ ਧਰਮ ਦੇ ਪੈਰੋਕਾਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।

ਜਦਕਿ ਦਸਾਂ ਗੁਰੂ ਸਾਹਿਬਾਨਾਂ ਦੀ ਜੋਤਿ ਸਰੂਪ ਵਜੋਂ ਸਥਾਪਿਤ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਅਜਿਹਾ ਧਰਮ ਗ੍ਰੰਥ ਹੈ, ਜੋ ਸਮੁੱਚੀ ਮਨੁੱਖ ਜਾਤੀ ਵੱਲੋਂ ਸਵੀਕਾਰ ਕੀਤਾ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਵੱਲੋਂ ਕੀਤੇ ਹੋਏ ਮਾਰਗ ਦਰਸ਼ਨ ਨੂੰ ਅਪਨਾਇਆ ਜਾ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀ ਸਰਬ-ਸਾਂਝੀਵਾਲਤਾ, ਸਦਭਾਵਨਾ, ਬਰਾਬਰਤਾ ਅਤੇ ਪਿਆਰ ਦਾ ਸੰਦੇਸ਼ ਦੇਣ ਵਾਲੀ ਸਰਬ-ਕਾਲੀ ਹੈ, ਜੋ ਸਮੁੱਚੀ ਮਨੁੱਖਤਾ ਨੂੰ ਇੱਕ ਆਦਰਸ਼ ਜੀਵਨ ਜੀਣ ਦੀ ਸੇਧ ਬਖਸ਼ਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀ ਰਾਹੀਂ ਸਮੁੱਚੀ ਮਨੁੱਖਤਾ ਨੂੰ ਸਾਝਾਂ ਸੰਦੇਸ਼ ਦਿੱਤਾ ਗਿਆ ਹੈ ਕਿ ਸੰਸਾਰ ਵਿੱਚ ਆਇਆ ਹਰ ਇੱਕ ਮਨੁੱਖ ਉੱਚਾ-ਨੀਵਾਂ ਜਾਂ ਵੱਡਾ-ਛੋਟਾ ਨਹੀਂ।

**ਅਵਲਿ ਅਲਹ ਨੂਰ ਉਪਾਇਆ**
**ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ**
**ਕਉਨ ਭਲੇ ਕੋ ਮੰਦੇ॥**

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਇੱਕ ਚੰਗਾ ਜੀਵਨ ਜੀਣ ਲਈ ਆਦਰਸ਼ ਮਾਰਗ ਦਰਸ਼ਨ ਦੀ ਭੂਮਿਕਾ ਨਿਭਾਉਂਦੀ ਹੈ। ਲੋੜ ਹੈ ਇਸ ਨੂੰ ਪੜ੍ਹਨ ਦੇ ਨਾਲ ਹੀ ਵਿਚਾਰਨ, ਸਮਝਣ ਅਤੇ ਜੀਵਨ ਵਿੱਚ ਅਪਨਾਉਣ ਦੀ।


ਮਨਜਿੰਦਰ ਸਿੰਘ ਸਿਰਸਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਿਸ ਤਰ੍ਹਾਂ ਹੋਇਆ, ਇਸ ਦੀ ਤਫਸੀਲ ਵਿਚਾਰਧਾਰਕ ਦ੍ਰਿਸ਼ਟੀ ਬੜੀ ਮਹੱਤਵਪੂਰਨ ਹੈ। ਇਤਿਹਾਸ ਦੱਸਦਾ ਹੈ ਕਿ ਪ੍ਰਚਾਰ ਮੁਹਿੰਮ ਦੇ ਆਖ਼ਰੀ ਦੌਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਕਰੀਬਨ ਇੱਕ ਸਾਲ ਗੁਰਦਾਸਪੁਰ ਦੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਅਤੇ ਫਿਰ ਪ੍ਰਚਾਰ ਦਾ ਕਾਰਜ ਸੰਕੋਚ ਕੇ 1601 ਈਸਵੀ ਵਿੱਚ ਸ੍ਰੀ ਅੰਮ੍ਰਿਤਸਰ ਆ ਗਏ ਸਨ। ਇਥੇ ਆ ਕੇ ਗੁਰੂ ਸਾਹਿਬ ਜੀ ਨੇ ਸਾਰਾ ਧਿਆਨ ਬਾਣੀ ਦੇ ਸੰਕਲਨ ਵਿੱਚ ਲਾ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਮੁਕੰਮਲ ਕੀਤਾ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ ਆਪਣੇ-ਆਪਣੇ ਸਮੇਂ ਬਾਣੀ ਸਿਰਜਨ ਦੇ ਨਾਲ-ਨਾਲ ਬਾਣੀ ਨੂੰ ਇਕੱਤਰ ਕਰਨ ਦੇ ਭਰਪੂਰ ਯਤਨ ਕਰਦੇ ਆ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਾਸ ਵੀ ਇੱਕ ਪੋਥੀ ਰੱਖਦੇ ਸਨ, ਜਿਸ ਵਿੱਚ ਗੁਰੂ ਜੀ ਰੱਬੀ ਕਲਾਮ (ਖਸਮ ਕੀ ਬਾਣੀ) ਅਤੇ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਦਰਜ਼ ਕਰਦੇ ਸਨ। ਫਿਰ ਗੁਰਗੱਦੀ ਦੇਣ ਸਮੇਂ ਹਰ ਗੁਰੂ ਸਾਹਿਬ ਆਪਣੇ ਵਾਰਸ ਨੂੰ ਆਪਣੀ ਬਾਣੀ ਅਤੇ ਪਹਿਲੇ ਗੁਰੂ ਜੀ ਦੀ ਬਾਣੀ ਸੰਗ੍ਰਹਿ ਸੌਂਪਦੇ ਆਏ ਅਤੇ ਸੀਨਾ-ਬ-ਸੀਨਾ ਇਹ ਬਾਣੀ ਦਾ ਖ਼ਜਾਨਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਤੱਕ ਪਹੁੰਚਾਇਆ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੋਚ ਵਿਚਾਰ ਤੋਂ ਬਾਅਦ ਭਾਈ ਗੁਰਦਾਸ ਜੀ ਨੂੰ ਬਾਣੀ ਲਿਖਣ ਦੀ ਜ਼ਿੰਮੇਦਾਰੀ ਸੌਂਪ ਦਿੱਤੀ ਗਈ ਅਤੇ ਉਨ੍ਹਾਂ ਨੇ ਗੁਰੂ ਜੀ ਦੁਆਰਾ ਦੱਸੀ ਤਰਤੀਬ ਮੁਤਾਬਕ, ਸੰਪਾਦਤ ਬਾਣੀ ਨੂੰ ਲਿਖਤ ਰੂਪ ਦੇਣ ਦਾ ਕੰਮ ਆਰੰਭ ਦਿੱਤਾ । ਗੰਭੀਰ ਵਿਸ਼ਲੇਸ਼ਣ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਬਾਣੀ ਦੀ ਚੋਣ ਕੀਤੀ ਸੀ ਅਤੇ ਬੜੀ ਮੁਹਾਰਤ ਨਾਲ ਬਾਣੀ ਦੀ ਤਰਤੀਬ ਨਿਸ਼ਚਿਤ ਕੀਤੀ ਗਈ ਸੀ।

ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਤੁਲ ਰੱਖਣਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਗੁਣ ਹੈ। ਪਰ ਇਸ ਦੇ ਨਾਲ ਸਿਰਫ ਚੋਣਵੇਂ ਭਗਤਾਂ ਦੀ ਬਾਣੀ ਦਰਜ਼ ਕਰਨਾ ਅਤੇ ਬਹੁਤ ਸਾਰੇ ਹੋਰ ਭਗਤਾਂ ਦੀ ਬਾਣੀ ਨਾ ਦਰਜ਼ ਕਰਨ ਦਾ ਫੈਸਲਾ ਕਰਨਾ ਸਪੱਸ਼ਟ ਕਰਦਾ ਹੈ ਕਿ ਉਨ੍ਹਾਂ ਹੀ ਭਗਤਾਂ ਦੀ ਬਾਣੀ ਗੁਰੂ ਜੀ ਨੇ ਦਰਜ਼ ਕੀਤੀ ਜਿਹੜੇ ਉਨ੍ਹਾਂ ਅਸੂਲਾਂ, ਸਿਧਾਂਤਾਂ, ਵਿਚਾਰਾਂ ਅਤੇ ਤਰਜ਼ੇ-ਜ਼ਿੰਦਗੀ ਦੇ ਪ੍ਰਚਾਰਕ ਸਨ ਜਿਨ੍ਹਾਂ ਦਾ ਪ੍ਰਚਾਰ ਗੁਰੂ ਪਰੰਪਰਾ ਕਰ ਰਹੀ ਸੀ ।

ਤਿੰਨ ਸਾਲਾਂ ਤਕ ਇਹ ਮਹਾਨ ਕਾਰਜ ਚੱਲਦਾ ਰਿਹਾ ਅਤੇ 1604 ਈਸਵੀ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਦੁਆਰਾ ਸੰਪਾਦਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰ ਦਿੱਤਾ ਗਿਆ। ਇਹ ਗੱਲ ਵੀ ਇੱਥੇ ਦੱਸਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ । ਇਹ ਵੀ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਹਰਿਮੰਦਰ ਸਾਹਿਬ ਵਿਚ ਪਹਿਲੇ ਪ੍ਰਕਾਸ਼ ਤੋਂ ਬਾਅਦ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿਚ ਆਪਣਾ ਆਸਣ ਨੀਵੀਂ ਥਾਂ ਕਰ ਲਿਆ ਅਤੇ ਫਿਰ ਇਹ ਪਰੰਪਰਾ ਲਗਾਤਾਰ ਅਗਲੇ ਗੁਰੂ ਸਾਹਿਬਾਨ ਵੇਲੇ ਵੀ ਚੱਲਦੀ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਅਧਿਆਤਮਕ ਗਿਆਨ ਦੀ ਪ੍ਰਾਪਤੀ ਹੈ ਅਤੇ ਮਨੁੱਖ ਨੂੰ ਪਰਮਾਰਥ, ਪਰਉਪਕਾਰ, ਸਿਮਰਨ, ਧਰਮ, ਨੈਤਿਕਤਾ, ਸੇਵਾ, ਸੰਤੋਖ ਅਤੇ ਰੱਬੀਂ ਗੁਣਾਂ ਦੇ ਧਾਰਣੀ ਹੋਣ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ। ਇਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਦੁਨਿਆਵੀ ਖੇਤਰ ਨਾਲ ਸੰਬੰਧਤ ਵਿਸ਼ਿਆਂ ਪ੍ਰਤੀ ਵੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਾਕਾਰਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਜੋ ਜਾਤ-ਪਾਤ, ਊਚ-ਨੀਚ, ਰੰਗ-ਭੇਤ, ਦੇਸ਼-ਵਿਸ਼ਵਾਸ ਤੋਂ ਉਚੱਾ ਉਠ ਕੇ ਇਸਲਾਮੀ ਕੱਟੜਵਾਦੀ ਅਤੇ ਬਿਪਰਵਾਦੀ ਹਿੰਦੂ ਕਰਮਕਾਂਡੀ ਵਿਚਾਰਧਾਰਾ ਦੀ ਜੜ੍ਹ ਨੂੰ ਵੱਢ ਕੇ ਇਕ ਨਵੇਂ ਸਭਿਆਚਾਰ ਦੀ ਸਿਰਜਨਾ ਕਰਦਾ ਹੈ। ਜੋ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ।

ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ



# ਸੁਖਮਨੀ ਸਾਹਿਬ

**ਸੁਖਮਨੀ :**

- ਜਿਹਾ ਕਿ ਨਾਂ ਤੋਂ ਹੀ ਸਪਸ਼ਟ ਹੈ ਸੁਖਾਂ ਦੀ ਮਨੀ, ਸਾਰੇ ਸੁਖ ਦੇਣ ਵਾਲੀ।
- ਭਾਵਾਤਮਿਕ ਅਰਥ ਇਉਂ ਵੀ ਲਿਆ ਜਾ ਸਕਦਾ ਹੈ ਆਤਮਿਕ ਸੁਖ ਵਾਲਾ ਪ੍ਰਕਾਸ਼।
- ਮਾਲਾ ਦੇ ਮੇਰੂ ਮਣਕੇ ਦੀ ਨਿਆਈਂ ਸਿਰਮੌਰ ਬਾਣੀ।

**ਮਨੀ :**

ਮਨੀ ਅਤੇ ਮਣੀ ਤੋਂ ਭਾਵ ਇਕ ਹੀ ਹੈ, ਭਾਸ਼ਾ ਦੇ ਵਖਰੇਵੇਂ ਤੋਂ ਕਈ ਇਲਾਕਿਆਂ ਵਿੱਚ 'ਨੰਨੇ' ਦਾ ਅਤੇ ਕਈਆਂ ਵਿੱਚ 'ਣਾਣੇ' ਦਾ ਪ੍ਰਯੋਗ ਕੀਤਾ ਜਾਂਦਾ ਹੈ ਮਨੀ ਤੋਂ ਭਾਵ ਜਵਾਹਰ, ਲਾਲ, ਮੋਤੀ, ਰਤਨ ਆਦੀ ਅਮੋਲਕ ਪੱਥਰ ਹੈ, ਮਣੀ ਤੋਂ ਹੇਠ ਲਿਖੇ ਅਨੁਸਾਰ ਇਹ ਭਾਵ ਲਏ ਗਏ ਹਨ ਜੇਹਾ ਕਿ ਚਿੰਤਾਮਣਿ, ਚੰਦ੍ਰਕਾਂਤਾਮਣਿ ਤੇ ਨਾਗਮਣਿ। ਮਣਿ ਤੇ ਮਣੀ ਦੇ ਇੱਕੋ ਹੀ ਅਰਥ ਹਨ।

(ੳ) ਚਿੰਤਾਮਣਿ ਤੋਂ ਭਾਵ ਲਿਆ ਜਾਂਦਾ ਹੈ ਕਿ ਜਿਸ ਕੋਲ ਇਹ ਮਣੀ ਹੋਵੇ ਉਹ ਜੋ ਵੀ ਮੰਗੇ ਉਸਨੂੰ ਪ੍ਰਾਪਤ ਹੁੰਦਾ ਹੈ :-

**ਚਿੰਤਾਮਣਿ ਕਰੁਣਾ ਮਏ ॥ ੧ ॥ ਰਹਾਉ ॥**

(ਗਉੜੀ ਮਹਲਾ ੪,
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੦੧)

(ਅ) ਚੰਦ੍ਰਕਾਂਤਾਮਣਿ ਬਾਰੇ ਕਿਹਾ ਜਾਂਦਾ ਹੈ ਕਿ ਇਹ ਇੱਕ ਅਜਿਹਾ ਰਤਨ ਹੈ ਜਿਸ ਉੱਤੇ ਚੰਦਰਮਾਂ ਦੀਆਂ ਕਿਰਣਾਂ ਪੈਣ ਨਾਲ ਇਸ ਵਿੱਚੋਂ ਅੰਮ੍ਰਿਤ ਸ੍ਰਵਦਾ ਹੈ।

(ੲ) ਨਾਗਮਣਿ ਖ਼ਾਸ ਕਿਸਮ ਦੇ ਸੱਪ ਦੇ ਸਿਰ ਵਿੱਚ ਮੰਨੀ ਗਈ ਇੱਕ ਮਣੀ ਜਿਸਨੂੰ ਰਾਤ ਸਮੇਂ ਸਰਪ ਆਪਣੇ ਸਿਰ 'ਚੋਂ ਕੱਢ ਕੇ ਉਸ ਨਾਲ ਖੇਡਦਾ ਦੱਸਦੇ ਹਨ ਜਿਸਦੀ ਚੋਖੀ (ਖਾਸੀ) ਚਮਕ ਹੁੰਦੀ ਹੈ।

ਏਸੇ ਕਰਕੇ ਭਾਗਸ਼ੀਲ ਪ੍ਰਤਾਪੀ ਪੁਰਸ਼ ਦੇ ਮਸਤਕ ਨੂੰ

ਕਿਹਾ ਜਾਂਦਾ ਹੈ ਕਿ ਇਸਦੇ ਮੱਥੇ 'ਤੇ ਮਣੀ ਹੈ :-

**ਮੋਹਣੀ ਮੁਖਿ ਮਣੀ ਸੋਹੈ, ਕਰੇ ਰੰਗਿ ਪਸਾਉ॥**

**(ਸਿਰੀਰਾਗੁ ਮਹਲਾ ੧,**
**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪)**

ਇਸ ਸਾਰੀ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਮਨੀ ਤੋਂ ਭਾਵ ਪ੍ਰਕਾਸ਼ ਦਾ ਹੈ, ਜਿਵੇਂ ਸੱਪ ਦੇ ਸਿਰ ਵਿਚਲੀ ਮਨੀ ਬਾਹਰੀ ਹਨੇਰੇ ਨੂੰ ਆਪਣੀ ਚਮਕ ਨਾਲ ਦੂਰ ਕਰਦੀ ਹੈ। ਉਸੇ ਤਰ੍ਹਾਂ ਬਾਣੀ ਰੂਪੀ ਸਮੁੰਦਰ ਵਿੱਚ ਚੁੱਭੀ ਲਾਇਆਂ ਜੋ ਮਣੀ ਪ੍ਰਾਪਤ ਹੁੰਦੀ ਹੈ ਉਹ ਜੀਵ ਦੇ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰਕੇ ਗਿਆਨ ਰੂਪ ਪ੍ਰਕਾਸ਼ ਦਿੰਦੀ ਹੈ। ਇਸੇ ਕਰਕੇ ਇਸ ਮਨੀ ਦਾ ਨਾਮ ਹੈ ਸੁਖਮਨੀ ਜੋ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖ਼ਸ਼ੀ ਹੈ।

**ਮੇਰੂ ਮਣਕਾ :**

ਧਾਗੇ ਵਿੱਚ ਪ੍ਰੋਏ ਹੋਏ ਮਣਕਿਆਂ ਦੇ ਅਖੀਰ ਦੋਵਾਂ ਧਾਗਿਆਂ ਨੂੰ ਗੰਢ ਦੇ ਕੇ ਬੰਨ੍ਹਣ ਤੋਂ ਜੋ ਧਾਗਾ ਬਾਕੀ ਬਚ ਜਾਂਦਾ ਹੈ ਉਸ ਵਿੱਚ ਇੱਕ ਮਣਕਾ ਪ੍ਰੋਅ ਕੇ ਗੰਢ ਨਾਲ ਬੰਨ੍ਹਿਆਂ ਜਾਂਦਾ ਹੈ ਉਹ ਜੋ ਵੱਖਰਾ ਬੰਧੀਚਾ ਮਣਕਾ ਸਭ ਤੋਂ ਉੱਪਰ ਹੁੰਦਾ ਹੈ ਉਹਨੂੰ ਮਾਲਾ ਦਾ ਮੇਰੂ ਮਣਕਾ ਆਂਹਦੇ ਹਨ ਉਸ ਮੇਰੂ ਮਣਕੇ ਦੀ ਨਿਆਈਂ ਸੁਖਮਨੀ ਜੀ ਦੀ ਬਾਣੀ ਵੀ ਸਿਰਮੌਰ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਦੇ ਪਾਠ ਦਾ ਬਾਹਲਾ ਮਹਾਤਮ ਦੱਸਣਾ ਕੀਤਾ ਹੈ।

**ਬਾਣੀ ਰਚਨ ਦਾ ਸੰਕਲਪ :**

ਸ੍ਰੀ ਸੁਖਮਨੀ ਜੀ ਦੇ ਲਿਖਣ ਦੇ ਸੰਕਲਪ ਬਾਰੇ ਇਉਂ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਮਨ ਵਿੱਚ ਇਹ ਵਿਚਾਰ ਉਤਪਨ ਹੋਈ ਕਿ ਕਲਯੁਗ ਦਾ ਬੜਾ ਭਿਆਨਕ ਸਮਾਂ ਹੈ, ਕਲਯੁਗੀ ਜੀਵ ਵਿਸ਼ਿਆਂ ਵਿੱਚ ਖੱਚਤ ਹੋ ਕੇ ਨਾ ਤਾਂ ਸਿਮਰਨ ਕਰਦੇ ਹਨ ਤੇ ਨਾ ਹੀ ਦਾਨ। ਸੋ ਕੋਈ ਅਜਿਹਾ ਉਪਾਅ ਕਰਨਾ ਚਾਹੀਦਾ ਹੈ ਜਿਸ ਨਾਲ ਜੀਵਾਂ ਦਾ ਉਧਾਰ ਹੋਵੇ ਭਾਵ ਉਹ ਮੁਕਤਿ ਪਦ ਨੂੰ ਪ੍ਰਾਪਤ ਕਰ ਸਕਣ। ਅੰਮ੍ਰਿਤ ਵੇਲੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਇਸ਼ਨਾਨ ਆਦੀ ਕਰਨ ਉਪਰੰਤ ਹਜ਼ੂਰ ਸੁੰਦਰ ਬੇਰੀ ਦਾ ਰੁੱਖ ਦੇਖ ਉਸ ਹੇਠਾਂ ਜਾ ਬਿਰਾਜੇ। ਜਦ ਆਪਣੇ ਫੁਰਨੇ ਬਾਰੇ ਭਾਈ ਗੁਰਦਾਸ ਜੀ ਨੂੰ ਦੱਸਿਆ ਤਾਂ ਭਾਈ ਸਾਹਿਬ ਨੇ ਬੇਨਤੀ ਕੀਤੀ,"ਹੇ ਸਤਿਗੁਰੂ ਜੀ। ਆਪ ਅਜਿਹੀ ਕ੍ਰਿਪਾ ਕਰੋ ਜਿਸ ਨਾਲ ਹਰ ਇੱਕ ਦਾ ਜਨਮ ਸਫਲਾ ਹੋ ਜਾਵੇ।"

ਭਾਈ ਗੁਰਦਾਸ ਜੀ ਦੀ ਬਿਨੈ ਸਵੀਕਾਰਦਿਆਂ ਸਮੁੱਚੀ ਮਾਨਵਤਾ ਦੀ ਭਲਾਈ ਹਿਤ ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਜੀ ਦੀ ਬਾਣੀ ਆਪਣੇ ਮੁਖਾਰਬਿੰਦ ਤੋਂ ਉਚਾਰਣ ਕੀਤੀ।

**ਸ੍ਰੀ ਸੁਖਮਨੀ ਦਾ ਸਰੂਪ ਤੇ ਸਿਰਲੇਖ :**

**ਅਰੰਭਲਾ ਸਰੂਪ :**

ਬਾਣੀ ਮੁੱਢ ਸਿਰਲੇਖ, ਬਾਣੀਕਾਰ, ਸਲੋਕ, ਮੰਗਲਾਚਰਣ ਤੇ ਅਸਟਪਦੀ ਅੰਕਿਤ ਹੈ –

**ਗਉੜੀ ਸੁਖਮਨੀ ਮ: ੫॥ ਸਲੋਕੁ ॥**
In Gauri Pearl of peace
5th guru. Slok.
ਗਉੜੀ ਵਿਚ ਠੰਢ-ਚੈਨ ਦਾ ਮੋਤੀ
ਪਾਤਸ਼ਾਹੀ ਪੰਜਵੀਂ। ਸਲੋਕ।
**ੴ ਸਤਿਗੁਰ ਪ੍ਰਸਾਦਿ॥**
There is but one God.
By the True Guru's grace He is obtained.
ਵਾਹਿਗੁਰੂ ਕੇਵਲ ਇਕ ਹੈ,
ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।
(P 871)

**ਸਿਰਲੇਖ :**

ਜੋ ਵੀ ਬਾਣੀ ਰਚੀ ਜਾਂਦੀ ਹੈ ਉਸ ਅੰਦਰ ਸੰਬੰਧਤ ਬਾਣੀ ਦੇ ਨਾਮ ਦਾ ਆਉਣਾ ਜਰੂਰੀ ਹੁੰਦਾ ਹੈ ਮੁੱਢ ਵਿੱਚ, ਮੱਧ ਭਾਗ ਅੰਦਰ ਜਾਂ ਸੰਪੂਰਨਤਾ ਪੁਰ। ਇਸ ਬਾਣੀ ਦੇ ਸਿਰਲੇਖ ਸੰਬੰਧੀ ਬਾਣੀ ਦੇ ਅੰਦਰੋਂ ਜਾਣਕਾਰੀ ਇਸ ਪ੍ਰਕਾਰ ਹੈ।

(1) ਮੁੱਢ ਵਿੱਚ, ਅੰਗ ੧੫੧:
**ਗਉੜੀ ਸੁਖਮਨੀ**
In Guari Pearl of peace
ਗਉੜੀ ਵਿੱਚ ਠੰਢ-ਚੈਨ ਦਾ ਮੋਤੀ (P 871)

(2) ਰਹਾਉ ਦੀ ਪਹਿਲੀ ਤੁਕ, ਅੰਗ ੨੬੨ :
**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
In the Sukmani, is the joy
raining nectarean Name of the Lord.
ਇਸ ਸੁਖਮਨੀ ਵਿਚ ਖੁਸ਼ੀ ਬਰਸਾਉਣ ਵਾਲਾ ਸੁਆਮੀ ਦਾ ਸੁਧਾ-ਸਰੂਪ ਨਾਮ ਹੈ। (P 872)

(3) ਅੰਤਲੀ ਅਸਟਪਦੀ, ਪਦਾ ਪੰਜਵਾਂ,
ਤੁਕ ਤੀਜੀ, ਅੰਗ ੨੯੫ :
**ਸੁਖਮਨੀ ਸਹਜ ਗੋਬਿੰਦ ਗੁਨ ਨਾਮ॥**
In the Sukhmani are peace,
Lord's praise and Name.
ਸੁਖਮਨੀ ਵਿੱਚ ਆਰਾਮ ਚੈਨ, ਸੁਆਮੀ ਦਾ ਜੱਸ
ਅਤੇ ਨਾਮ ਹੈ। (P 986)

(4) ਬਾਣੀ ਦੀ ਆਖਰੀ ਤੁਕ, ਅੰਗ ੨੯੬ :
**ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**
Because of these virtues, O Nanak, this
is called the Hymn of Peace.

ਇਨ੍ਹਾਂ ਨੇਕੀਆਂ ਦੇ ਸਬੱਬ ਹੇ ਨਾਨਕ। ਇਹ ਆਰਾਮ ਚੈਨ ਦੇਣ ਵਾਲੀ ਬਾਣੀ ਆਖੀ ਜਾਂਦੀ ਹੈ।

(P 989)[1]

ਇਹ ਉਚਾਰ ਕੇ ਬਾਣੀਕਾਰ ਗੁਰੂ ਜੀ ਨੇ ਇਸ ਨਾਮ ਨੂੰ ਪੱਕਿਆਂ ਕਰ ਦਿੱਤਾ ਹੈ ਇਸ ਦੇ ਅਗੇਤਰ 'ਸ੍ਰੀ' ਤੇ ਪਿਛੇਤਰ 'ਸਾਹਿਬ' ਜਾਂ 'ਜੀ' ਆਦਰਵਾਚੀ ਪਦ ਲਾਇਆ ਜਾਂਦਾ ਹੈ।

**ਸਲੋਕ :**

ਗੁਰੂ ਕੀ ਬਾਣੀ ਅੰਦਰ ਸਲੋਕ ਛੰਦ ਕਈ ਕਿਸਮਾਂ ਦੇ ਹਨ ਇਹ ਨਿੱਕੇ ਤੇ ਵੱਡੇ ਬਾਣੀ ਦੇ ਅੰਦਰ ਅੰਕਿਤ ਹਨ ਸੁਖਮਨੀ ਜੀ ਵਿਖੇ ਦਿੱਤੇ ਗਏ ਇਨ੍ਹਾਂ ਸਲੋਕਾਂ ਦਾ ਆਕਾਰ ਛੋਟਾ ਹੈ। ਜਿਸ ਵਿੱਚ ਭਾਵ ਨੂੰ ਸੰਖੇਪ ਕਰਕੇ ਦੱਸਿਆ ਹੁੰਦਾ ਹੈ, ਇਹ 'ਦੋਹਰੇ' ਜਿਹਾ ਹੀ ਹੁੰਦਾ ਹੈ ਅਤੇ 'ਦੋਹੇ' ਵਾਕਰ ਹੀ ਇਸ ਦੀਆਂ ਦੋ ਤੁਕਾਂ ਹੁੰਦੀਆਂ ਹਨ ਤੇ ਕਈ ਵਾਰ ਦੋ ਤੋਂ ਵੱਧ ਸਤਰਾਂ ਵੀ ਹੁੰਦੀਆਂ ਹਨ। ਜਿੰਨ੍ਹਾ ਸਲੋਕਾਂ ਦੀਆਂ ਇਸ ਰਚਨਾ ਵਿੱਚ ਦੋ ਤੋਂ ਵਧੀਕ ਪੰਗਤੀਆਂ ਹਨ ਉਹਨਾਂ ਬਾਰੇ ਥੱਲੇ ਦਿੱਤਾ ਜਾ ਰਿਹਾ ਹੈ:-

(1) **ਤਿੰਨ ਪੰਗਤੀਆਂ ਵਾਲਾ ਸਲੋਕ :**
ਅੱਠਵੀਂ ਅਸਟਪਦੀ ਦੇ ਆਰੰਭ ਦਾ ਸਲੋਕ ਜਿਸ ਦੇ ਪਹਿਲੇ ਦੋ ਚਰਣ ਲਘੂ ਅਤੇ ਅਗਲਾ ਅਖੀਰਲਾ ਚਰਣ ਦੀਰਘ ਹੈ।

(2) **ਚਹੁੰ ਤੁਕਾਂ ਵਾਲੇ ਸਲੋਕ :**
ਅਸਟਪਦੀ ਪਹਿਲੀ, ਸੱਤਵੀਂ ਤੇ ਨੌਵੀਂ ਦੇ ਸਲੋਕਾਂ ਦੇ ਚਾਰ ਚਾਰ ਚਰਣ ਹਨ।

**ਜ਼ਰੂਰੀ ਜਾਣਕਾਰੀ :**

ਬਾਕੀ ਦੀਆਂ ਵੀਹ ਅਸਟਪਦੀਆਂ ਦੇ ਸਾਰੇ ਸਲੋਕ ਦੋ-ਦੋ ਚਰਣ ਦੇ ਹਨ।

ਗੁਰੂ ਅਰਜਨ ਸਾਹਿਬ ਦੁਆਰਾ ਰਚਿਤ ਇਸ ਬਾਣੀ ਵਿੱਚ ਹਰੇਕ ਅਸਟਪਦੀ ਤੋਂ ਮਗਰੋਂ ਸਲੋਕ ਆਉਂਦਾ ਹੈ ਅਤੇ ਹਰ ਸਲੋਕ ਅਸਟਪਦੀ ਦਾ ਭਾਵ ਜਾਂ ਸਾਰ-ਅੰਸ਼ ਹੁੰਦਾ ਹੈ ਜਿਵੇਂ:-

**ਸਲੋਕੁ ॥**
**ਤਜਹੁ ਸਿਆਨਪ ਸੁਰਿ ਜਨਹੁ**
**ਸਿਮਰਹੁ ਹਰਿ ਹਰਿ ਰਾਇ॥**
**ਏਕ ਆਸ ਹਰਿ ਮਨਿ ਰਖਹੁ**
**ਨਾਨਕ ਦੂਖੁ ਭਰਮੁ ਭਉ ਜਾਇ॥੧॥**

**(ਸਲੋਕ ਚੌਹਦਵਾਂ, ਅੰਗ ੨੮੧)**

ਇਸ ਸਲੋਕ ਦਾ ਭਾਵ ਹੈ ਕਿ ਜੀਵ ਨੂੰ ਨਾ ਤਾਂ ਆਪਣੀ ਸਿਆਣਪ ਚਤੁਰਾਈ ਉੱਪਰ ਅਤੇ ਨਾ ਹੀ ਹੋਰਨਾਂ ਦੇ ਆਸਰੇ ਰਹਿਣਾ ਚਾਹੀਦਾ ਹੈ, ਸਗੋਂ ਕੇਵਲ ਪਰਮਾਤਮਾ ਉੱਪਰ ਹੀ ਭਰੋਸਾ ਰੱਖਣਾ ਚਾਹੀਦਾ ਹੈ ਤਾਂ ਹੀ ਸਾਰੇ ਦੁੱਖਾਂ ਤੇ ਭਰਮਾਂ ਦਾ ਨਾਸ਼ ਹੋ ਸਕਦਾ ਹੈ।

ਅੱਗੇ ਅਸਟਪਦੀ ਵਿੱਚ ਵੀ ਏਹੋ ਉਪਦੇਸ਼ ਵਿਸਥਾਰ ਨਾਲ ਦਿੱਤਾ ਗਿਆ ਹੈ ਅਸਟਪਦੀ ਦੀਆਂ ਮੁੱਢਲੀਆਂ ਪੰਗਤੀਆਂ ਤੋਂ ਹੀ ਸਾਰਾ ਕੁਝ ਸਪਸ਼ਟ ਹੋ ਜਾਂਦਾ ਹੈ ਜਿਹਾ ਕਿ :-

**ਅਸਟਪਦੀ ॥**
**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥**
**ਦੇਵਨ ਕਉ ਏਕੈ ਭਗਵਾਨੁ॥**

**(ਅੰਗ ੨੮੧)**

ਇਸ ਬਾਣੀ ਦੇ ਅੰਦਰ ਆਏ ਤਕਰੀਬਨ ਸਾਰੇ ਸਲੋਕਾਂ ਦੀਆਂ ੧੩+੧੧ = ੨੪ ਮਾਤਰਾ ਹਨ ਪਰ ਸਭੇ ਸਲੋਕ ਇੱਕੋ ਵਜਨ ਦੇ ਨਹੀਂ ਹਨ ਜਿਵੇਂ ਕਿ :-

**ਸਲੋਕੁ॥**
**ਆਦਿ ਸਚੁ ਜੁਗਾਦਿ ਸਚੁ॥**
**ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥**

**(ਸਲੋਕ ਸਤਾਰ੍ਹਵਾਂ, ਅੰਗ ੨੮੫)**

**ਅਸਟਪਦੀ :**

ਅਸਟਪਦੀ ਤੋਂ ਭਾਵ ਅੱਠਾਂ ਪਦਾਂ ਦਾ ਇਕੱਠ। ਪਦ ਤੁਕ ਨੂੰ ਵੀ ਆਂਹਦੇ ਹਨ ਤੇ ਸਮੁੱਚੇ ਛੰਦ ਨੂੰ ਵੀ ਆਖਿਆ ਜਾਂਦਾ ਹੈ ਇਸ ਲਈ ਅਸਟਪਦੀ ਤੋਂ ਭਾਵ ਇੱਕ ਤਾਂ ਅੱਠਾਂ ਤੁਕਾਂ ਵਾਲਾ ਸ਼ਬਦ ਹੈ ਅਤੇ ਦੂਜਾ ਅੱਠ ਸ਼ਬਦਾਂ ਵਾਲੀ ਕਵਿਤਾ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਇੱਕੋ ਪ੍ਰਬੰਧ (ਉਹ ਕਾਵਿ ਰਚਨਾ ਜੀਹਦੇ ਪ੍ਰਸੰਗਾਂ ਦਾ ਸਿਲਸਿਲਾ ਉੱਤਮ ਰੀਤ ਨਾਲ ਕਥਨ ਕੀਤਾ ਗਿਆ ਹੋਵੇ) ਵਿੱਚ ਲਿਖੇ ਅੱਠਾਂ ਛੰਦਾਂ ਦੇ ਇੱਕਠ ਨੂੰ ਅਸਟਪਦੀ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿੱਚ ਕਵਿਤਾ ਵਿਚਲੇ ਵਿਚਾਰ ਨੂੰ ਅੱਠਾਂ ਪਉੜੀਆਂ ਵਿੱਚ ਦੱਸਿਆ ਗਿਆ ਹੋਵੇ ਉਹ ਅਸਟਪਦੀ ਹੁੰਦੀ ਹੈ, ਅਸਟਪਦੀਆਂ ਵਿੱਚ ਕਿਸੇ ਤਰ੍ਹਾਂ ਦਾ ਛੰਦ ਵਰਤਿਆ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਸੁਖਮਨੀ ਬਾਣੀ ਦੀਆਂ ੨੪ ਅਸਟਪਦੀਆਂ ਹਨ ਅਤੇ ਹਰੇਕ ਅਸਟਪਦੀ ਵਿੱਚ ੮ ਪਦੇ ਅਰ ਹਰ ਇੱਕ ਬੰਦ ਦੀਆਂ ਦਸ-ਦਸ ਸਤਰਾਂ ਹਨ ਅਤੇ ਮੁੱਢਲੀ ਅਸਟਪਦੀ ਦੇ ਮੁੱਢਲੇ ਤੇ ਦੂਜੇ ਪਦੇ ਦੇ ਗੱਭੇ ਦੋ ਤੁਕਾਂ ਰਹਾਉ ਦੀਆਂ ਹਨ। ਅਸਟਪਦੀਆਂ ਵਿੱਚ ਚੌਪਈ ਛੰਦ ਦੀ ਵਰਤੋਂ ਹੈ। ਜਿਸ ਤਰ੍ਹਾਂ ਸਿਧ ਗੋਸਟਿ ਬਾਣੀ ਵਿੱਚ ਰਹਾਉ ਵਾਲੀਆਂ ਤੁਕਾਂ ਵਿੱਚ ਬਾਣੀ ਦਾ ਕੇਂਦਰੀ ਭਾਵ ਨਜ਼ਰੀਂ ਆਉਂਦਾ ਹੈ :-

**ਕਿਆ ਭਵੀਐ ਸਚਿ ਸੂਚਾ ਹੋਇ॥**
**ਸਾਚ ਸਬਦ ਬਿਨੁ ਮੁਕਤਿ ਨ ਕੋਇ ॥ ੧ ॥ ਰਹਾਉ ॥**

**(ਰਾਮਕਲੀ ਮਹਲਾ ੧, ਸਿਧ ਗੋਸਟਿ, ਅੰਗ ੯੩੮)**

ਏਸੇ ਤਰ੍ਹਾਂ ਸੁਖਮਨੀ ਸਾਹਿਬ ਵਿੱਚ ਵੀ :-

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

(ਅੰਗ ੨੬੨)

ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਪੰਗਤੀਆਂ ਦਾ ਭਾਵ ਹੈ ਕਿ ਸਾਰੇ ਸੁਖਾਂ ਦਾ ਸਮੂਹ ਪ੍ਰਭੂ ਦਾ ਅੰਮ੍ਰਿਤ ਨਾਮ ਹੈ, ਸਾਰੀ ਬਾਣੀ ਇਸ ਭਾਵ ਦੇ ਉਦਾਲੇ ਹੀ ਨਾਮ ਦਾ ਪ੍ਰਕਾਸ਼ ਕਰਦੀ ਹੈ।

**ਅੰਕ-ਨਿਯਮ :**

ਇਸ ਪਾਵਨ ਬਾਣੀ ਅੰਦਰ ਅੰਕ-ਨਿਯਮ ਇਸ ਪ੍ਰਕਾਰ ਹੈ ਆਰੰਭ ਵਿੱਚ ਸਲੋਕ ਦੇ ਅੰਤ॥੧॥ ਬਾਅਦ ਵਿੱਚ ਅਸਟਪਦੀ ਪ੍ਰਾਰੰਭ ਹੁੰਦੀ ਹੈ ਹਰ ਇੱਕ ਅਸਟਪਦੀ ਦੀਆਂ ਅੱਠ ਪਉੜੀਆਂ ਹਨ ਜਿਸ ਵਿੱਚ ਦਸ ਤੁਕਾਂ ਦਿੱਤੀਆਂ ਗਈਆਂ ਹਨ। ਇੱਕ ਬੰਦ ਪੂਰਾ ਹੋਣ ’ਤੇ ਅੰਕ॥੧॥ ਫਿਰ ॥੨॥ ਆਦਿਕ ਅਤੇ ਅੰਕ ॥੮॥ ਅੱਠਵੇਂ ਪਦੇ ਦੇ ਨਾਲ ਅਸਟਪਦੀ ਦਾ ਕ੍ਰਮ ॥੮॥੧॥ ਆਦਿਕ ਦਿੱਤਾ ਗਿਆ ਹੈ ਜਿਸ ਤੋਂ ਭਾਵ ਹੈ ਅੱਠ ਬੰਦਾਂ ਵਾਲੀ ਪਹਿਲੀ ਅਸਟਪਦੀ ਸੰਪੂਰਨ ਹੋਈ ਹੈ, ਅਖੀਰ॥੮॥੨੪॥ ਦਿੱਤਾ ਗਿਆ ਹੈ ਜਿਸਦਾ ਮਤਲਬ ਹੈ ਸੁਖਮਨੀ ਬਾਣੀ ਦੀ ਚੌਵੀਵੀਂ ਅਸਟਪਦੀ ਪੂਰੀ ਹੋਈ ਹੈ।

**ਜ਼ਰੂਰੀ ਵਿਚਾਰ :**

ਕਈ ਪਾਠਕ ਅਸਟਪਦੀ ਦੇ ਅਖੀਰ ਦਿੱਤੇ ਅੰਕ ॥੮॥੧॥ ਆਦਿਕ “ਅੱਠ ਇੱਕ” ਅੱਖਰਾਂ ਵਿੱਚ ਲਿਖਦੇ ਤੇ ਪੜ੍ਹਦੇ ਹਨ ਪਰ ਇਸ ਦੀ ਲੋੜ ਨਹੀਂ ਕਿਉਂਕਿ ਡੰਡੀਆਂ (॥) ਅੰਦਰ ਦਿੱਤੇ ਅੰਕ (ਹਿੰਦਸੇ) ਅੱਖਰਾਂ ਵਿੱਚ ਲਿਖੇ ਤੇ ਪੜ੍ਹੇ ਨਹੀਂ ਜਾਂਦੇ।

**ਅਕਾਰ ਤੇ ਬਣਤਰ :**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਸਾਰੀਆਂ ਬਾਣੀਆਂ ਨਾਲੋਂ ਇਹ ਵੱਡੀ ਬਾਣੀ ਹੈ ਜਿਸ ਦੇ ਚਵ੍ਹੀ ਸਲੋਕ ਤੇ ਚਵ੍ਹੀ ਹੀ ਅਸਟਪਦੀਆਂ ਹਨ ਜੋ ਕਰਤਾਰਪੁਰੀ ਬੀੜ ਦੇ ਪੱਤਰਾ ਕ੍ਰਮ ੨੨੮/੨ ਤੋਂ ਲੈ ਕੇ ੨੪੫/੧ ਤੱਕ ਤੇ ਦਮਦਮੀ ਬੀੜ ਦੇ ਪਾਵਨ ਸਰੂਪਾਂ ਦੇ ਅੰਗ ੨੬੨ ਤੋਂ ੨੯੬ ਤੱਕ ਇਹ ਬਾਣੀ ਅੰਕਿਤ ਹੈ।

**ਕਰਤਾਰਪੁਰੀ ਤੇ ਦਮਦਮੀ ਬੀੜ ਬਾਰੇ :**

ਜਿਹੜੀ ਪਵਿੱਤਰ ਬੀੜ ਪੰਜਵੇਂ ਪਾਤਸ਼ਾਹ ਜੀ ਨੇ ਰਾਮਸਰ ਸਰੋਵਰ ਦੇ ਪੱਛਮੀ ਕਿਨਾਰੇ ਤੇ ਸਜ ਕੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ ਤੇ ਭਾਦਰੋਂ ਸੁਦੀ ਏਕਮ (ਭਾਦਰੋਂ ਮਹੀਨੇ ਦੀ ਮੱਸਿਆ ਤੋਂ ਅਗਲੇਰੇ ਦਿਨ) ਸੰਮਤ ੧੬੬੧ ਬਿਕਰਮੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਵਾਈ ਉਸਨੂੰ ਪਹਿਲੋਂ ਪਹਿਲ “ਪੋਥੀ ਸਾਹਿਬ” ਕਿਹਾ ਜਾਂਦਾ ਰਿਹਾ। ਬਾਅਦ ਵਿੱਚ ਉਸਨੂੰ ਬਾਬੇ ਧੀਰ ਮੱਲ (ਛੇਵੇਂ ਪਾਤਸ਼ਾਹ ਜੀ ਦੇ ਜੇਠੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਭਰਾਤਾ) ਨੇ ਕਰਤਾਰਪੁਰ ਲਿਜਾਣਾ ਕੀਤਾ ਤੇ ਹੁਣ ਤੱਕ ਉਹ ਪਾਵਨ ਬੀੜ ਉਥੇ ਹੀ ਸੁਸ਼ੋਭਿਤ ਹੈ ਤੇ ਅੱਜ ਕੱਲ੍ਹ ਇਹ ਕਰਤਾਰਪੁਰੀ ਬੀੜ ਸੱਦੀਦੀਂ ਹੈ। ਇਹਦੇ ਅੰਦਰ ਪੰਜਾਂ ਗੁਰੂ ਸਾਹਿਬਾਂ, ਭਗਤਾਂ, ਭੱਟਾਂ ਤੇ ਸਿੱਖਾਂ ਦੀ ਰਚਨਾ ਦਰਜ ਹੈ।

ਕਲਗੀਧਰ ਪਿਤਾ ਜੀ ਨੇ ਜਦੋਂ ਜੰਗਾਂ ਯੁੱਧਾਂ ਤੋਂ ਵੇਹਲਿਆਂ ਹੋ ਕੇ ਤਲਵੰਡੀ ਸਾਬੋ ਜਿਲ੍ਹਾ ਬਠਿੰਡਾ ਵਿਖੇ ਆਪਣਾ ਕਮਰਕਸਾ ਖੋਲ੍ਹ ਕੇ ਦਮ ਲਿਆ ਤਾਂ ਓਥੇ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਆਪਣੇ ਕੰਠੋਂ ਸਾਰੀ ਧੁਰ ਕੀ ਬਾਣੀ ਉਚਾਰ ਕੇ ਪਵਿੱਤਰ ਬੀੜ ਤਿਆਰ ਕਰਵਾਈ ਜਿਸ ਵਿੱਚ ਰਹਿਰਾਸ ਬਾਣੀ ਦੇ ‘ਸੋ ਪੁਰਖੁ’ ਵਾਲੇ ਧੁਰੇ ਦੇ ਚਾਰ ਸ਼ਬਦ ਅਤੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਸ਼ਬਦ ਤੇ ਸਲੋਕ ਵੀ ਦਰਜ ਕਰਵਾਏ ਉਸਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ।

**ਜ਼ਰੂਰੀ ਵਿਚਾਰ :**

ਕਰਤਾਰਪੁਰੀ ਬੀੜ ਕਿਤਾਬੀ ਸ਼ਕਲ ਦੀ ਹੈ ਤੇ ਪੁਰਾਤਨ ਸਮਿਆਂ ਵਿੱਚ ਹਰੇਕ ਪੱਤਰੇ ਦੇ ਦੂਜੇ ਪੰਨੇ ਪਰ ਅੰਗ ਲਿਖਿਆ ਗਿਆ ਹੈ ਪਹਿਲੇ ਪੰਨੇ ਤੇ ਦੂਜੇ ਪੰਨੇ ਨੂੰ ਮਿਲਾ ਕੇ ਇੱਕ ਪੱਤਰਾ ਮੰਨਿਆਂ ਜਾਂਦਾ ਹੈ ਹਰੇਕ ਪੱਤਰੇ ਨੂੰ ੧ ਅਤੇ ੨ ਕਰਕੇ ਗਿਣਿਆ ਜਾਂਦਾ ਹੈ ਤਤਕਰੇ ਤੋਂ ਲੈ ਕੇ ਸਾਰੇ ਪੱਤਰੇ ੯੭੫ (੧੯੫੦ ਅੰਗ) ਹਨ ਤੇ ਅੱਜ ਕੱਲ੍ਹ ਜੋ ਦਮਦਮੀ ਸਰੂਪ ਹਨ ਇਹਨਾਂ ਦੇ ਅੰਗ ੧੪੩੦ (੭੧੫ ਪੱਤਰੇ) ਹੁੰਦੇ ਹਨ ਤੇ ਤਤਕਰੇ ਦਾ ਵੇਰਵਾ ਇਸ ਤੋਂ ਬਾਹਰਾ ਹੁੰਦਾ ਹੈ।

**ਬੋਲੀ :**

ਇਸ ਪਾਵਨ ਗੁਰਬਾਣੀ ਅੰਦਰ ਵਰਤੀ ਬੋਲੀ ਸਰਲ ਅਤੇ ਠੇਠ ਪੰਜਾਬੀ ਹੈ, ਜਿਸਦਾ ਬਹੁਤ ਸੁੰਦਰ ਸਰੂਪ ਜੋ ਬਾਣੀ ਦਾ ਪਾਠ ਕਰਨ ਵਾਲੇ ਦੇ ਧੁਰ ਅੰਦਰ ਬੜੇ ਸਹਿਜੇ ਹੀ ਵੇਗ ਨਾਲ ਉੱਤਰ ਜਾਂਦਾ ਹੈ, ਇਹੀ ਕਾਰਨ ਹੈ ਕਿ ਚਾਹੇ ਕੋਈ ਕਿਤੇ ਵੀ ਰਹਿੰਦਾ ਹੋਵੇ ਉਸਨੂੰ ਸੁਖਮਨੀ ਜੀ ਦਾ ਪਾਠ ਕਰਦਿਆਂ ਕੋਈ ਔਖਿਆਈ ਨਹੀਂ ਹੁੰਦੀ।

ਸ਼ੈਲੀ:- ਸ਼ੈਲੀ ਦਾ ਭਾਵ ਹੈ ਕਿ ਕਾਵਿ ਰਚਨਾ ਵਿੱਚ ਵਰਤੇ ਜਾਣ ਵਾਲੇ ਢੰਗ (Style) ਅਤੇ ਨਿਯਮ (Rule) ਜਿਨ੍ਹਾਂ ਨੂੰ ਬਾਣੀਕਾਰ ਗੁਰੂ ਜੀ ਨੇ ਚੰਗੀ ਤਰ੍ਹਾਂ ਨਿਭਾਇਆ ਹੈ ਇਸੇ ਕਰਕੇ ਇਸ ਰਚਨਾ ਵਿੱਚ ਕਾਵਿ-ਛੰਦਾਂ ਦਾ ਤੋਲ ਅਤੇ ਤੁਕਾਂਤ ਇਕਸਾਰ ਹੋਣ ਕਾਰਣ ਭਾਵਕਤਾ ਤੇ ਇਕਸੁਰਤਾ ਕਾਇਮ ਹੈ।

**ਦ੍ਰਿਸ਼ਟਾਂਤ ਅਲੰਕਾਰ :**

ਇੱਕ ਅਰਥਾ ਅਲੰਕਾਰ ਜੋ ਕਿਸੇ ਚੀਜ ਅਥਵਾ ਗਾਥਾ ਦੀ ਪੂਰੀ ਜਾਣਕਾਰੀ ਦੇਣ ਵਾਲੀ ਕਿਸੇ ਬਰਾਬਰ ਧਰਮ ਵਾਲੀ ਸ਼ੈ ਦਾ ਕਥਨ ਅਥਵਾ ਮਹਿਮਾ ਦੀ ਪ੍ਰਤਿਬਿੰਬ ਰੂਪ ਉਦਾਹਰਣ ਦਾ ਵਰਣਨ ਦ੍ਰਿਸ਼ਟਾਂਤ ਅਲੰਕਾਰ ਅਖਵਾਉਂਦਾ ਹੈ। ਰਚੇਤਾ ਸਤਿਗੁਰੂ ਜੀ ਦੇ ਵੀ ਨਿਯਮਾਂ ਅਨੁਸਾਰ ਇਸ ਰਚਨਾ ਅੰਦਰ ਐਸੇ ਦ੍ਰਿਸ਼ਟਾਂਤ ਅਲੰਕਾਰ, ਬਿੰਬ ਆਦਿਕ ਆਮ ਜੀਵਨ ਨਾਲ ਸੰਬੰਧਤ ਹਨ। ਕਿਸੇ ਇੱਕ ਗੱਲ ਦਾ ਪੂਰਾ ਗਿਆਨ ਕਰਾਉਣ ਲਈ ਉਹੋ ਜਿਹੀ ਕਿਸੇ ਬਾਤ ਦੀ ਮਿਸ਼ਾਲ ਦੇ ਕੇ ਦ੍ਰਿਸ਼ਟਾਂਤ ਅਲੰਕਾਰ ਰਾਹੀਂ ਕਈ ਥਾਵਾਂ ’ਤੇ ਸਮਝਾਇਆ ਹੈ ਜਿਵੇਂ ਕਿ -

**ਜਿਉ ਜਲ ਮਹਿ ਜਲੁ ਆਇ ਖਟਾਨਾ॥**

**ਤਿਉ ਜੋਤੀ ਸੰਗਿ ਜੋਤਿ ਸਮਾਨਾ॥**

**(ਅੰਗ ੨੭੮)**

## ਰਚਨ ਸਥਾਨ :

ਜਿੱਥੇ ਇਹ ਪਾਵਨ ਪਵਿੱਤਰ ਬਾਣੀ ਰਚੀ ਗਈ ਉਸ ਅਸਥਾਨ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਹੈ, ਜਦੋਂ ਇਸ ਬਾਣੀ ਦਾ ਉਚਾਰਨ ਕੀਤਾ ਗਿਆ ਸੀ ਓਦੋਂ ਇਹ ਜਗ੍ਹਾ ਨਗਰ ਦੇ ਚੜ੍ਹਦੇ ਵੰਨੇ ਅਬਾਦੀ ਤੋਂ ਕਾਫੀ ਦੂਰ ਸੀ। ਜਿੱਥੇ ਅਨੇਕ ਤਰ੍ਹਾਂ ਦੇ ਦਰਖੱਤ ਸਨ ਤੇ ਬੜੀ ਇਕਾਂਤ ਤੇ ਰਮਨੀਕ ਥਾਂ ਵੇਖ ਕੇ ਇੱਕ ਬੇਰੀ ਦੇ ਰੁੱਖ ਹੇਠਾਂ ਬੈਠ ਕੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸੁਖਮਨੀ ਸਾਹਿਬ ਦੀ ਪਾਵਨ ਬਾਣੀ ਦਾ ਉਚਾਰਨ ਕੀਤਾ। ਬਾਅਦ ਵਿੱਚ ਪੰਚਮ ਪਾਤਸ਼ਾਹ ਜੀ ਨੇ ਜਦੋਂ ਧੁਰ ਕੀ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾਉਣੀ ਆਰੰਭੀ ਤਾਂ ਉਸ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣੀ ਹੱਥੀਂ ਗਾਰ ਕੱਢ ਕੇ ਰਾਮਸਰ ਸਰੋਵਰ ਦੀ ਰਚਨਾ ਕੀਤੀ ਤੇ ਉਸ ਤਾਲ ਦੇ ਪੱਛਮੀ ਕੰਢੇ ਤੰਬੂ ਲਾ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਈ, ਸਾਰੀ ਬਾਣੀ ਦੀ ਸੰਪਾਦਨਾ ਸੰਪੂਰਣ ਹੋਣ ਪੁਰ ਉਸ ਬੀੜ ਦਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ, ਜਿਸ ਜਗ੍ਹਾ ਪਰ ਬੇਰੀ ਦੇ ਬੂਟੇ ਥੱਲੇ ਹਜ਼ੂਰ ਨੇ ਸੁਖਮਨੀ ਸਾਹਿਬ ਉਚਾਰੀ ਸੀ ਉਹ ਥਾਂ ਹੁਣ ਰਾਮਸਰ ਤਾਲ ਦੀ (ਈਸਾਨ ਦਿਸ) ਪੂਰਬ ਤੇ ਉੱਤਰ ਦੀ ਗੁੱਠੇ ਸੁਭਾਇਮਾਨ ਹੈ।

ਇਸ ਬਾਣੀ ਦੇ ਰਚਨ-ਅਸਥਾਨ ਬਾਰੇ ਦੋ ਵੱਖ ਵੱਖ ਰਾਵਾਂ ਹਨ :-

(1) ਇੱਕ ਰਾਏ ਅਨੁਸਾਰ ਪੰਚਮ ਪਾਤਸ਼ਾਹ ਜੀ ਨੇ ਸਾਰੀ ਬਾਣੀ ਇਸੇ ਅਸਥਾਨ ਪਰ ਹੀ ਸੰਪੂਰਨ ਕੀਤੀ –

ਸੁਖਮਨੀ ਸਾਹਿਬ ਦੇ ਰਚਨ ਅਸਥਾਨ ਸਬੰਧੀ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਕਾਵਿ ਰਚਨਾ ਅੰਦਰ ਇਸ ਪ੍ਰਕਾਰ ਹੈ :

ਦੋਹਰਾ॥

ਰਾਮਤਾਲ ਈਸਾਨ ਦਿਸ਼ ਬੈਠੇ ਗੁਰੂ ਕ੍ਰਿਪਾਲ।

ਰਚਨਿ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ॥੧॥[2]

(2) ਦੂਜੀ ਰਾਏ ਮੁਤਾਬਿਕ ਪੰਜਮੇਂ ਸਤਿਗੁਰੂ ਜੀ ਧਰਮ ਪ੍ਰਚਾਰ ਕਰਦੇ ਹੋਏ ਜਦੋਂ ਪਠਾਨਕੋਟ ਲਾਗੇ ਬਾਰਠ (ਅੱਜ ਕੱਲ੍ਹ ਨਾਂ ਬਾਹਠ ਸਾਹਿਬ) ਪਿੰਡ ਵਿੱਚ ਉਸ ਅਸਥਾਨ ਪਰ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਪੁੱਤਰ ਬਾਬਾ ਸ੍ਰੀ ਚੰਦ ਜੀ ਬੜੇ ਲੰਬੇ ਅਰਸੇ ਤੋਂ ਬਹੁਤ ਭਾਰੀ ਤਪੱਸਿਆ ਕਰ ਰਹੇ ਸਨ ਜਾ ਅੱਪੜੇ। ਉਸ ਵੇਲੇ ਤੱਕ ਸੁਖਮਨੀ ਸਾਹਿਬ ਦੀਆਂ ਸੋਲ੍ਹਾਂ ਅਸਟਪਦੀਆਂ ਰਚੀਆਂ ਜਾ ਚੁੱਕੀਆਂ ਸਨ, ਜਿੰਨ੍ਹਾਂ ਨੂੰ ਸੁਣ ਕੇ ਬਾਬਾ ਜੀ ਡਾਹਢੇ ਪ੍ਰਸੰਨ ਹੋਏ ਤੇ ਅੱਠ ਅਸਟਪਦੀਆਂ ਹੋਰ ਲਿਖਣ ਲਈ ਕਿਹਾ, ਕਿਉਂਕਿ ਇਨਸਾਨ ਨੂੰ ਅੱਠਾਂ ਪਹਿਰਾਂ ਵਿੱਚ 24 ਹਜ਼ਾਰ 6 ਸੌ ਸੁਆਸ ਆਉਂਦਾ ਹੈ, ਸੋ ਜੋ ਕੋਈ ਇਹ 24 ਅਸ਼ਟਪਦੀਆਂ ਪੜ੍ਹੇਗਾ, ਉਸਦਾ ਸੁਆਸ ਸੁਆਸ ਸਫਲਾ ਹੋਵੇਗਾ, ਗੁਰੂ ਜੀ ਨੇ ਬਾਬਾ ਜੀ ਨੂੰ ਹੀ ਪੂਰੀਆਂ ਕਰਨ ਵਾਸਤੇ ਕਿਹਾ । ਤਾਂ ਬਾਬਾ ਸ੍ਰੀ ਚੰਦ ਜੀ ਨੇ:-

**ਸਲੋਕੁ ॥**

**ਆਦਿ ਸਚੁ ਜੁਗਾਦਿ ਸਚੁ॥**

**ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥**

ਉਪਰੋਕਤ ਸਲੋਕ ਉਚਾਰ ਕੇ ਬੱਸ ਕਰ ਦਿੱਤੀ ਬਰਾਬਰੀ ਨਾ ਕਰਨ ਜਾਂ ਪਛਾਣ ਵਾਸਤੇ ਸਿਰਫ 'ਭਿ' ਸਿਹਾਰੀ ਦਾ ਫਰਕ ਰੱਖਿਆ। ਫੇਰ ਗੁਰੂ ਜੀ ਨੇ ਓਥੇ ਅੱਠ ਅਸਟਪਦੀਆਂ ਰਚ ਕੇ ਬਾਬਾ ਜੀ ਨੂੰ ਸੁਣਾਈਆਂ। ਬਾਬਾ ਸ੍ਰੀ ਚੰਦ ਜੀ ਬੜੇ ਹੀ ਪ੍ਰਸੰਨ ਹੋਏ ਤੇ ਬਚਨ ਕੀਤਾ :-

ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਾ ਰਹੇਗਾ ਤੇ ਤੁਹਾਡੀ ਬਾਣੀ ਦੁਨੀਆਂ ਵਿੱਚ ਦਿਨ ਬਦਿਨ ਦੂਣਾ ਚੌਣਾ ਮਾਨ ਪਾਏਗੀ ਅਤੇ ਕਲਯਾਨਦਾਇਕ ਹੋਵੇਗੀ।[3]

## ਜ਼ਰੂਰੀ ਵਿਚਾਰ :

ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਜੀ ਦਾ ਉਚਾਰਨ ਮੰਜੀ ਸਾਹਿਬ ਰਾਮਸਰ ਤਲਾਬ ਦੇ ਕਿਨਾਰੇ ਕੀਤਾ ਬਹੁਸੰਮਤੀ ਇਸ ਵਿਚਾਰ ਨਾਲ ਸਹਿਮਤ ਹੈ। ਬਾਹਠ ਸਾਹਿਬ ਵਿਖੇ ਰਹਿੰਦੀ ਬਾਣੀ ਦਾ ਪੂਰਿਆਂ ਕਰਨਾ ਇਹ ਵਿਚਾਰ ਜਮਾਂ ਹੀ ਨਿਰਮੂਲ ਹੈ।

## ਰਚਨ ਕਾਲ :

ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਰਚਨਾ ਪੂਰਬਲੇ ਗੁਰੂ ਸਾਹਿਬਾਨ, ਭਗਤ ਜਨ ਅਤੇ ਬਾਬੇ ਮੋਹਣ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਅਤੇ ਸਤਿਗੁਰੂ ਜੀ ਦੇ ਮਾਮਾ ਜੀ) ਤੋਂ ਪ੍ਰਾਪਤ ਉਹ ਸਾਰੀ ਗੁਰਬਾਣੀ ਇੱਕਤਰ ਕਰਕੇ ਰਾਮਸਰ ਤਾਲ ਦੇ ਕਿਨਾਰੇ ਬੈਠ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਉਣੀ ਅਰੰਭ ਕੀਤੀ ਜਿਸ ਵਿਚ ਆਪਣੀ, ਭੱਟਾਂ, ਭਗਤਾਂ ਤੇ ਸਿੱਖਾਂ ਦੀ ਬਾਣੀ ਵੀ ਸ਼ਾਮਲ ਕੀਤੀ ਦਾ ਸੰਪਾਦਨਾ ਕਾਲ ੧੬੬੦-੬੧ ਬਿਕ੍ਰਮੀ ਮੁਤਾਬਿਕ ੧੬੦੩-੦੪ ਈਸਵੀ ਮੰਨਿਆਂ ਜਾਂਦਾ ਹੈ ਅਤੇ ਸੁਖਮਨੀ ਸਾਹਿਬ ਜੀ ਦੀ ਬਾਣੀ ਹਜ਼ੂਰ ਨੇ ਇੱਕ ਸਾਲ ਪੂਰਵ ਉਚਾਰੀ।

## ਉਪਦੇਸ਼ :

ਸੁਖਮਨੀ ਬਾਣੀ ਸਭ ਤੋਂ ਪਹਿਲਾਂ ਵਾਹਿਗੁਰੂ ਨਾਲ ਜੋੜਦੀ ਹੈ ਫਿਰ ਆਦਿ ਗੁਰੂਆਂ ਨੂੰ ਨਮਸਕਾਰ ਕਰਨ ਦੀ ਜਾਚ ਸਿਖਾਉਂਦੀ ਹੈ, ਇਸ ਬਾਣੀ ਦਾ ਮਨੋਰਥ ਜੀਵ ਮਾਤ੍ਰ ਨੂੰ ਆਤਮਿਕ-ਸੁਖ ਤੇ ਅਨੰਦ ਦੇਣਾ ਹੈ, ਇਹ ਬਾਣੀ :-

**ਸਾਜਨ ਸੰਤ ਕਰਹੁ ਇਹੁ ਕਾਮੁ॥**

**ਆਨ ਤਿਆਗਿ ਜਪਹੁ ਹਰਿ ਨਾਮੁ॥**

**(ਅੰਗ ੨੯੦)**

ਦਾ ਉਪਦੇਸ਼ ਦਿੰਦੀ ਹੈ, ਇਹ ਜਿੱਥੇ ਦੁਖੀਆਂ ਨੂੰ ਧੀਰਜ ਦੇ ਕੇ ਆਸਾਵਾਦੀ ਬਣਾਉਂਦੀ ਹੈ ਉਥੇ ਨਿਰਾਸਿਆਂ ਲਈ ਢਾਰਸ ਅਤੇ ਰੋਗੀਆਂ ਲਈ ਦਵਾ (Medicine) ਦਾ ਕੰਮ ਕਰਦੀ ਹੈ। ਸੁਖਮਨੀ ਹਰ ਵਰਗ ਦੇ ਲੋਕਾਂ ਨੂੰ ਆਪਣੇ ਨਾਲ ਲੈ ਕੇ ਤੁਰਦੀ ਹੈ। ਰਾਜਸੀ ਸੱਤਾ ਦੀ ਬਿਰਤੀ ਵਾਲੇ ਨੂੰ ਵੀ ਨਾਮ ਦੀ ਸ਼੍ਰੋਤ ਨਾਲ ਇੱਕ-ਮਿੱਕ ਕਰਕੇ ਨਾਮ-ਮਾਰਗ ਦਾ ਪੰਧਾਊ ਬਣਾਉਂਦੀ ਹੈ। ਇਹ ਬਾਣੀ ਮਨੁੱਖ ਮਾਤ੍ਰ ਨੂੰ ਸਵਾਰਥੀ ਨਾ ਬਣਾ ਕੇ ਦੂਸਰਿਆਂ ਦੀ ਮੱਦਦ ਕਰਨ ਦਾ ਰਾਹ ਸਿਖਾਉਂਦੀ ਹੈ ਅਤੇ ਗੁਰਮਤਿ ਦੇ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।

**ਫਲਾਦੇਸ਼ :**

ਜੋ ਗੁਰਸਿੱਖ ਨਿਸ਼ਚੇ ਨਾਲ ਇਸ ਬਾਣੀ ਦਾ ਪਾਠ ਕਰਦਾ ਹੈ ਉਸ ਦੀਆਂ ਸਭ ਮਨੋਕਾਮਨਾਵਾਂ ਪੂਰਨ ਹੁੰਦੀਆਂ ਹਨ, ਇਹ ਬਾਣੀ ਜੀਵ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਦੁਖੀ ਜੀਵ ਦੀ ਜਦੋਂ ਚਿੰਤਾ ਦੂਰ ਹੋ ਜਾਵੇ ਤਾਂ ਉਸ ਲਈ ਓਹੀ ਅਨੰਦ ਹੈ ਪਰ ਇਸ ਤੋਂ ਵੀ ਉੱਪਰਲੀ ਅਵਸਥਾ ਆਤਮਿਕ-ਅਨੰਦ ਦੀ ਹੈ। ਇਸ ਬਾਣੀ ਦਾ ਪਾਠ ਕਰਨ ਵਾਲਾ ਕਿਸੇ ਵੀ ਜਾਤ, ਮਜ਼ਹਬ, ਨਸਲ ਜਾਂ ਰੰਗ ਦਾ ਹੋਵੇ ਇਹ ਸਭ ਨੂੰ ਸੁਖ ਤੇ ਸ਼ਾਂਤੀ ਬਖ਼ਸ਼ਦੀ ਹੈ। ਇਹ ਵੀ ਮੰਨਿਆਂ ਜਾਂਦਾ ਹੈ ਕਿ ਸ੍ਰੀ ਸੁਖਮਨੀ ਦਾ ਪਾਠ ਕਰਨ ਕਰਕੇ ਜੀਵ ਦੇ ਅੱਠ ਪਹਿਰ ਸਫਲੇ ਹੋ ਜਾਂਦੇ ਹਨ, ਗੁਰਬਾਣੀ ਇਹਨਾਂ ਵਿਚਾਰਾਂ ਨਾਲ ਸਹਿਮਤੀ ਨਹੀਂ ਰੱਖਦੀ, ਇਸ ਲਈ ਇਹੋ ਜਿਹੀ ਵਿਚਾਰਧਾਰਾ ਨੂੰ ਮੁੱਖ ਰੱਖਕੇ ਪਾਠ ਨਹੀਂ ਕਰਨਾ ਚਾਹੀਦਾ, ਸਗੋਂ ਜੇ ਅਸੀਂ ਇਹ ਸੋਚ ਕੇ ਬਾਣੀ ਪੜ੍ਹਾਂਗੇ ਕਿ ਇਸੇ ਨਾਲ ਹੀ ਸਾਡੇ ਸਾਰੇ ਜੀਵਨ ਦਾ ਉਧਾਰ ਹੋਣਾ ਹੈ ਤਾਂ ਸਾਨੂੰ ਹੋਰ ਵੀ ਆਤਮਿਕ-ਸ਼ਾਂਤੀ ਤੇ ਸੁਖਾਂ ਦੀ ਪ੍ਰਾਪਤੀ ਹੋਵੇਗੀ। ਜੋ ਜੀਵ ਇਸ ਬਾਣੀ ਦਾ ਰੋਜ਼ ਨਿਤਨੇਮ ਕਰੇਗਾ ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਵੇਗਾ ਤੇ ਉਹ ਮੁਕਤਿ-ਪਦ ਨੂੰ ਪ੍ਰਾਪਤ ਹੋਵੇਗਾ :-

> ਕਰਿ ਸੁਖਮਨੀ ਅੰਤ ਮਹਿਂ ਆਪੂ।
> ਕਹਯੋ ਮਹਾਤਮ ਅਧਿਕ ਪ੍ਰਤਾਪੂ ॥ ੫ ॥
> ਸਭਿ ਤੇ ਊਚ ਪਾਇ ਅਸਥਾਨ।
> ਨਿਤ ਪਾਠਕ ਮਿਟਿ ਆਵਨਿ ਜਾਨਿ ।[4]

**ਪਠਨ ਕਾਲ :**

ਇਸ ਬਾਣੀ ਦੇ ਪਠਨ (ਪਾਠ) ਦਾ ਕਾਲ (ਵਕਤ) ਸਤਿਗੁਰਾਂ ਨੇ ਪਰਭਾਤ ਵੇਲੇ ਨੀਯਤ ਕੀਤਾ ਹੈ, ਤੜਕਸਾਰ ਬਾਣੀ ਪੜ੍ਹਣ ਨੂੰ ਹਜ਼ੂਰ ਨੇ ਉਚਿੱਤ ਸਮਾਂ ਦੱਸਿਆ ਹੈ ਜੇਕਰ ਕੋਈ ਸ਼ੁਭਾ ਇਸ ਬਾਣੀ ਦਾ ਪਾਠ ਪ੍ਰੇਮ ਨਾਲ ਕਰਦਾ ਤੇ ਸੁਣਦਾ ਹੈ ਉਸ ਨੂੰ ਧਰਮ, ਅਰਥ, ਕਾਮ ਤੇ ਮੋਖ ਚਹੁੰਆਂ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ ਭਾਵੇਂ ਕੋਈ ਉੱਚੀ ਜਾਤ ਦਾ ਤੇ ਭਾਵੇਂ ਨੀਵੀਂ ਜਾਤੀ ਦਾ ਹੋਵੇ ਉਹਦੇ ਨੇੜੇ ਮੌਤ ਨਹੀਂ ਢੁੱਕਦੀ ਅਤੇ ਅੰਤਲੇ ਸਮੇਂ ਜੋ ਗੁਰੂ ਨੂੰ ਚੇਤੇ ਕਰਦਾ ਹੈ ਉਹਨੂੰ ਸ਼੍ਰੋਮਣੀ ਅਸਥਾਨ ਸੱਚ ਖੰਡ ਦੀ ਪ੍ਰਾਪਤੀ ਹੁੰਦੀ ਹੈ -

> ਦੋਹਰਾ॥
> ਪ੍ਰਾਤ ਸਮੈ ਜੋ ਸੁਖਮਨੀ ਪੜ੍ਹੈ ਕੋਊ ਹਿਤ ਧਾਰ॥
> ਤਾਕੇ ਫਲ ਸਭਹੀ ਲਹੈ ਸੁਨੈ ਲਹੈ ਫਲ ਚਾਰ॥੨੪੪॥
> ਊਚ ਨੀਚ ਜਨ ਜੇ ਪੜ੍ਹੈ ਕਾਲ ਨਿਕਟਿ ਨਹਿ ਆਇ॥
> ਅੰਤ ਸਮੈਂ ਸਿੰਮ੍ਰਿਤ ਸੁ
> ਗੁਰ ਪਰਮ ਧਾਮ ਪੁਨਿ ਪਾਇ॥੨੪੫॥[5]

ਉੱਪਰ ਆਈ ਵਿਚਾਰ ਅਨੁਸਾਰ ਗੁਰੂ ਜੀ ਦੇ ਹੁਕਮ ਵਿੱਚ ਅੰਮ੍ਰਿਤ ਵੇਲੇ ਗੁਰੂ ਘਰਾਂ ਤੇ ਆਪਣੇ ਬਸੇਰਿਆਂ ਵਿੱਚ ਸਿੱਖ ਤੜਕਸਾਰ ਇਸ ਬਾਣੀ ਦਾ ਪਾਠ ਕਰਦੇ ਤੇ ਸੁਣਦੇ ਸਨ। ਹੁਣ ਵੀ ਇਹੋ ਮਰਯਾਦਾ ਸੰਪ੍ਰਦਾਵਾਂ, ਡੇਰਿਆਂ, ਗੁਰ ਅਸਥਾਨਾਂ ਆਦਿਕ ਵਿੱਚ ਚੱਲ ਰਹੀ ਹੈ ਪਰ ਸਮੇਂ ਦੇ ਬਦਲਾਅ ਕਾਰਨ ਇਸ ਵਿੱਚ ਕਾਫੀ ਪਰਿਵਰਤਨ ਆ ਗਿਆ ਹੈ ਜਿਸ ਕਰਕੇ ਛਾਹ (ਨਾਸ਼ਤੇ) ਵੇਲੇ, ਭੱਤੇ (ਦੁਪਹਿਰ) ਵੇਲੇ, ਲੌਢੇ ਵੇਲੇ (ਆਥਣੇ) ਤੇ ਰਾਤੀਂ ਵੀ ਇਸ ਬਾਣੀ ਦੇ ਪਾਠ ਕੀਤੇ ਜਾਂਦੇ ਹਨ। ਸੁਖਮਨੀ ਸੇਵਾ ਸੁਸਾਇਟੀਆਂ ਹਫਤਾਵਾਰੀ, ਲੜੀਵਾਰ ਤੇ ਵਿਸ਼ੇਸ਼ ਦੀਵਾਨਾਂ ਵਿੱਚ ਵੀ ਖਾਸੀ ਸ਼ਰਧਾ ਭਾਵਨਾ ਨਾਲ ਜੋਟੀਆਂ ਵਿੱਚ ਇਸ ਬਾਣੀ ਨੂੰ ਪੜ੍ਹਦੀਆਂ ਹਨ।

ਜੋ ਸੁਵਖਤੇ ਪਾਠ ਕਰਦੇ ਹਨ ਉਹ ਚੰਗਾ ਉੱਦਮ ਹੈ ਪਰ ਜੋ ਦਿਨੇ ਕਿਸੇ ਵੀ ਵਕਤ ਸੁਖਮਨੀ ਸਾਹਿਬ ਦੀ ਬਾਣੀ ਪੜ੍ਹਦੇ ਹਨ ਉਹ ਵੀ ਬਹੁਤ ਵਧੀਆ ਗੱਲ ਹੈ। ਬਾਣੀ ਭਾਵੇਂ ਧੰਮੀ ਵੇਲੇ ਪੜ੍ਹੀ ਜਾਵੇ ਜਾਂ ਦਿਨੇ ਕਿਸੇ ਸਮੇਂ ਇਸ ਦਾ ਸੰਗਤੀ ਜਾਂ ਸਖ਼ਸ਼ੀ ਪਾਠ ਕੀਤਾ ਜਾਵੇ ਸਫਲਾ ਹੈ। ਗੁਰੂ ਪਾਤਸ਼ਾਹ ਸਾਨੂੰ ਸਭ ਨੂੰ ਹਿੰਮਤ ਬਖ਼ਸ਼ਣ ਤੇ ਅਸੀਂ ਗੁਰੂ ਕੀ ਬਾਣੀ ਨਾਲ ਜੁੜੇ ਰਹੀਏ ਤਾਂ ਹੀ ਸਾਡਾ ਮਨੁੱਖਾ ਜਨਮ ਸਕਾਰਥਾ ਹੋਵੇਗਾ ਅਤੇ ਅਸੀਂ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਬਾਣੀ ਨਾਲ ਜੁੜ ਕੇ ਸਾਰੇ ਸੰਸਾਰਕ ਸੁਖਾਂ ਦਾ ਅਨੰਦ ਮਾਣਾਂਗੇ ਤੇ ਇਸ ਦੇ ਨਾਲ ਹੀ ਆਤਮਿਕ ਆਨੰਦ ਦੀ ਪ੍ਰਾਪਤੀ ਕਰਾਂਗੇ ਅੰਤ ਸਮੇਂ ਇਸ ਲੋਕ ਤੋਂ ਪ੍ਰਲੋਕ ਜਾ ਕੇ ਵਾਹਿਗੁਰੂ ਦੀ ਸੱਚੀ ਦਰਗਾਹ ਵਿੱਚ ਪਹੁੰਚ ਕੇ ਉਸ ਪ੍ਰਮੇਸ਼ਵਰ ਦੀ ਜੋਤਿ ਵਿੱਚ ਸਦੀਵ ਕਾਲ ਲਈ ਲੀਨ ਹੋ ਜਾਵਾਂਗੇ ਤੇ ਸਾਡਾ ਇਸ ਜੱਗ ਉੱਤੇ ਆਇਆ ਸਫਲਾ ਹੋ ਜਾਵੇਗਾ।

**ਵਿਦਵਾਨਾਂ ਦੇ ਬਹੁਪੱਖੀ ਵਿਚਾਰ :**

ਬਹੁਗੁਣੀ ਸੁਖਮਨੀ ਜੀ ਦੀ ਬਾਣੀ ਦੇ ਬਾਹਲੇ ਪੱਖਾਂ ਨੂੰ ਦਰਸੌਂਦੇ ਹੇਠ ਲਿਖੇ ਵਿਦਵਾਨਾਂ ਦੇ ਵਿਚਾਰ ਇਸ ਤਰ੍ਹਾਂ ਹਨ-

(1) 'ਗਉੜੀ' ਰਾਗਣੀ ਹੈ, 'ਸੁਖਮਨੀ' ਬਾਣੀ ਦਾ ਨਾਮ ਹੈ, ਸੁਖਾਂ ਦੀ ਸਾਧ ਸੰਗਤ ਜੀ ਮਨੀ ਹੈ।[6]

(2) ਸੁਖੋਂ ਕੀ ਮਣੀ ਰੂਪ ਹੈ[7]

(3) ਸੁਖਮਨੀ. ਮਨ ਨੂੰ ਆਨੰਦ ਦੇਣ ਵਾਲੀ ਇੱਕ ਬਾਣੀ, ਜੋ ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ

ਰਚਨਾ ਹੈ,[8]

(4) ਸੁਖਮਨੀ [ਸਂ:।ਸੰਸਕ੍ਰਿਤ, ਸੁਖ+ਮਣਿ ਸੁਖਾਂ ਦੀ ਮਣੀ (ਰਤਨ)]
ਮਨ ਨੂੰ ਸੁਖ ਦੇਣ ਵਾਲੀ, ਇਕ ਬਾਣੀ ਦਾ ਨਾਉਂ ਜੋ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਦੇ ਅਨੁਭਵ ਤੋਂ ਉਚਰੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਉੜੀ ਰਾਗ ਵਿਚ ਵਿਦਮਾਨ ਹੈ।
ਯਥਾ - **'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ'** (੨੬੨)
'ਸੁਖਮਨੀ' ਵਿਖੇ ਸੁਖ ਰੂਪ {ਅੰਮ੍ਰਿਤ} ਅਮਰ ਕਰਨੇ ਵਾਲਾ ਪ੍ਰਭੂ ਦਾ ਨਾਮ ਹੈ।[9]

(5) ਅੰਤਿਮ ਅਸ਼ਟਪਦੀ ਵਿਚ ਪੂਰੇ ਪ੍ਰਭੂ ਨਾਲ ਮੇਲ ਕਰਾਉਣ ਵਾਲੀ ਇਸ ਬਾਣੀ ਦਾ ਮਹਾਤਮ ਵਰਣਿਤ ਹੈ।[10]

(6) (9) ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਉਸ ਦਾ ਨਾਮ ਸਿਮਰਿਆਂ ਬੇਅੰਤ ਗੁਣ ਹਾਸਲ ਹੋ ਜਾਂਦੇ ਹਨ ਇਸੇ ਵਾਸਤੇ 'ਨਾਮ' ਸੁਖਾਂ ਦੀ ਮਣੀ (ਸੁਖਮਨੀ) ਹੈ।[11]

(7) **ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥**
ਪ੍ਰਭੂ ਦਾ ਨਾਮ ਸਭ ਸੁਖਾਂ ਦਾ ਮੂਲ ਹੈ ਤੇ ਇਹ ਮਿਲਦਾ ਹੈ ਗੁਰਮੁਖਾਂ ਤੋਂ, ਕਿਉਂ ਕਿ ਇਹ ਵਸਦਾ ਹੀ ਉਨ੍ਹਾਂ ਦੇ ਹਿਰਦੇ ਵਿਚ ਹੈ। ਸੋ ਸਾਰੀ 'ਸੁਖਮਨੀ' ਇਸੇ ਖਿਆਲ ਦੀ ਵਿਆਖਿਆ ਹੈ।[12]

(8) ਜੋ ਭੀ ਗੁਰਸਿੱਖ ਮਾਈ-ਭਾਈ, ਪ੍ਰਾਣੀ ਮਾਤਰ ਇਸ ਸੁਖਮਨੀ ਸਾਹਿਬ ਦਾ ਸ਼ਰਧਾ-ਭਾਵਨਾ ਨਾਲ ਪਾਠ ਕਰੇਗਾ। ਉਸਦੀ ਕਲਿਆਣ ਹੋਵੇਗੀ[13]

(9) ਜੇ ਨਿਰਪਖ ਹੋ ਕੇ ਧੀਰਜ ਨਾਲ ਇਸ ਸ਼ਬਦ ਦੀ ਪਛਾਣ ਕਰੀਏ ਤਾਂ ਇਹ ਪਦ 'ਸੁਖ+ਮਨੀ' ਦਾ ਸੰਧੀ ਬੋਧਕ ਹੈ। 'ਸੁਖ' ਪਦ ਦੇ ਅਰਥ ਹਨ- ਹਰ ਪ੍ਰਕਾਰ ਦੇ ਸੁਖ ਅਤੇ ਭਾਵਕ ਅਰਥ ਹਨ- 'ਆਤਮਿਕ ਸੁਖ-ਅਨੰਦ'। 'ਮਨੀ' ਪਦ ਦੇ ਅਰਥ ਹਨ 'ਮਣੀ, ਰਤਨ' ਅਤੇ ਭਾਵਕ ਅਰਥ ਹਨ- 'ਪ੍ਰਕਾਸ਼'।[14]

(10) ਸੁਖਾਂ ਦੀ ਮਣੀ। ਇਹ ਇਸ ਬਾਣੀ ਦਾ ਨਾਮ ਹੈ। ਇਸ ਨੂੰ ਅੰਤਲੀ ਅਸ਼ਟਪਦੀ ਵਿੱਚ ਜਿੱਥੇ ਸੁਖਮਨੀ ਨਾਮ ਰੱਖਣ ਦਾ ਕਾਰਨ ਦੱਸਿਆ ਹੈ, "ਅਮੁਲੀਕ ਲਾਲ ਏਹਿ ਰਤਨ" ਕਰਕੇ ਬਿਆਨ ਕੀਤਾ ਹੈ। ਇਸ ਦੀ ਤਾਰੀਫ਼ ਸਾਰੀ ਬਾਣੀ ਦੇ ਇਕੋ ਇਕ 'ਰਹਾਉ' ਵਿੱਚ (ਜੋ ਪਹਿਲੀ ਅਸ਼ਟਪਦੀ ਵਿੱਚ ਆਉਂਦਾ ਹੈ) ਕੀਤੀ ਹੈ। 'ਸੁਖਮਨੀ' ਪ੍ਰਭੂ ਦਾ ਅੰਮ੍ਰਿਤ ਨਾਮ ਹੈ ਜੋ ਸੁਖ ਦਿੰਦਾ ਹੈ ਅਤੇ ਭਗਤਾਂ ਦੇ ਮਨ ਵਿੱਚ ਇਸ ਦਾ ਵਾਸਾ ਹੈ।[15]

(11) ਠੰਢ ਚੈਨ ਦਾ ਮੋਤੀ Pearl of peace [16]

(12) Sukhmani, or 'The Psalm of peace' [17]
('ਦ ਸਾਮ ਆਫ ਪੀਸ) ਭਾਵ ਸ਼ਾਂਤੀ ਦੇਣ ਵਾਲਾ ਸਿਮਰਨ।

**ਸਾਰ-ਅੰਸ਼ :**

ਸ੍ਰੀ ਸੁਖਮਨੀ ਦੀ ਬਾਣੀ ਦੀ ਵਿਆਖਿਆ ਸੁਖਾਂ ਦੀ ਮਣੀ ਤੋਂ ਆਰੰਭ ਹੋਈ ਤੇ ਅਖੀਰ ਵਿੱਚ ਸੁਲਝੇ ਹੋਏ ਪੰਥਕ ਵਿਦਵਾਨਾਂ ਦੇ ਵਿਚਾਰ ਵੀ ਦਿੱਤੇ ਗਏ ਹਨ। ਜੋ ਬਹੁਤ ਹੀ ਖੋਜ ਭਰਪੂਰ ਤੇ ਗੁਰਮਤਿ ਅਨੁਕੂਲ ਹਨ। ਅੰਤ ਇਹ ਹੀ ਸਿੱਟਾ ਨਿਕਲਦਾ ਹੈ ਕਿ ਸੁਖਮਨੀ ਜੀ ਅੰਦਰ ਆਈ ਸਾਰੀ ਵਿਚਾਰ ਜੀਵ ਨੂੰ ਸੰਸਾਰ ਵਿੱਚ ਰਹਿੰਦਿਆਂ ਆਈਆਂ ਮੁਸ਼ਕਲਾਂ ਦਾ ਸਮਾਧਾਨ ਅਤੇ ਸਾਰੇ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਕਰਾਉਂਦੀ ਹੈ ਤੇ ਸਰੀਰ ਤਿਆਗਣ ਤੋਂ ਬਾਅਦ ਪ੍ਰਾਣੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। ਸੋ ਸਾਨੂੰ ਚਾਹੀਦਾ ਹੈ ਕਿ ਸੁਖਮਨੀ ਸਾਹਿਬ ਦੇ ਨਿਤਨੇਮੀ ਹੋਈਏ ਤੇ ਇਸ ਅੰਦਰ ਆਏ ਉਪਦੇਸ਼ਾਂ ਤੇ ਸਿੱਖਿਆਵਾਂ ਦੇ ਧਾਰਨੀ ਬਣੀਏ ਤਾਂ ਕਿ ਅਸੀਂ ਭਵ ਸਾਗਰ ਤੋਂ ਪਾਰ ਹੋ ਸਕੀਏ।

◆◆◆

– ਮੋਹਨ ਸਿੰਘ ਉਰਲਾਣਾ
ਮਕਾਨ ਨੰ. ਐਲ 6/905, ਗਲੀ ਨੰ. 3/4,
ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ।
ਮੋ: +9197796-08050

## ਹਵਾਲਾ ਪੁਸਤਕ :-

1. Sri Guru Granth Sahib (English & Punjabi Translation) Vol. 2, 2006 Translated by Manmohan Singh, Shiromani Gurdwara Parbandhak Committee Amritsar, 2006
2. ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੂ ੪੩, ਜਿਲਦ ੬, ਪੰਨਾ ੨੦੯੫, ਗਿਆਨੀ ਸੰਤੋਖ ਸਿੰਘ ਜੀ, ਸੰਪਾਦਕ ਪਦਮਭੂਸ਼ਣ ਭਾਈ ਵੀਰ ਸਿੰਘ ਜੀ ਡੀ. ਲਿਟ., ਫੋਟੋ ਕਾਪੀ ਪ੍ਰਕਾਸ਼ਨ ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1990
3. ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਗੁਰੂ ਪੰਜਵਾਂ, ਹਿੱਸਾ ਦੂਜਾ, ਪੰਨਾ 415-16, ਸਾਖੀ "ਸ੍ਰੀ ਚੰਦ ਦਾ ਮਿਲਾਪ ਬਾਰਠ ਤੇ ਗੁਰੂ ਕੀ ਰੋੜ", ਗਿਆਨੀ ਗਿਆਨ ਸਿੰਘ ਜੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1993
   Twarikh Guru Khalsa (Punjabi) (10) uploads/scribed Part 5 (Punjabi) [42] of 72 pages Giani Gian Singh ji, Sant/Bhai Baljinder Singh ji Rara Sahib
4. ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ 3, ਅੰਸੂ 43, ਪੰਨਾ 250, ਜੀਵਨ ਪਾ. 5, ਭਾਗ 2, ਗਿਆਨੀ ਸੰਤੋਖ ਸਿੰਘ ਜੀ, ਸੰਪਾਦਨਾ ਤੇ ਅਨੁਵਾਦ ਡਾ. ਕਿਰਪਾਲ ਸਿੰਘ, ਪ੍ਰਕਾਸ਼ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਅੰਮ੍ਰਿਤਸਰ, 2000
5. ਸ੍ਰੀ ਗੁਰ ਬਿਲਾਸ ਪਾਤਸ਼ਾਹੀ ੬, ਅਧਿਆ ੪, ਪੰਨਾ ੭੫, ਸੰਪਾਦਨਾ ਤੇ ਟਿਪਣੀ ਗਿਆਨੀ ਇੰਦਰ ਸਿੰਘ ਗਿੱਲ ਕੁਆਲਾਲੰਪਰ (ਮਲੇਸ਼ੀਆ), 1968
6. ਸ੍ਰੀ ਸੁਖਮਨੀ ਸਾਹਿਬ ਸਟੀਕ, ਦਮਦਮੀ ਟਕਸਾਲ ਅਜਨਾਲਾ (ਅੰਮ੍ਰਿਤਸਰ), ਪੰਨਾ ੮, ਸੰਸਕਰਣ 2013
7. Faridkot-wala-Teeka Pdf, www.ik13.com pdfs, Page 862, Sant/Bhai Baljinder Singh Ji Rara Sahib
8. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸੁਖਮਨੀ ਪੰਨਾ 209, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1981
Mahan-Kosh-Pdf page 778/4181 Bhai Kahan Singh ji Nabha, Sant/Bhai Bajinder Singh Ji Rara Sahib
9. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ ੭੩, ਭਾਈ ਵੀਰ ਸਿੰਘ ਜੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਅਕਤੂਬਰ 1995
10. ਪੰਜਾਬੀ ਵਿਸ਼ਵ ਕੋਸ਼, ਜਿਲਦ ਪੰਜਵੀਂ, ਸੁਖਮਨੀ ਪੰਨਾ 283, ਡਾ. ਰਤਨ ਸਿੰਘ ਜੱਗੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1986
11. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਦੂਜੀ, ਪੰਨਾ ੪੫੪, ਪ੍ਰਿੰਸੀਪਲ ਸਾਹਿਬ ਸਿੰਘ ਜੀ ਡੀ. ਲਿਟ., ਰਾਜ ਪਬਲਿਸ਼ਰਜ਼ (ਰਜਿ:) ਜਲੰਧਰ, www.gurugranthdarpan.com/darpan2/0262hmtl page 262-Punjabi Translation× Principal Sahib Singh D. lit., Uploads: Avtar Singh Dhami, Kulbir Singh Thind
12. ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੈਂਚੀ ਦੂਜੀ, ਪੰਨਾ ੪੦੨
ਗਿਆਨੀ ਮਨੀ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ
13. ਅਮੋਲਕ ਰਤਨ ਅਰਥਾਤ ਸੁਖਮਨੀ ਸਾਹਿਬ ਸਟੀਕ, ਭੂਮਿਕਾ ਪੰਨਾ ੪੩ ਅੰਮ੍ਰਿਤਸਰੀ ਟਕਸਾਲ, ਸੰਤ ਸੁਰਜੀਤ ਸਿੰਘ ਜੀ ਸੇਵਾ ਪੰਥੀ, ਸ਼ਹੀਦ ਊਧਮ ਸਿੰਘ ਨਗਰ ਅੰਮ੍ਰਿਤਸਰ, ਮਾਰਚ 1988
14. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਾਨਤਮਿਕ ਅਧਿਐਨ, ਪੋਥੀ ਚੋਥੀ, ਪੰਨਾ ੩੧, ਗਿਆਨੀ ਹਰਿਬੰਸ ਸਿੰਘ ਜੀ, ਗੁਰਬਾਣੀ ਸੇਵਾ ਪ੍ਰਕਾਸ਼ਨ ਪਟਿਆਲਾ, ਅਪ੍ਰੈਲ 2003
15. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, ਪੰਨਾ ੧੫੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2014
16. Sri Guru Granth Sahib (English & Punjabi Translation), Vol. 2, Page 871, Translated by Manmohan Singh, Shiromani Gurdwara Parbandhak Committee Amritsar.
17. The Psalm of Peace, Page V, Sukhmani Translated by Principal Teja Singh M.A. Shiromani Gurdwara Parbhandhak Committee Amritsar, October 2014

## ਕੇਸਾਂ ਦੀ ਮਹਾਨਤਾ

ਭੰਗਾਣੀ ਦੇ ਯੁੱਧ ਦੀ ਵਾਰਤਾ ਸਾਨੂੰ ਯਾਦ ਹੋਣੀ ਚਾਹੀਦੀ ਹੈ ਕਿ ਉਸ ਸਮੇਂ ਸਢੌਰੇ ਦੇ ਪੀਰ ਬੁੱਧੂ ਸ਼ਾਹ, ਜਿਨ੍ਹਾਂ ਨੇ ਇਸ ਯੁੱਧ ਵਿੱਚ ਆਪਣੇ ਦੋ ਜਵਾਨ ਪੁੱਤਰ ਅਤੇ ਕਈ ਸੌ ਮੁਰੀਦ (ਚੇਲੇ) ਗੁਰੂ ਸਾਹਿਬ ਜੀ ਵੱਲੋਂ ਦੁਸ਼ਮਨ (ਜਿਨ੍ਹਾਂ ਵਿੱਚ ਮੁਸਲਮਾਨ ਵੀ ਸ਼ਾਮਲ ਸਨ) ਨਾਲ ਲੜਦਿਆਂ ਸ਼ਹੀਦ ਕਰਵਾ ਦਿੱਤੇ ਸਨ।

ਯੁੱਧ ਦੇ ਜਿੱਤਣ ਮਗਰੋਂ ਪੀਰ ਜੀ, ਗੁਰੂ ਜੀ ਤੋਂ ਵਿਦਾ ਹੋਣ ਦੀ ਆਗਿਆ ਮੰਗਦੇ ਹਨ ਤਾਂ ਗੁਰੂ ਜੀ ਉਨ੍ਹਾਂ ਦੀ ਮਹਾਨ ਕੁਰਬਾਨੀ ਤੋਂ ਪ੍ਰਸੰਨ ਹੋਏ ਕੁੱਝ ਮੰਗ ਮੰਗਣ ਲਈ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਆਪਣੇ ਕੇਸਾਂ ਨੂੰ ਕੰਘਾ ਕਰ ਕੇ ਦਸਤਾਰ ਸਜਾਉਣ ਲੱਗੇ ਸਨ। ਪੀਰ ਜੀ ਨੇ ਉਸ ਵੇਲੇ ਗੁਰੂ ਸਾਹਿਬ ਦੇ ਕੰਘੇ ਨਾਲ ਅੜੇ ਹੋਏ ਪਵਿੱਤਰ ਕੇਸਾਂ ਨੂੰ ਕੰਘੇ ਸਮੇਤ ਲੈਣ ਦੀ ਮੰਗ ਕੀਤੀ ਜੋ ਮਹਾਰਾਜ ਨੇ ਪਰਵਾਨ ਕਰਕੇ ਪੀਰ ਜੀ ਦੀ ਇੱਛਾ ਪੂਰੀ ਕੀਤੀ।

ਇਸ ਤਰ੍ਹਾਂ ਪੀਰ ਜੀ ਨੇ ਰਹਿੰਦੀ ਉਮਰ ਤੱਕ ਉਨ੍ਹਾਂ ਪਵਿੱਤਰ ਕੇਸਾਂ ਵਾਲੇ ਕੰਘੇ ਨੂੰ ਸੁਨਹਿਰੀ ਡੱਬੀ ਵਿੱਚ ਸੰਭਾਲ ਕੇ ਰੱਖਿਆ ਤੇ ਰੋਜ਼ ਸਵੇਰੇ ਇਸ਼ਨਾਨ ਕਰਕੇ, ਭਜਨ ਪਾਠ ਸਮੇਂ ਉਨ੍ਹਾਂ ਕੇਸਾਂ ਤੇ ਕੰਘੇ ਵਿੱਚੋਂ ਸਾਹਿਬਾਂ ਦੇ ਦਰਸ਼ਨ ਕਰਦੇ। (ਇਹ ਪਵਿੱਤਰ ਕੇਸ ਤੇ ਕੰਘਾ ਮਹਾਰਾਜਾ ਨਾਭਾ ਦੇ ਤੋਸ਼ੇ ਖਾਨੇ ਵਿੱਚ ਸਾਂਭੇ ਪਏ ਸੁਣੀਦੇ ਹਨ।) ਪੀਰ ਜੀ ਨੇ ਪਿਆਰੇ ਪੁੱਤਰ ਤੇ ਮੁਰੀਦ ਸ਼ਹੀਦ ਕਰਵਾ ਕੇ ਗੁਰੂ ਜੀ ਦੇ ਪਵਿੱਤਰ ਕੇਸਾਂ ਦੀ ਕਦਰੋ-ਕੀਮਤ ਦਾ ਨਮੂਨਾ ਇੱਕ ਪਾਸੇ ਹੈ।

ਪੈਗੰਬਰ-ਭਗਤੀ ਦਾ ਇਹ ਸ਼ਾਨਦਾਰ ਨਮੂਨਾ, ਪੁੱਤਰਾਂ, ਪਰਿਵਾਰ ਤੇ ਬੇਅੰਤ ਸੇਵਕਾਂ ਦੀ ਕੁਰਬਾਨੀ ਦੇ ਕੇ ਪਿਆਰੇ ਗੁਰੂ ਦੇ ਪਾਵਨ ਕੁਝ ਕੇਸਾਂ ਤੇ ਕੰਘੇ ਨੂੰ ਨਿਆਮਤ ਅਤੇ ਕੀਮਤੀ ਸਮਝਣਾ ਇੱਕ ਪਾਸੇ ਤੇ ਦੂਜੇ ਪਾਸੇ ਅਸੀਂ ਐਸੇ ਅਕ੍ਰਿਤਘਣ ਬਣਦੇ ਜਾ ਰਹੇ ਹਾਂ ਕਿ ਜਿਸ ਗੁਰੂ ਪਾਤਿਸ਼ਾਹ ਨੇ ਆਪਣਾ ਸਾਰਾ ਸਰਬੰਸ, ਮਾਤਾ-ਪਿਤਾ ਸ਼ਹੀਦ ਕਰਵਾ ਕੇ ਸਾਨੂੰ ਆਪਣਾ ਪੁੱਤਰ ਬਣਾਇਆ ਸੀ, ਸਾਨੂੰ ਆਪਣੇ ਵਰਗਾ ਰੂਪ ਦਿੱਤਾ, ਸਾਡੇ ਵਿੱਚ ਆਪਣੇ ਵਰਗੇ ਮਹਾਨ ਗੁਣ ਭਰੇ ਸਨ, ਅੱਜ ਅਸੀਂ ਮਹਾਰਾਜ ਦੀ ਬਖਸ਼ਿਸ਼, ਕੇਸਾਂ ਦੀ ਮਹਾਨਤਾ ਆਪ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕੇ।

ਅਸੀਂ ਦੂਸਰਿਆਂ ਨੂੰ ਕੇਸਾਂ ਦੀ ਮਹਾਨਤਾ ਕੀ ਦਰਸਾਉਣੀ ਸੀ ਜਦ ਕਿ ਸਾਡੇ ਸੈਂਕੜੇ ਹਜ਼ਾਰਾਂ ਆਪਣੇ ਭੁੱਲੜ ਵੀਰ, ਸਿੱਖ ਅਖਵਾਉਣ ਵਾਲੇ ਹੀ ਖੁਲਮ-ਖੁਲ੍ਹਾ ਕੇਸਾਂ-ਦਾੜ੍ਹੀਆਂ ਦੀ ਬੇਅਦਬੀ ਕਰ ਰਹੇ ਹਨ। ਸ਼ਕਲ ਸੂਰਤ ਵਿਗਾੜ ਰਹੇ ਹਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਾਵਿ ਰੂਪਾਂ ਦੀ ਜਾਣਕਾਰੀ ਅਤੇ ਕੁੱਝ ਵਿਸ਼ੇਸ਼ ਸਿਰਲੇਖ ਬਾਣੀਆਂ

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਰੂਪਾਂ ਦਾ ਵਿਲੱਖਣ ਸਰੂਪ ਪੇਸ਼ ਕੀਤਾ ਹੈ। ਇਨ੍ਹਾਂ ਦਾ ਅਸਲ ਭਾਵ ਤਾਂ ਕਾਵਿ ਰੂਪਾਂ ਵਾਲਾ ਹੈ ਪਰ ਗੁਰੂ ਸਾਹਿਬਾਨ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਇਨ੍ਹਾਂ ਨੂੰ ਕਾਵਿ ਰੂਪਾਂ ਤੋਂ ਵੱਖ ਕਰਦਿਆਂ ਹੋਇਆਂ ਇਨ੍ਹਾਂ ਦਾ ਅਧਿਆਤਮਕ ਪ੍ਰਸੰਗ ਸਥਾਪਿਤ ਕੀਤਾ ਹੈ ਅਤੇ ਕਿਸੇ ਖ਼ਾਸ ਨੁਕਤੇ ਵੱਲ ਇਸ਼ਾਰਾ ਵੀ ਕੀਤਾ ਹੈ। ਇਨ੍ਹਾਂ ਵਿਚ ਛੋਟੀਆਂ ਤੇ ਵੱਡੀਆਂ ਦੋਵੇਂ ਤਰ੍ਹਾਂ ਦੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਮੁੱਖ ਵਿਸ਼ਾ ਅਧਿਆਤਮਕ ਉਪਦੇਸ਼ ਹੈ। ਇਨ੍ਹਾਂ ਬਾਣੀਆਂ ਨੂੰ ਅਸੀਂ ਵਿਸਤਾਰ ਪੂਰਵਕ ਵੇਖਣ ਦਾ ਜਤਨ ਕਰਾਂਗੇ ਤਾਂ ਜੋ ਗੁਰੂ ਗ੍ਰੰਥ ਸਾਹਿਬ ਦਾ ਪਾਠਕ ਸੁਖੈਨ ਤਰੀਕੇ ਦੇ ਨਾਲ ਇਨ੍ਹਾਂ ਦੇ ਕਾਵਿ ਰੂਪ ਪ੍ਰਸੰਗ ਨੂੰ ਵੀ ਸਮਝ ਸਕੇ ਅਤੇ ਬਾਣੀ ਦੇ ਧੁਰ ਅੰਦਰਲੇ ਅਰਥਾਂ ਨਾਲ ਇਕਸੁਰਤਾ ਵੀ ਸਥਾਪਿਤ ਕਰ ਸਕੇ। ਧਰਮ ਗ੍ਰੰਥ ਬੇਸ਼ਕ ਸੁਖੈਨ ਕਾਰਜ ਦੇ ਰੂਪ ਵਿਚ ਸਥਾਪਿਤ ਕੀਤਾ ਜਾਂਦਾ ਹੈ ਪਰ ਇਹ ਸ਼ਬਦ ਸਾਧਾਰਨ ਸ਼ਬਦ ਨਾ ਹੋ ਕੇ ਰਹੱਸਾਤਮਕ ਸ਼ਬਦ ਹੁੰਦੇ ਹਨ ਜਿਨ੍ਹਾਂ ਵਿਚ ਗੁਹਜ ਅਰਥ ਛਿਪੇ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਾਵਿ ਰੂਪ ਸਿਰਲੇਖਾਂ ਨੂੰ ਵਿਸਤਾਰ ਪੂਰਵਕ ਵੇਖ ਲੈਣਾ ਪ੍ਰਸੰਗ ਯੁਕਤ ਹੋਵੇਗਾ :

### 1. ਪਦਾ

ਆਮ ਕਰ ਕੇ ਛੰਦ ਦੇ ਇਕ ਭਾਗ ਨੂੰ ਹੀ ਪਦਾ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਪਦੇ ਦੀ ਵਰਤੋਂ ਬੰਦ ਲਈ ਵੀ ਕੀਤੀ ਗਈ ਹੈ। ਇਸ ਵਿਚ ਦੋ ਬੰਦਾਂ ਵਾਲੇ ਸ਼ਬਦ 'ਦੁਪਦੇ', ਤਿੰਨ ਬੰਦ ਵਾਲੇ ' ਤਿਪਦੇ', ਚਾਰ ਬੰਦਾਂ ਵਾਲੇ 'ਚਉਪਦੇ' ਅਤੇ ਪੰਚ ਬੰਦਾਂ ਵਾਲੇ ਸ਼ਬਦ

ਨੂੰ 'ਪੰਚਪਦੇ' ਨਾਂ ਦਿੱਤਾ ਗਿਆ ਹੈ। ਅਸਲ ਵਿਚ ਜੋ ਵੀ ਕਾਵਿ ਰੂਪ ਮਾਤਰਾਂ ਦੇ ਨਿਯਮ ਵਿਚ ਆ ਜਾਂਦਾ ਹੈ, ਉਸ ਨੂੰ 'ਪਦ' ਦੀ ਸੰਗਿਆ ਦਿੱਤੀ ਜਾਂਦੀ ਹੈ।

ਗੁਰਬਾਣੀ ਵਿਚ 'ਇਕਤੁਕੇ' ਸਿਰਲੇਖ ਹੇਠ ਅਨੇਕ ਸ਼ਬਦ ਮਿਲਦੇ ਹਨ। ਜਿਸ ਸ਼ਬਦ ਦੇ ਹਰੇਕ ਪਦ ਵਿਚ ਮਿਲਵੇਂ ਤੁਕਾਂਤ ਵਾਲੀਆਂ ਦੋ ਛੋਟੀਆਂ-ਛੋਟੀਆਂ ਪੰਗਤੀਆਂ ਹੋਣ, ਪਰ ਉਨ੍ਹਾਂ ਨੂੰ ਇਕੱਠਿਆਂ ਇਕ ਤੁਕ ਵਾਂਗ ਬੋਲਣ ਨਾਲ ਇਕ ਸੰਪੂਰਨ ਵਿਚਾਰ ਬਣਦੀ ਹੋਵੇ, ਉਸ ਨੂੰ 'ਇਕਤੁਕਾ' ਕਿਹਾ ਜਾਂਦਾ ਹੈ। ਜਿਸ ਸ਼ਬਦ ਦੇ ਹਰੇਕ ਪਦੇ ਵਿਚ ਮਿਲਵੇਂ ਤੁਕਾਂਤ ਵਾਲੀਆਂ ਦੋ-ਦੋ ਤੁਕਾਂ ਹੋਣ, ਉਸ ਨੂੰ 'ਦੁਤੁਕਾ' ਕਹਿੰਦੇ ਹਨ। ਜਿਸ ਸ਼ਬਦ ਦੇ ਹਰੇਕ ਪਦੇ ਵਿਚ ਮਿਲਵੇਂ ਤੁਕਾਂਤ ਵਾਲੀਆਂ ਤਿੰਨ-ਤਿੰਨ ਤੁਕਾਂ ਹੋਣ, ਉਸ ਨੂੰ 'ਤਿਤੁਕਾ' ਕਿਹਾ ਜਾਂਦਾ ਹੈ।

## 2. ਅਸ਼ਟਪਦੀ

ਭਾਰਤੀ ਕਾਵਿ ਰੂਪ ਵਿਚ ਅਸ਼ਟਪਦੀ ਦਾ ਆਪਣਾ ਵਿਲੱਖਣ ਮਹੱਤਵ ਹੈ। ਗੁਰੂਪਾਤਸ਼ਾਹ ਨੇ ਪਰੰਪਰਾਗਤ ਰੂਪ ਨੂੰ ਪੂਰਨ ਤੌਰ ਉੱਤੇ ਨਹੀਂ ਅਪਨਾਇਆ ਕਿਉਂਕਿ ਪਰੰਪਰਾ ਵਿਚ ਅਠਾਂ ਪਦਿਆਂ ਵਾਲੀ ਕੋਈ ਵੀ ਰਚਨਾ ਅਸ਼ਟਪਦੀ ਅਖਵਾਉਂਦੀ ਸੀ, ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਕਈ ਵਿਲੱਖਣ ਰੂਪ ਹਨ। ਇਸੇ ਕਰ ਕੇ ਕਿਹਾ ਜਾਂਦਾ ਹੈ ਕਿ ਜੇ ਗੁਰੂ ਗ੍ਰੰਥ ਸਾਹਿਬ ਨੇ ਪਰੰਪਰਾ ਦੇ ਵਿਚੋਂ ਸਮਝਾਉਣ ਹਿਤ ਕਿਸੇ ਰੂਪ ਦੀ ਵਰਤੋਂ ਕੀਤੀ ਹੈ ਤਾਂ ਉਸ ਨੂੰ ਉਸੇ ਤਰ੍ਹਾਂ ਅਪਨਾਉਣ ਦਾ ਯਤਨ ਨਹੀਂ ਕੀਤਾ ਸਗੋਂ ਉਸ ਨੂੰ ਆਪਣੇ ਅਨੁਸਾਰ ਪੇਸ਼ ਕੀਤਾ ਹੈ।

ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਅਸ਼ਟਪਦੀ ਦੋ ਤੁਕਾਂ ਤੋਂ ਲੈ ਕੇ ਅਠਾਂ, ਦਸਾਂ ਅਤੇ ਇਥੋਂ ਤਕ ਕਿ ਵੀਹ-ਵੀਹ ਪਦਿਆਂ ਦੀ ਵੀ ਹੈ। ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਭਾਗ ਵਿਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਅਮਰਦਾਸ ਜੀ ਦੀਆਂ ਕਈ ਅਸ਼ਟਪਦੀਆਂ ਤਿੰਨ ਤੁਕਾਂ ਵਿਚ ਹੀ ਮਿਲਦੀਆਂ ਹਨ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀਆਂ ਸੁਖਮਨੀ ਸਾਹਿਬ ਵਿਚ ਦਸ-ਦਸ ਤੁਕਾਂ ਵਾਲੇ ਪਦਿਆਂ ਦੀ ਵੀ।

## 4. ਸੋਲਹੇ

ਆਮ ਤੌਰ ਉੱਤੇ ਜਿਹੜੀ ਵੀ ਰਚਨਾ 16 ਪਦਿਆਂ ਵਾਲੀ ਹੁੰਦੀ ਹੈ, ਉਸ ਨੂੰ 'ਸੋਲਹਾ' ਕਿਹਾ ਜਾਂਦਾ ਹੈ। ਪਰੰਤੂ ਗੁਰੂ ਸਾਹਿਬ ਦੀ ਸੰਪਾਦਨਾ ਦੀ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਨੇ ਇਸ ਬੰਧਨ ਨੂੰ ਬਹੁਤ ਥਾਈਂ ਪ੍ਰਵਾਨ ਨਹੀਂ ਕੀਤਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ 9, 15 ਅਤੇ ਇਥੋਂ ਤਕ ਕਿ 21 ਪਦਿਆਂ ਵਿਚ ਵੀ 'ਸੋਲਹੇ' ਨੂੰ ਦਰਜ ਕੀਤਾ ਗਿਆ ਹੈ। ਇਨ੍ਹਾਂ ਬਾਣੀਆਂ ਦਾ ਵਿਸ਼ਾ ਸੰਸਾਰ ਦੀ ਉਤਪਤੀ ਅਤੇ ਉਸ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ ਅਤੇ ਨਾਲ ਹੀ ਰੱਬ ਦੀ ਸਾਜੀ ਹੋਈ ਇਸ ਦੁਨੀਆਂ ਦੀ ਸੁੰਦਰਤਾ ਦਾ ਬਹੁਤ ਹੀ ਸੁੰਦਰ ਵਰਣਨ ਵੀ ਹੈ।

## 4. ਛੰਤ

ਭਾਰਤੀ ਪਰੰਪਰਾ ਵਿਚ ਇਸ ਕਾਵਿ ਰੂਪ ਨੂੰ ਆਮ ਕਰ ਕੇ ਔਰਤਾਂ ਦੇ ਗੀਤਾਂ ਨਾਲ ਜੋੜਿਆ ਗਿਆ ਸੀ ਅਤੇ ਇਨ੍ਹਾਂ ਗੀਤਾਂ ਦਾ ਸਬੰਧ ਪ੍ਰੇਮ ਜਾਂ ਬਿਰਹਾ ਨਾਲ ਸੀ। ਗੁਰੂ ਪਾਤਸ਼ਾਹ ਨੇ ਇਹੀ ਪਿਆਰ ਦਾ ਪ੍ਰਗਟਾਅ ਪ੍ਰਮਾਤਮਾ ਨਾਲ ਕਰ ਕੇ ਜੀਵ ਨੂੰ ਇਸਤਰੀ ਰੂਪ ਵਿਚ ਪੇਸ਼ ਕੀਤਾ ਜੋ ਆਪਣੇ ਪ੍ਰੇਮੀ ਤੋਂ ਵਿੱਛੜੀ ਹੋਈ ਹੈ ਅਤੇ ਉਸ ਵਿਚ ਲੀਨ ਹੋਣ ਲਈ ਤੱਤਪਰ ਹੈ। ਉਸ ਦੀ ਯਾਦ ਉਸ ਨੂੰ ਵਿਆਕੁਲ ਕਰਦੀ ਹੈ ਅਤੇ ਵਿਆਕੁਲਤਾ ਵਿਚ ਉਹ ਆਪਣੇ ਪ੍ਰੀਤਮ ਦੀ ਸੇਜ ਮਾਨਣ ਲਈ ਉਸ ਦੀ ਉਡੀਕ ਕਰਦੀ ਹੈ।

## 5. ਸਲੋਕ

ਭਾਰਤੀ ਪਰੰਪਰਾ ਵਿਚ ਕਿਸੇ ਦੀ ਉਸਤਤਿ ਵਿਚ ਕੀਤੀ ਗੱਲ ਜਾਂ ਬੋਲੇ ਸ਼ਬਦਾਂ ਨੂੰ ਸ਼ਲੋਕ ਕਿਹਾ ਜਾਂਦਾ ਹੈ, ਜਿਵੇਂ ਯਸ਼ ਦੇ ਛੰਤ ਨੂੰ ਸ਼ਲੋਕ ਆਖੀਦਾ ਹੈ। ਇਹ ਬਹੁਤ ਹੀ ਪੁਰਾਣਾ ਕਾਵਿ ਰੂਪ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਬਹੁਤ ਖ਼ੂਬਸੂਰਤੀ ਨਾਲ ਬਖਾਨ ਕੀਤਾ ਹੋਇਆ ਹੈ। ਗੁਰਬਾਣੀ ਵਿਚ ਪਦਿਆਂ ਤੋਂ ਬਾਅਦ ਸਭ ਤੋਂ ਵਧੇਰੇ ਰੂਪ ਸ਼ਲੋਕਾਂ ਦੇ ਹੀ ਹਨ।

## 6. ਵਾਰ

ਪੰਜਾਬੀ ਭਾਸ਼ਾ ਦਾ ਇਹ ਇਕ ਬਹੁਤ ਹੀ ਮਹੱਤਵਪੂਰਨ ਕਾਵਿ ਰੂਪ ਹੈ। ਇਸ ਦਾ ਸ਼ਾਬਦਿਕ ਅਰਥ ਹੈ ਜੋਸ਼ੀਲੇ ਗੀਤ ਜਿਸ ਵਿਚ ਕਿਸੇ ਸੂਰਮੇ-ਜੋਧਿਆਂ ਦੀਆਂ ਬਹਾਦੁਰੀਆਂ ਦਾ ਵਰਣਨ ਕੀਤਾ ਹੋਵੇ। ਇਹ ਬੀਰ-ਰਸ ਪ੍ਰਧਾਨ ਰਚਨਾਂਵਾਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਗਿਣਤੀ 22 ਹੈ। ਇਨ੍ਹਾਂ ਵਿਚੋਂ 21 ਵਾਰਾਂ ਦਾ ਸਬੰਧ ਗੁਰੂ ਸਾਹਿਬਾਨ ਨਾਲ ਹੈ ਅਤੇ 1 ਵਾਰ ਗੁਰੂ ਘਰ ਦੇ ਕੀਰਤਨੀਏ ਭਾਈ ਸਤਾ ਤੇ ਬਲਵੰਡ ਦੀ ਰਾਮਕਲੀ ਰਾਗ ਵਿਚ ਹੈ।

## 7. ਮੰਗਲ

ਮੰਗਲ ਸ਼ਾਬਦਿਕ ਅਰਥ ਅਨੰਦ, ਖ਼ੁਸ਼ੀ ਅਤੇ ਉਤਸ਼ਾਹ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੰਗਲ ਦੀ ਵਰਤੋਂ ਸਿਰਲੇਖ ਵਜੋਂ ਦੋ ਵਾਰ ਕੀਤੀ ਗਈ ਹੈ - ਛੰਤ ਬਿਲਾਵਲ ਮਹਲਾ 4 ਮੰਗਲ ਅਤੇ ਬਿਲਾਵਲ ਮਹਲਾ 5 ਛੰਤ ਮੰਗਲ। ਇਨ੍ਹਾਂ ਸਿਰਲੇਖਾਂ ਹੇਠ ਦਰਜ ਬਾਣੀ ਖ਼ੁਸ਼ੀ ਦੇ ਭਾਵਾਂ ਨੂੰ ਹੀ ਰੂਪਮਾਨ ਕਰਦੀ ਹੈ। ਬੇਸ਼ਕ ਇਨ੍ਹਾਂ ਸਿਰਲੇਖਾਂ ਤੋਂ ਬਿਨਾ ਮੰਗਲ ਸ਼ਬਦ ਦੀ ਵਰਤੋਂ ਬਹੁ-ਅਰਥਾਂ ਵਿਚ ਵੀ ਹੋਈ ਹੈ।

## 8. ਥਿਤੀ ਤੇ ਥਿੰਤੀ

ਥਿਤੀ ਦਾ ਭਾਵ ਤਿਥੀ, ਤਾਰੀਖ ਜਾਂ ਸਮਾਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂਅਰਜਨ ਦੇਵ ਜੀ ਦੀਆਂ ਰਚਨਾਵਾਂ ਇਸ ਸਿਰਲੇਖ ਹੇਠ ਦਰਜ ਹਨ। ਅਸਲ ਵਿਚ ਇਨ੍ਹਾਂ ਦੋਹਾਂ ਰਚਨਾਵਾਂ ਦਾ ਮੂਲ ਭਾਵ ਭਾਰਤੀ ਪਰੰਪਰਾ ਦੇ ਲੋਕਾਂ

ਨੂੰ ਥਿਤਾਂ ਦੀ ਉਲਝਣ ਤੋਂ ਬਾਹਰ ਕੱਢਣਾ ਅਤੇ ਸ਼ੁਭ ਦਾ ਗਿਆਨ ਕਰਾਉਣਾ ਸੀ। ਗੁਰੂਸਾਹਿਬ ਨੇ ਭਰਮ ਦੇ ਮੁਕਾਬਲੇ ਭਗਤੀ, ਗਿਆਨ, ਸੇਵਾ ਅਤੇ ਸਿਮਰਨ ਦਾ ਉਪਦੇਸ਼ ਦਿੱਤਾ ਅਤੇ ਹਰ ਸਮੇਂ ਨੂੰ ਪਵਿੱਤਰ ਪ੍ਰਵਾਨ ਕੀਤਾ।

ਭਗਤ ਕਬੀਰ ਜੀ ਦੀ ਇਕ ਰਚਨਾ 'ਥਿੰਤੀ' ਹੈ ਜੋ ਗਉੜੀ ਰਾਗ ਵਿਚ ਦਰਜ ਕੀਤੀ ਗਈ। ਇਸ ਵਿਚ ਭਗਤ ਕਬੀਰ ਜੀ ਨੇ ਪੁਰਾਣੀ ਰੂੜ੍ਹੀਆਂ ਅਤੇ ਭਰਮਾਂ ਦਾ ਨਾਸ਼ ਕਰ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ ਅਸਲ ਰਸਤਾ ਦੱਸਿਆ ਹੈ।

### 9. ਦਿਨ ਰੈਣਿ

ਗੁਰੂ ਅਰਜਨ ਪਾਤਸ਼ਾਹ ਦਾ ਇਕ ਸ਼ਬਦ ਇਸ ਮਹੱਤਵਪੂਰਨ ਕਾਵਿ ਰੂਪ ਸਿਰਲੇਖ ਹੇਠ ਦਰਜ ਹੈ। ਇਸ ਸ਼ਬਦ ਵਿਚ ਪਰੰਪਰਾਗਤ ਕਰਮ-ਕਾਂਡਾਂ ਨੂੰ ਛੱਡ ਪ੍ਰਮਾਤਮਾ ਦੇ ਨਾਲ ਜੁੜਨ ਅਤੇ ਸ਼ੁਭ ਕਰਮ ਕਰਨ ਲਈ ਹਰ ਵਕਤ ਸਰਗਰਮ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਅਸਲ ਵਿਚ ਇਸ ਬਾਣੀ ਦਾ ਭਾਵ ਇਹ ਜਾਪਦਾ ਹੈ ਕਿ ਮਨੁੱਖ ਦਿਨ-ਰਾਤ ਅਕਾਲ ਪੁਰਖ ਦਾ ਨਾਮ ਜਪਦਿਆਂ ਖ਼ੁਦ ਅਕਾਲ ਪੁਰਖ ਦਾ ਰੂਪ ਹੋ ਜਾਵੇ।

### 10. ਵਾਰ ਸਤ

ਪੰਜਾਬੀ ਸਭਿਆਚਾਰ ਵਿਚ ਇਸ ਕਾਵਿ ਰੂਪ ਨੂੰ 'ਸਤ ਵਾਰ' ਕਰ ਕੇ ਜਾਣਿਆ ਜਾਂਦਾ ਹੈ ਜਿਸ ਤੋਂ ਭਾਵ ਹੈ ਹਫ਼ਤੇ ਦੇ ਸਤ ਦਿਨ। ਇਨ੍ਹਾਂ ਦਿਨਾਂ ਨੂੰ ਆਧਾਰ ਬਣਾ ਕੇ ਕਿਸੇ ਖ਼ਾਸ ਭਾਵਨਾ ਦਾ ਪ੍ਰਗਟਾਅ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿਚ ਇਸੇ ਸ਼ਬਦ ਨੂੰ ਅਵਸਰ ਜਾਂ ਮੌਕੇ ਵਜੋਂ ਲਿਆ ਗਿਆ ਹੈ। ਅਧਿਆਤਮਕ ਮਹਾਪੁਰਖਾਂ ਵਲੋਂ ਇਸ ਸਤਵਾਰੇ ਨੂੰ ਆਪਣੇ ਅੰਦਰ ਦੀ ਤਾਂਘ ਦੇ ਪ੍ਰਗਟਾਅ ਦਾ ਮਾਧਿਅਮ ਬਣਾਇਆ ਗਿਆ ਹੈ।

ਇਸ ਰਾਹੀਂ ਉਹ ਇਸ਼ਕ-ਹਕੀਕੀ ਦਾ ਵਰਣਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਨਾਲ ਹੀ ਇਹ ਪ੍ਰਵਾਨ ਕਰਦੇ ਹਨ ਕਿ ਇਹ ਰੱਬੀ ਪਿਆਰ ਨੂੰ ਉਹ ਸ਼ਬਦਾਂ ਵਿਚ ਬਿਆਨ ਕਰਨਾ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ 'ਵਾਰ



ਸਤ' ਨਾਂ ਦੀਆਂ ਦੋ ਬਾਣੀਆਂ ਹਨ, ਗੁਰੂ ਅਮਰਦਾਸ ਜੀ ਅਤੇ ਭਗਤ ਕਬੀਰ ਜੀ ਦੀ। ਇਨ੍ਹਾਂ ਦੋਹਾਂ ਰਚਨਾਵਾਂ ਦਾ ਸਿਰਲੇਖ ਮਨੁੱਖ ਨੂੰ ਥਿਤਾਂ ਤੇ ਵਾਰਾਂ ਦੇ ਅੰਧ-ਵਿਸ਼ਵਾਸ ਤੋਂ ਬਾਹਰ ਕੱਢਣ ਨਾਲ ਸਬੰਧਿਤ ਹੈ।

### 11. ਰੁਤੀ

'ਰੁਤੀ' ਤੋਂ ਭਾਵ ਰੁੱਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਕਾਵਿ ਰੂਪ ਦੀ ਵਰਤੋਂ ਗੁਰੂ ਅਰਜਨ ਪਾਤਸ਼ਾਹ ਨੇ ਕੀਤੀ ਹੈ ਜਿਸ ਵਿਚ ਛੇ ਰੁੱਤਾਂ ਦਾ ਵਰਨਣ ਹੈ। ਇਸ ਵਿਚ ਪ੍ਰਮਾਤਮਾ ਨੂੰ ਮਿਲਣ ਦੇ ਵੱਖ-ਵੱਖ ਪੜਾਵਾਂ ਦਾ ਜ਼ਿਕਰ ਹੈ ਅਤੇ ਉਸ ਤੋਂ ਵਿਛੋੜੇ ਨਾਲ ਪੈਦਾ ਹੁੰਦੀ ਤਾਂਘ ਨੂੰ ਵੀ ਪ੍ਰਗਟਾਇਆ ਹੈ। ਇਸ ਤਾਂਘ ਦਾ ਇਕੋ ਇਕ ਹਲ ਪ੍ਰਮਾਤਮਾ ਦਾ ਸਿਮਰਨ ਦੱਸਿਆ ਹੈ।

### 12. ਬਾਰਹ ਮਾਹਾ

ਇਹ ਇਕ ਬਹੁਤ ਹੀ ਮਹੱਤਵ ਪੂਰਨ ਕਾਵਿ ਰੂਪ ਹੈ। ਇਸ ਦਾ ਸਬੰਧ ਬਿਰਹਾ ਨਾਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਹੇਠ ਦੋ ਰਚਨਾਵਾਂ ਦਰਜ ਹਨ - ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਅਤੇ ਮਾਝ ਰਾਗ ਵਿਚ ਗੁਰੂ ਅਰਜਨ ਪਾਤਸ਼ਾਹ ਦੀ। ਇਥੇ ਬੇਸ਼ਕ ਵਿਛੋੜਾ ਤੇ ਬਿਰਹਾ ਹੈ ਪਰ ਇਸ ਦਾ ਸਰੂਪ ਦੁਨਿਆਵੀ ਨਹੀਂ ਬਲਕਿ ਅਧਿਆਤਮਿਕ ਹੈ। ਇਨ੍ਹਾਂ ਰਚਨਾਵਾਂ ਵਿਚ ਕੁਦਰਤ ਵਿਚ ਬਦਲਦੇ ਵਰਤਾਰੇ ਨੂੰ ਪ੍ਰਤੀਕ ਵਜੋਂ ਲੈਂਦਿਆਂ ਮਨੁੱਖ ਦੇ ਧੁਰ ਅੰਦਰ ਉਠਦੀ ਬਿਹਬਲਤਾ ਅਤੇ ਅੰਦਰਲੀ ਤਬਦੀਲੀ ਦਾ ਖ਼ੂਬਸੂਰਤ ਢੰਗ ਨਾਲ ਵਰਨਣ ਕੀਤਾ ਗਿਆ ਹੈ।

### 13. ਪਟੀ

ਪਟੀ ਦਾ ਸ਼ਾਬਦਿਕ ਅਰਥ ਫੱਟੀ ਜਾਂ ਤਖ਼ਤੀ ਹੈ ਜਿਸ ਉੱਤੇ ਬੱਚੇ ਵਰਣਮਾਲਾ ਲਿਖ ਕੇ ਸਿੱਖਦੇ ਹਨ। ਇਸੇ ਨੂੰ ਹੀ ਕਾਵਿ ਰੂਪ ਪ੍ਰਵਾਨ ਕਰਦਿਆਂ ਪੰਜਾਬ ਵਿਚ ਪਟੀ ਕਿਹਾ ਜਾਣ ਲੱਗਾ। ਫ਼ਾਰਸੀ ਅਤੇ ਸੰਸਕ੍ਰਿਤ ਦੋਹਾਂ ਵਿਚ ਹੀ ਇਸ ਦੇ ਰੂਪ ਮਿਲਦੇ ਹਨ ਜਿਨ੍ਹਾਂ ਨੂੰ 'ਸੀਹਰਫ਼ੀ' ਅਤੇ 'ਬਾਵਨ ਅਖਰੀ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਨਾਂ ਦੀਆਂ ਦੋ ਰਚਨਾਵਾਂ ਆਸਾ ਰਾਗੁ ਵਿਚ ਵਿਚ ਦਰਜ ਹਨ ਜਿਨ੍ਹਾਂ ਦਾ ਸਬੰਧ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਅਮਰਦਾਸ ਜੀ ਨਾਲ ਹੈ।ਅਸਲ ਵਿਚ ਪਟੀ ਵਿਚ ਹਰ ਪੰਗਤੀ ਲਿਪੀ ਦੇ ਅੱਖਰ ਨਾਲ ਸ਼ੁਰੂ ਹੁੰਦੀ ਹੈ। ਇਸ ਰਚਨਾ ਦਾ ਵਿਸ਼ਾ ਦਾਰਸ਼ਨਿਕ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ। ਜੀਵ ਦੇ ਪ੍ਰਮਾਤਮਾ ਨੂੰ ਮਿਲਣ ਦਾ ਰਸਤਾ ਅਤੇ ਉਸ ਰਸਤੇ ਉੱਤੇ ਚਲਣ ਦੀਆਂ ਪ੍ਰਾਪਤੀਆਂ ਅਤੇ ਮਾਰਗ-ਦਰਸ਼ਕ ਵਜੋਂ ਗੁਰੂ ਦੀ ਲੋੜ ਦੀ ਮਹਿਮਾ ਦਾ ਇਸ ਵਿਚ ਵਰਨਣ ਹੈ। ਸਿੱਖ ਰਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਸਕੂਲ ਵਿਚ ਦਾਖ਼ਲ ਹੋਣ ਉਪਰੰਤ ਪਾਂਧੇ ਨੂੰ ਪੜ੍ਹਾਉਣ ਲਈ 'ਪਟੀ' ਦੀ ਰਚਨਾ ਕੀਤੀ।

### 14. ਬਾਵਨ ਅਖਰੀ

52 ਅੱਖਰਾਂ ਦੀ ਵਿਆਖਿਆ ਅਤੇ ਇਨ੍ਹਾਂ ਅੱਖਰਾਂ ਨੂੰ ਆਧਾਰ ਬਣਾ ਕੇ ਦਿੱਤੇ ਗਏ ਉਪਦੇਸ਼ ਵਾਲੀ ਰਚਨਾ ਨੂੰ 'ਬਾਵਨ ਅਖਰੀ' ਦਾ ਨਾਂ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਹੇਠ ਦੋ ਰਚਨਾਵਾਂ - ਗੁਰੂ ਅਰਜਨ ਪਾਤਸ਼ਾਹ ਅਤੇ ਭਗਤ ਕਬੀਰ ਜੀ ਦੀਆਂ ਮਿਲਦੀਆਂ ਹਨ ਜੋ ਕਿ ਗਉੜੀ ਰਾਗ ਵਿਚ ਦਰਜ ਹਨ। ਗੁਰੂ ਅਰਜਨ ਦੇਵ ਜੀ ਦੀ ਇਸ ਰਚਨਾ ਦੀਆਂ 55 ਪਉੜੀਆਂ ਹਨ ਅਤੇ ਪਉੜੀਆਂ ਦੇ ਮੁੱਢਲੇ ਅੱਖਰਾਂ ਦਾ ਉਚਾਰਣ ਗੁਰਮੁਖੀ ਵਰਣਮਾਲਾ ਦਾ ਹੈ। ਭਗਤ ਕਬੀਰ ਜੀ ਦੀ ਰਚਨਾ ਦੇ 45 ਛੰਤ ਹਨ ਅਤੇ ਇਸ ਰਚਨਾ ਵਿਚ ਬੇਸ਼ਕ 52 ਅੱਖਰਾਂ ਦੀ ਵਰਤੋਂ ਨਹੀਂ ਕੀਤੀ ਗਈ ਪਰ ਕਾਵਿ ਰੂਪ ਕਰ ਕੇ ਇਸ ਨੂੰ 'ਬਾਵਨ ਅਖਰੀ' ਕਿਹਾ ਗਿਆ ਹੈ।

### 15. ਸਦੁ

'ਸਦੁ' ਦੇ ਕਾਵਿ ਰੂਪ ਪ੍ਰਬੰਧ ਵਿਚ ਅਨੇਕਾਂ ਅਰਥ ਕੀਤੇ ਗਏ ਹਨ। ਆਮ ਕਰ ਕੇ ਸਦੁ ਉਸ ਨੂੰ ਕਿਹਾ ਜਾਂਦਾ ਸੀ ਜਦੋਂ ਕਿਸੇ ਵੀ ਫਿਰਕੇ ਦਾ ਵਿਰਕਤ ਸਾਧੂ ਕਿਸੇ ਗ੍ਰਹਿਸਤੀ ਦੇ ਬੂਹੇ ਅੱਗੇ ਗਜਾ ਕਰਨ ਹਿਤ ਲੰਮੀ ਆਵਾਜ਼ ਲਗਾਉਂਦਾ ਸੀ। ਗੁਰਬਾਣੀ ਵਿਚ ਆਮ ਕਰ ਕੇ ਇਸ ਦੀ ਵਰਤੋਂ ਰੱਬੀ ਬੁਲਾਵੇ ਵਜੋਂ ਲਈ ਗਈ ਹੈ। 'ਸਦੁ' ਇਕ ਵਿਸ਼ੇਸ਼ ਬਾਣੀ ਦਾ ਸਿਰਲੇਖ ਵੀ ਹੈ ਜੋ ਬਾਬਾ ਸੁੰਦਰ ਜੀ ਦੀ ਰਚਨਾ ਹੈ ਅਤੇ ਇਸ ਬਾਣੀ ਦਾ ਸਬੰਧ ਗੁਰੂ ਅਮਰਦਾਸ ਜੀ ਦੇ ਅੰਤਿਮ ਸਮੇਂ ਕੀਤੇ ਉਪਦੇਸ਼ ਨਾਲ ਹੈ।

### 16. ਕਾਫ਼ੀ

'ਕਾਫ਼ੀ' ਸ਼ਬਦ ਦਾ ਸਬੰਧ ਅਰਬ ਦੇਸ਼ ਦੀ ਭਾਸ਼ਾ ਦੇ ਨਾਲ ਹੈ ਅਤੇ ਇਸ ਦੇ ਸ਼ਾਬਦਿਕ ਅਰਥ ਹਨ ਪਿੱਛੇ ਚਲਣਾ। ਇਸਲਾਮ ਧਰਮ ਦੇ ਫ਼ਕੀਰ ਆਮ ਕਰ ਕੇ ਇਸ ਨੂੰ ਰੱਬੀ ਉਸਤਤਿ ਕਰਦਿਆਂ ਗਾਇਆ ਕਰਦੇ ਸਨ ਅਤੇ ਉਨ੍ਹਾਂ ਦੇ ਪਿੱਛੇ-ਪਿੱਛੇ ਉਨ੍ਹਾਂ ਦੇ ਪੈਰੋਕਾਰ ਗਾਇਨ ਕਰਦੇ ਸਨ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਇਸ ਨੂੰ ਇਕ ਰਾਗਣੀ ਪ੍ਰਵਾਨ ਕੀਤਾ ਹੈ।

### 17. ਡਖਣਾ

ਇਸ ਸਿਰਲੇਖ ਹੇਠ ਗੁਰੂ ਅਰਜਨ ਦੇਵ ਸਾਹਿਬ ਦੀ ਬਾਣੀ ਦਰਜ ਹੈ। ਇਹ ਕੋਈ ਛੰਤ ਨਹੀਂ ਹੈ ਪਰ ਇਹ ਗੁਰੂ ਨਾਨਕ ਦੇਵ ਜੀ ਦੀ ਜਨਮ-ਭੂਮਿ ਤੋਂ ਦੱਖਣ ਵੱਲ ਦੀ ਭਾਸ਼ਾ ਹੈ। ਉਥੋਂ ਦੇ ਲੋਕ ਆਮ ਕਰ ਕੇ 'ਦ' ਦੀ ਥਾਂ 'ਡ' ਦੀ ਵਰਤੋਂ ਕਰਦੇ ਸਨ। ਪੱਛਮੀ ਪੰਜਾਬ ਵਿਚ ਇਸ ਦਾ ਅਰਥ ਸੂਤਰਵਾਨ ਕੀਤਾ ਜਾਂਦਾ ਹੈ। ਇਨ੍ਹਾਂ ਅਰਥਾਂ ਅਨੁਸਾਰ ਊਠਾਂ ਵਾਲੇ ਆਪਣੀ ਯਾਤਰਾ ਦਰਮਿਆਨ ਜਿਹੜੇ ਗੀਤ ਹੇਕ ਲਾ ਕੇ ਗਾਉਂਦੇ, ਉਨ੍ਹਾਂ ਨੂੰ 'ਡਖਣੇ' ਕਿਹਾ ਜਾਣ ਲੱਗਾ।

### 18. ਗਾਥਾ

ਗੁਰੂ ਗ੍ਰੰਥ ਸਾਹਿਬ ਵਿਚ ਸਹਸਕ੍ਰਿਤੀ ਸਲੋਕਾਂ ਤੋਂ ਪਿੱਛੋਂ 'ਗਾਥਾ' ਦੀ ਵਰਤੋਂ ਕੀਤੀ ਗਈ ਹੈ। ਅਸਲ ਵਿਚ ਇਹ ਇਕ ਛੰਤ

ਰੂਪ ਹੈ। ਛੰਤ ਦਾ ਭਾਵ ਆਮ ਕਰ ਕੇ ਗਾਇਨ ਤੋਂ ਵੀ ਲਿਆ ਜਾਂਦਾ ਹੈ ਜੋ ਕਿਸੇ ਖ਼ਾਸ ਪ੍ਰਸੰਗ (ਗਾਥਾ) ਨੂੰ ਗੀਤ ਰੂਪ ਵਿਚ ਪੇਸ਼ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਗਾਥਾ' ਰਚਨਾ ਰਾਹੀਂ ਮਨੁੱਖ ਨੂੰ ਅਉਗੁਣ ਛੱਡਣ ਅਤੇ ਪ੍ਰਮਾਤਮਾ ਨਾਮ ਜੋੜਨ ਦੇ ਨਾਲ-ਨਾਲ ਪ੍ਰਮਾਤਮਾ ਦੇ ਨਾਮ ਸਿਮਰਨ ਦੀਆਂ ਪ੍ਰਾਪਤੀਆਂ ਦਾ ਬਿਉਰਾ ਵੀ ਦਿੱਤਾ ਗਿਆ ਹੈ।

### 19. ਫੁਨਹੇ

ਭਾਰਤੀ ਪਰੰਪਰਾ ਵਿਚ ਖ਼ੁਸ਼ੀ ਸਮੇਂ ਦੇ ਗੀਤ ਭਾਵ ਬੱਚੇ ਦਾ ਜਨਮ, ਦੁਲਹੇ ਤੇ ਦੁਲਹਨ ਦੀ ਤਿਆਰੀ ਆਦਿ ਦੇ ਸਮੇਂ ਗਾਇਨ ਕੀਤੇ ਜਾਣ ਵਾਲੇ ਗੀਤਾਂ ਨੂੰ 'ਫੁਨਹੇ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹਰ ਸਮੇਂ ਨੂੰ ਮੰਗਲਮਈ ਸਮਝਿਆ ਜਾਂਦਾ ਹੈ ਅਤੇ ਉਪਦੇਸ਼ ਕੀਤਾ ਗਿਆ ਹੈ ਕਿ ਹਰ ਵਕਤ ਉਸ ਪ੍ਰੀਤਮ ਪਿਆਰੇ ਦੀ ਉਸਤਤਿ ਵਿਚ ਗਾਇਨ ਕਰਨਾ ਤਾਂ ਕਿ **'ਇਹ ਲੋਕ ਸੁਖੀਏ ਪਰਲੋਕ ਸੁਹੇਲੇ'** ਦਾ ਪ੍ਰਸੰਗ ਸਥਾਪਿਤ ਹੋ ਸਕੇ।

### 20. ਸਲੋਕ ਸਹਸਕ੍ਰਿਤੀ

ਇਹ ਉਨ੍ਹਾਂ ਸਲੋਕਾਂ ਦਾ ਸਿਰਲੇਖ ਹੈ ਜਿਹੜੇ ਸੰਸਕ੍ਰਿਤ ਭਾਸ਼ਾ ਦੀ ਰੰਗਤ ਨੂੰ ਰੂਪਮਾਨ ਕਰਦੇ ਹਨ। ਗੁਰੂ ਸਾਹਿਬ ਦੇ ਵੇਲੇ ਕਈ ਬੋਲੀਆਂ ਦੀ ਵਰਤੋਂ ਹੁੰਦੀ ਸੀ ਜਿਨ੍ਹਾਂ ਵਿਚ ਧਾਰਮਿਕ ਲੋਕ ਆਮ ਕਰ ਕੇ ਗਾਥਾ ਜਾਂ ਸਹਸਕ੍ਰਿਤੀ ਦੀ ਵਰਤੋਂ ਕਰਦੇ ਸਨ। ਇਹ ਆਮ ਕਰ ਕੇ ਸਾਰੇ ਹਿੰਦੁਸਤਾਨ ਵਿਚ ਹੀ ਸਮਝੀ ਜਾਂਦੀ ਸੀ। ਜੇ ਬਹੁਤ ਹੀ ਸੁਖੈਨ ਤਰੀਕੇ ਨਾਲ ਇਸ ਨੂੰ ਬਿਆਨ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਦੇਸੀ ਅਤੇ ਸੰਸਕ੍ਰਿਤ ਦਾ ਰਲਿਆ-ਮਿਲਿਆ ਰੂਪ ਸਹਸਕ੍ਰਿਤੀ ਹੈ। ਗੁਰੂ ਪਾਤਸ਼ਾਹ ਨੇ ਇਨ੍ਹਾਂ ਸਲੋਕਾਂ ਵਿਚ ਜਿਥੇ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਹੈ, ਉਥੇ ਰੱਬ ਨਾਲ ਇਕਸੁਰਤਾ ਕਾਇਮ ਕਰਨ ਅਤੇ ਸਮਾਜਿਕ ਰਿਸ਼ਤਿਆਂ ਦੀ ਨਾਸ਼ਮਾਨਤਾ ਨੂੰ ਰੂਪਮਾਨ ਕੀਤਾ ਹੈ। ਇਸ ਦੇ ਨਾਲ ਹੀ ਮਨੁੱਖੀ ਜੀਵਨ ਦਾ ਇਕੋ-ਇਕ ਨਿਸ਼ਾਨਾ **'ਗੋਬਿੰਦ ਮਿਲਣ ਕੀ ਏਹ ਤੇਰੀ ਬਰੀਆ'** ਨਿਸ਼ਚਿਤ ਕੀਤਾ ਹੈ।

### 21. ਸਲੋਕ ਵਾਰਾਂ ਤੇ ਵਧੀਕ

ਗੁਰੂ ਗ੍ਰੰਥ ਸਾਹਿਬ ਦੇ ਅੰਦਰਲੇ ਸਰੂਪ ਤੋਂ ਸਪਸ਼ਟ ਹੈ ਕਿ ਇਸ ਵਿਚ 22 ਵਾਰਾਂ ਦਰਜ ਹਨ। ਵਾਰਾਂ ਵਿਚ ਸਲੋਕ ਦਰਜ ਕਰਨ ਤੋਂ ਬਾਅਦ ਜਿਹੜੇ ਸਲੋਕ ਬਚ ਗਏ, ਉਨ੍ਹਾਂ ਨੂੰ ਇਕ ਵੱਖਰਾ ਸਿਰਲੇਖ ਦਿੱਤਾ ਗਿਆ ਜਿਸ ਨੂੰ 'ਸਲੋਕ ਵਾਰਾਂ ਤੇ ਵਧੀਕ' ਕਿਹਾ ਜਾਂਦਾ ਹੈ। ਇਨ੍ਹਾਂ ਸਲੋਕਾਂ ਦਾ ਵਿਸ਼ਾ ਵੱਖਰਾ-ਵੱਖਰਾ ਹੈ ਅਤੇ ਹਰ ਸਲੋਕ ਵਿਸ਼ੇ ਦੇ ਪੱਖੋਂ ਪੂਰਨ ਤੌਰ ਉੱਤੇ ਸੁਤੰਤਰ ਹੈ। ਗੁਰੂ ਸਾਹਿਬ ਨੇ ਬੇਸ਼ਕ ਇਨ੍ਹਾਂ ਕਾਵਿ ਰੂਪਾਂ ਨੂੰ ਮਾਧਿਅਮ ਵਜੋਂ ਅਪਨਾਇਆ ਪਰ ਉਨ੍ਹਾਂ ਨੂੰ ਆਪਣਾ ਰੂਪ ਅਤੇ ਆਪਣੇ ਅਰਥ ਦਿੱਤੇ, ਜਿਸ ਨਾਲ ਇਨ੍ਹਾਂ ਦਾ ਸਬੰਧ ਨਿਰਾ ਕਾਵਿ-ਰੂਪ ਨਾ ਹੋ ਕੇ **'ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ'** ਦਾ ਪ੍ਰਸੰਗ ਸਥਾਪਿਤ ਕਰ ਦਿੱਤਾ। ਉਪਰੋਕਤ ਸਿਰਲੇਖਾਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਹੋਰ ਮਹੱਤਵ ਪੂਰਨ ਸਿਰਲੇਖ ਵੀ ਹਨ ਜਿਨ੍ਹਾਂ ਦਾ ਸਬੰਧ ਬਾਣੀ ਗਾਇਨ ਨਾਲ ਹੈ। ਇਨ੍ਹਾਂ ਸਿਰਲੇਖਾਂ ਉੱਤੇ ਨਿਗਾਹ ਮਾਰ ਲੈਣੀ ਵੀ ਵਾਜਿਬ ਹੋਵੇਗੀ :

### 1. ਧੁਨੀ

ਧੁਨੀ ਦਾ ਸ਼ਾਬਦਿਕ ਅਰਥ ਹੈ ਸਵਰਾਂ ਦਾ ਅਲਾਪ, ਗੂੰਜ, ਗਾਉਣ ਦਾ ਢੰਗ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਦੇ ਸਮੇਂ 9 ਅਜਿਹੀਆਂ ਵਾਰਾਂ ਚੁਣੀਆਂ ਜਿਨ੍ਹਾਂ ਉੱਤੇ ਗਾਉਣ ਦਾ ਵਿਧਾਨ ਦਰਜ ਕੀਤਾ ਹੈ। ਇਨ੍ਹਾਂ 9 ਧੁਨੀਆਂ ਉੱਤੇ ਹੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਰਬਾਬੀਆਂ ਕੋਲੋਂ ਵਾਰਾਂ ਦਾ ਗਾਇਨ ਕਰਾ ਸਿੱਖਾਂ ਵਿਚ ਬੀਰ ਰਸ ਪੈਦਾ ਕੀਤਾ। ਇਹ 9 ਧੁਨੀਆਂ ਇਸ ਤਰ੍ਹਾਂ ਹਨ :

(1) ਵਾਰ ਮਾਝ ਦੀ ਤਥਾ ਸਲੋਕ ਮਹਲਾ ੧ - (ਅੰਗ ੧੩੭)
ਮਲਕ ਮੁਰੀਦ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।

(2) ਗਉੜੀ ਕੀ ਵਾਰ ਮਹਲਾ ੫ - (ਅੰਗ ੩੧੮)
ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰ ਗਾਵਣੀ।

(3) ਆਸਾ ਮਹਲਾ ੧ ਵਾਰ ਸਲੋਕਾ ਨਾਲਿ (ਅੰਗ ੪੬੨)
ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ।

(4) ਗੂਜਰੀ ਕੀ ਵਾਰ ਮਹਲਾ ੩ - (ਅੰਗ ੫੦੮)
ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ।

(5) ਵਡਹੰਸ ਕੀ ਵਾਰ ਮਹਲਾ ੪ - (ਅੰਗ ੫੮੫)
ਲਲਾਂ ਬਹਲੀਮਾ ਕੀ ਧੁਨਿ ਗਾਵਣੀ।

(6) ਰਾਮਕਲੀ ਕੀ ਵਾਰ ਮਹਲਾ ੩ - (ਅੰਗ ੯੪੭)
ਜੋਧੈ ਵੀਰੈ ਪੂਰਬਾਣੀ ਕੀ ਧੁਨੀ।

(7) ਸਾਰੰਗ ਕੀ ਵਾਰ ਮਹਲਾ ੪ - (ਅੰਗ ੧੨੩੭)
ਰਾਇ ਮਹਮੇ ਹਸਨੇ ਕੀ ਧੁਨਿ।

(8) ਵਾਰ ਮਲਾਰ ਕੀ ਮਹਲਾ ੧ - (ਅੰਗ ੧੨੭੮)
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

(9) ਕਾਨੜੇ ਕੀ ਵਾਰ ਮਹਲਾ ੪ - (ਅੰਗ ੧੩੧੨)
ਮੂਸੇ ਕੀ ਵਾਰ ਕੀ ਧੁਨੀ।

### 2. ਪਉੜੀ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੇ ਕਈ ਛੰਦ 'ਪਉੜੀ' ਸਿਰਲੇਖ ਹੇਠ ਵੀ ਦਰਜ ਵੇਖੇ ਜਾ ਸਕਦੇ ਹਨ। ਪਉੜੀ ਇਕ ਤਰ੍ਹਾਂ ਦਾ ਛੰਦ ਪ੍ਰਬੰਧ ਹੈ। ਇਸ ਵਿਚ ਵਿਸ਼ੇਸ਼ ਕਰ ਕੇ ਯੁੱਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਛੰਦ ਵੀ ਪਉੜੀ ਦੇ ਨਾਮ ਤੋਂ ਹੀ ਪ੍ਰਸਿੱਧ ਹਨ।

## (3) ਪੜਤਾਲ

ਪੜਤਾਲ ਦਾ ਸਬੰਧ ਗਾਇਨ ਨਾਲ ਹੈ। ਪੜਤਾਲ ਤੋਂ ਭਾਵ ਹੈ ਪੱਟਤਾਲ, ਚਾਰ ਤਾਲ ਦਾ ਭੇਦ। ਕੀਰਤਨ ਵਿਚ ਤਾਲ ਨੂੰ ਵਾਰ-ਵਾਰ ਪਰਤਾਏ ਜਾਣ ਨੂੰ ਪੜਤਾਲ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਸਿਰਲੇਖ 'ਪੜਤਾਲ' ਇਸ ਗੱਲ ਦਾ ਸੂਚਕ ਹੈ ਕਿ ਇਸ ਸ਼ਬਦ ਦੇ ਗਾਇਨ ਸਮੇਂ ਸ਼ਬਦ ਦੇ ਹਰ ਅੰਤਰੇ 'ਤੇ ਤਬਲੇ ਦੀ ਤਾਲ ਬਦਲਣੀ ਹੈ।

## (4) ਘਰ

ਘਰ ਦਾ ਸਬੰਧ ਵੀ ਕੀਰਤਨ ਨਾਲ ਹੈ। ਗੁਰਮਤਿ ਵਿਚ ਇਸ ਨੂੰ ਦੋ ਅਰਥਾਂ ਵਿਚ ਵੇਖਿਆ ਗਿਆ ਹੈ - ਤਾਲ ਤੇ ਸਵਰ। ਗੁਰੂ ਗ੍ਰੰਥ ਸਾਹਿਬ ਵਿਚ 1 ਤੋਂ 17 ਤੀਕ ਘਰ ਲਿਖੇ ਹਨ। ਇਸ ਤੋਂ ਗਾਇਨ ਕਰਨ ਵਾਲੇ ਨੂੰ ਸੂਚਨਾ ਮਿਲਦੀ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸ੍ਵਰ-ਪ੍ਰਸਾਰ ਅਨੁਸਾਰ ਗਾਉਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂ ਦੇ ਸਿਰਲੇਖ 'ਤੇ ਆਏ 'ਘਰੁ' ਤੋਂ ਭਾਵ ਹੈ ਇਸ ਸ਼ਬਦ ਦਾ ਗਾਇਨ ਕਿਸ ਘਰ ਵਿਚ ਹੋਣਾ ਹੈ।

## (5) ਰਹਾਉ

ਇਹ ਮੰਨਿਆ ਜਾਂਦਾ ਹੈ ਕਿ ਸ਼ਬਦ ਦਾ ਕੇਂਦਰੀ ਸਬੰਧ ਰਹਾਉ ਦੀ ਤੁਕ ਵਿਚ ਹੁੰਦਾ ਹੈ। ਰਹਾਉ ਦਾ ਅਰਥ ਟੇਕ ਜਾਂ ਸਥਾਈ ਹੈ ਅਤੇ ਉਹ ਪਦ ਜੋ ਗਾਉਣ ਵੇਲੇ ਵਾਰ-ਵਾਰ ਅੰਤਰੇ ਪਿੱਛੋਂ ਵਰਤਿਆ ਜਾਂਦਾ ਹੈ।

## (6) ਰਹਾਉ ਦੂਜਾ

ਇਕ ਸ਼ਬਦ ਵਿਚ ਜਿਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉਥੇ ਇਹ ਪਦ ਵਰਤਿਆ ਹੈ, ਅਤੇ ਦੋਹਾਂ ਵਿਚੋਂ ਗਾਇਨ ਕਰਨ ਵਾਲੇ ਦੀ ਮਰਜ਼ੀ ਹੈ, ਜਿਸ ਟੇਕ ਨੂੰ ਚਾਹੇ ਵਰਤ ਲਵੇ।

## (7) ਜਤਿ

ਜਿਵੇਂ ਆਇਆ ਹੈ 'ਬਿਲਾਵਲ ਮ: ੧ ਥਿਤੀ ਘਰ ੧੦ ਜਤਿ'-ਇਹ ਜਤਿ ਸੰਕੇਤ ਹੈ ਤਬਲੇ ਵਾਲੇ ਲਈ ਕਿ ਉਸ ਨੇ ਇਸ ਸ਼ਬਦ ਦੇ ਗਾਇਨ ਸਮੇਂ ਖੱਬਾ ਹੱਥ ਤਬਲੇ ਤੋਂ ਚੁੱਕ ਕੇ ਖੁੱਲ੍ਹਾ ਵਜਾਉਣਾ ਹੈ। ਇਸ ਤਰ੍ਹਾਂ 'ਗਤਿ' ਹੁੰਦਾ ਹੈ ਜਦ ਸੱਜਾ ਹੱਥ ਕਿਨਾਰੇ 'ਤੇ ਰੱਖ ਕੇ ਹਰਫ ਕੱਢੇ ਅਤੇ ਸਾਥ ਜਾਂ ਕੜਕਟ ਉਦੋਂ ਹੁੰਦਾ ਹੈ ਜਦ ਦੋਵੇਂ ਹੱਥ ਖੁੱਲ੍ਹੇ ਵੱਜਣ। ਇਨ੍ਹਾਂ ਉਕਤ ਸਿਰਲੇਖਾਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਹੋਰ ਸਿਰਲੇਖ ਵੀ ਵਰਤੇ ਗਏ ਹਨ ਜਿਵੇਂ ਪਹਿਰਿਆ ਕੈ ਘਰਿ ਗਾਵਣਾ, ਜੁਮਲਾ, ਜੋੜ, ਸੁਧ, ਸੁਧ ਕੀਚੈ ਆਦਿ।

## ਅੰਕ ਅੰਕਣ ਪ੍ਰਬੰਧ

ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਖ਼ੂਬਸੂਰਤ ਪਹਿਲੂ ਇਹ ਹੈ ਕਿ ਇਸ ਵਿਚ ਕਿਸੇ ਕਿਸਮ ਦਾ ਵਾਧਾ-ਘਾਟਾ ਕਰਨਾ ਸੰਭਵ ਹੀ ਨਹੀਂ ਹੈ। ਹਰੇਕ ਰਾਗ ਵਿਚ ਬਾਣੀ ਅੰਕਿਤ ਕਰਨ ਵੇਲੇ ਵੱਖ-ਵੱਖ ਗੁਰੂ ਸਾਹਿਬ ਵਲੋਂ ਉਚਾਰੇ ਸ਼ਬਦ, ਅਸ਼ਟਪਦੀਆਂ, ਛੰਤ, ਸੋਲਹੇ ਆਦਿ ਦੀ ਗਿਣਤੀ ਦਿੱਤੀ ਗਈ ਹੈ ਅਤੇ ਅਖ਼ੀਰ ਵਿਚ ਕੁਲ ਜੋੜ ਦਿੱਤਾ ਗਿਆ ਹੈ, ਤਾਂ ਕਿ ਕਿਧਰੇ ਵਾਧਾ-ਘਾਟਾ ਨਾ ਕੀਤਾ ਜਾ ਸਕੇ। ਇਹੋ ਤਰਤੀਬ ਭਗਤ ਸਾਹਿਬਾਨ ਦੀ ਬਾਣੀ ਅੰਕਿਤ ਕਰਨ ਵੇਲੇ ਵਰਤੀ ਗਈ ਹੈ। ਉਦਾਹਣ ਵਜੋਂ :

ਸਿਰੀਰਾਗੁ ਮਹਲਾ ੧ ॥ ੩੩ ॥
ਸਿਰੀਰਾਗੁ ਮਹਲਾ ੩ ॥ ੩੩ ॥ ੩੧ ॥ ੬੪ ॥
ਸਿਰੀਰਾਗੁ ਮਹਲਾ ੪ ॥ ੩੩ ॥ ੩੧ ॥ ੬ ॥ ੭੦ ॥
ਸਿਰੀਰਾਗੁ ਮਹਲਾ ੫ ॥ ੩ ॥ ੧੦੦ ॥



## ਗੁਰਬਾਣੀ ਕੀਰਤਨ ਦੀਆਂ ਚੌਕੀਆਂ

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੇਠ ਲਿਖੀਆਂ ਕੀਰਤਨ ਚੌਕੀਆਂ ਸਜਦੀਆਂ ਹਨ :

1. ਤਿੰਨ ਪਹਿਰੇ ਦੀ ਚੌਕੀ
2. ਆਸਾ ਦੀ ਵਾਰ ਦੀ ਚੌਕੀ
3. ਬਿਲਾਵਲ ਦੀ ਪਹਿਲੀ ਚੌਕੀ
4. ਅਨੰਦ ਦੀ ਚੌਕੀ
5. ਚਰਨ ਕੰਵਲ ਦੀ ਚੌਕੀ
6. ਸੋਦਰ ਤੋਂ ਪਹਿਲੀ ਚੌਕੀ
7. ਆਰਤੀ ਦੀ ਚੌਕੀ
8. ਕਲਿਆਣ ਦੀ ਚੌਕੀ
9. ਕਾਨੜੇ ਦੀ ਜਾਂ ਕੀਰਤਨ ਸੋਹਿਲੇ ਦੀ ਚੌਕੀ

ਅਤੇ ਹਰ ਕੀਰਤਨ ਚੌਕੀ ਦੇ ਚਾਰ ਵਰਣ ਹੁੰਦੇ ਹਨ : ਸ਼ਾਨ, ਮੰਗਲਾਚਰਨ, ਸ਼ਬਦ ਗਾਇਨ ਤੇ ਪਉੜੀ। ਸ਼ਬਦ ਗਾਇਨ ਵਿਚ ਧਰੁਪਦ, ਖਿਆਲ, ਅੰਸ ਤੇ ਰਹਾਉ ਹੁੰਦੇ ਹਨ।

◆◆◆

-ਡਾ. ਸਰਬਜਿੰਦਰ ਸਿੰਘ
ਡਾਇਰੈਕਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ
ਪੰਜਾਬੀ ਯੂਨੀਵਰਸਿਟੀ ਪਟਿਆਲਾ



# ਭਾਈ ਲਾਲੋ ਜੀ

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਸੈਂਕੜੇ ਸਾਲ ਪਹਿਲਾਂ ਹਿੰਦੁਸਤਾਨ, ਜ਼ਹਿਨੀ ਅਤੇ ਸਰੀਰਕ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਪੂਰੀ ਤਰ੍ਹਾਂ ਜਕੜਿਆ ਜਾ ਚੁੱਕਾ ਸੀ। ਇਸ ਅਧੋਗਤੀ ਦੇ ਕਾਰਨ ਜਾਣਨ ਲਈ ਕਿਤੇ ਦੂਰ ਜਾਣ ਦੀ ਲੋੜ ਨਹੀਂ। ਬ੍ਰਾਹਮਣਵਾਦ ਦੀਆਂ ਰਹੁ -ਰੀਤੀਆਂ ਅਤੇ ਵਿਤਕਰਿਆਂ ਨੇ ਭਾਰਤੀ ਸਮਾਜ ਵਿਚ ਵੰਡੀਆਂ ਪਾ ਕੇ ਸਮਾਜ ਨੂੰ ਖੋਖਲਾ ਅਤੇ ਖੇਰੂੰ ਖੁਰੂੰ ਕੀਤਾ ਹੋਇਆ ਸੀ।

ਪੁਰਾਤਨ ਭਾਰਤ ਵਿਚ, ਮੰਨੂ ਸਿਮਰਤੀ ਬ੍ਰਾਹਮਣੀ ਸੋਚ ਵਾਲੇ ਧਰਮ ਆਗੂਆਂ ਨੇ, ਆਮ ਲੋਕਾਂ ਨੂੰ ਧਰਮ ਦੀ ਰੌਸ਼ਨੀ ਦੇਣ ਦੀ ਥਾਂ, ਸਮਾਜ ਨੂੰ ਜ਼ਾਤ-ਵਰਣ ਵਿਚ ਵੰਡ ਦਿੱਤਾ ਸੀ। ਬ੍ਰਾਹਮਣ ਨੇ ਵਿਦਿਆ ਆਪਣੇ ਹੱਕ ਵਿਚ ਰਖ ਕੇ ਸਮਾਜ ਨੂੰ ਚਾਰ ਵਰਣਾ ਦੀ ਹੱਦਬੰਦੀ ਦਾ ਗੁਲਾਮ ਬਣਾਉਣਾ ਹੀ ਅਪਣਾ ਮੰਤਵ ਬਣਾ ਲਿਆ ਸੀ। ਇਸੇ ਬ੍ਰਾਹਮਣੀ ਸੋਚ ਨੇ ਬੁਤ-ਪਰੱਸਤੀ ਨੂੰ ਪ੍ਰਚਲਤ ਕਰ ਕੇ ਲੋਕਾਂ ਨੂੰ ਭਰਮਾਂ ਦਾ ਗੁਲਾਮ ਬਣਾ ਕੇ ਕਮਾਈ ਦਾ ਸਾਧਨ ਬਣਾ ਲਿਆ। ਲੋਕਾਂ ਦਿਆਂ ਮਨਾਂ ਵਿਚ ਇੱਕ ਦੂਜੇ ਲਈ ਨਾ ਕੇਵਲ ਹੀਣ-ਭਾਵਨਾ ਹੀ ਭਰੀ, ਸਗੋਂ ਧਰਮ ਦੇ ਨਾਮ ਤੇ ਅਜਿਹੇ ਰਿਵਾਜ ਤੇ ਕਾਨੂੰਨ ਵੀ ਥਾਪੇ, ਜਿਨ੍ਹਾਂ ਦੇ ਨਾਲ ਬ੍ਰਾਹਮਣਾਂ ਦੀਆਂ ਸਰਦਾਰੀਆਂ ਬਣੀਆਂ ਰਹਿਣ।

'ਮੰਨੂ ਸਿਮਰਤੀ' ਜ਼ਾਤ ਪ੍ਰਣਾਲੀ ਨੂੰ ਦੈਵੀ (ਰੱਬੀ) ਦੇਣ ਪ੍ਰਮਾਣਿਤ ਕਰਦੀ ਹੈ। ਇਸੇ ਕਾਰਨ ਪੁਰਾਤਨ ਸਮਿਆਂ ਵਿਚ, ਬ੍ਰਾਹਮਣ ਸਮਾਜ ਨੂੰ ਅਨੇਕਾਂ ਰਿਆਇਤਾਂ ਨਾਲ ਨਿਵਾਜਿਆ ਜਾਂਦਾ ਰਿਹਾ। ਬ੍ਰਾਹਮਣੀ ਰਸੂਖ ਹੇਠ, ਅਹਿਲਕਾਰ ਅਤੇ ਸਰਕਾਰੀ ਕਰਮੀ ਆਪਣੇ ਕਰਤੱਵ ਨੂੰ ਭੁਲਾ ਕੇ ਆਮ ਰਿਆਇਆ ਦੀਆਂ ਮੁਸੀਬਤਾਂ ਵਿਚ ਵਾਧਾ ਕਰਨ ਵਲ ਹੀ ਰੁਝਾਣ ਰਹੇ। ਊਚ-ਸ਼੍ਰੇਣੀ ਕਹਾਉਣ

ਵਾਲੇ ਸਮਾਜ ਦੁਆਰਾ ਸ਼ੂਦਰਾਂ ਨਾਲ ਕੀਤੀਆਂ ਜਾਣ ਵਾਲੀਆਂ ਅਨੇਕਾਂ ਵਧੀਕੀਆਂ ਕਾਰਨ, ਸ਼ੂਦਰਾਂ ਨੂੰ ਉਨ੍ਹਾਂ ਦਾ ਗੁਲਾਮ ਬਣਾ ਦਿੱਤਾ। ਸ਼ੂਦਰਾਂ ਨੂੰ ਉਨ੍ਹਾਂ ਦੇ ਪਿਛਲੇ ਜਨਮਾਂ ਦੀਆਂ ਕੀਤੀਆਂ ਦੀ ਸਜ਼ਾ ਭੁਗਤਣ ਲਈ, ਰੱਬ ਦੀ ਮਰਜ਼ੀ ਦਸਦਿਆਂ, ਸਮਾਜਿਕ ਜੀਵਨ ਜਾਚ ਬਣਾ ਦਿੱਤੀ। ਵਿਦਿਆ ਹੀਣਾ ਬਹੁਤਾ ਭਾਰਤੀ ਸਮਾਜ ਸਾਂਝੀਵਾਲਤਾ ਅਤੇ ਇਤਫ਼ਾਕ ਨੂੰ ਭੁਲਾ ਕੇ ਅੰਧਕਾਰ ਤੇ ਅਡੰਬਰਾਂ ਵਿਚ ਗਲਤਾਨ ਹੋ ਗਿਆ।

ਗੁਰੂ ਨਾਨਕ ਸਾਹਿਬ ਸਮਾਜ ਨੂੰ ਅੰਧਵਿਸ਼ਵਾਸ ਦੀ ਗੂੜ੍ਹੀ ਨੀਂਦ ਚੋਂ ਉਠਾਣ ਵਲ ਰੁਝਾਣ ਹੋਏ। ਸਿੱਖ ਧਰਮ ਦੇ ਬੁਨਿਆਦੀ ਸਰੋਕਾਰ ਸਮਾਜਵਾਦੀ ਲੋਕਤੰਤਰ ਦੀ ਉਸਾਰੀ ਨਾਲ ਜੋੜਨ ਲਈ, ਲੋਕਾਂ ਨੂੰ ਸੱਚ, ਅਣਖ, ਪਿਆਰ, ਆਜ਼ਾਦੀ ਅਤੇ ਦਸਾਂ ਨਹੁੰਆਂ ਦੀ ਸੱਚੀ ਕ੍ਰਿਤ ਦੀ ਕਮਾਈ ਨਾਲ ਗ੍ਰਹਿਸਥ ਜੀਵਨ ਨੂੰ ਚਲਾਉਣ ਅਤੇ ਵੰਡ ਕੇ ਛੱਕਣ ਦੇ ਨਾਲ, ਨਾਮ ਜਪਣ ਦਾ ਸੁਨੇਹਾ ਦਿੱਤਾ। **'ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ'** ਉਚਾਰ ਕੇ ਬ੍ਰਾਹਮਣੀ ਮੱਤ ਦੀ ਆਧਾਰਸ਼ਿਲਾ ਜ਼ਾਤ-ਪਾਤ ਦੀ ਰੀਤੀ-ਰਿਵਾਜ ਦੀ ਮਾਨਵ ਵਿਰੋਧੀ ਪਹੁੰਚ ਦਾ, ਨਾ ਸਿਰਫ ਖੰਡਨ ਹੀ ਕੀਤਾ ਸਗੋਂ, ਬ੍ਰਾਹਮਣੀ ਸੋਚ ਵਾਲੇ ਰਿਵਾਜ ਦਾ,

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨਾ ਹੇ॥**
**(ਆਸਾ ਮਹਲਾ ੧, ਅੰਗ ੩੪੯)**

ਅਤੇ

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥**
**ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ ੨॥**
**(ਆਸਾ ਕੀ ਵਾਰ ਮ ੧, ਅੰਗ ੪੬੯)**

ਸ਼ਬਦਾਂ ਵਿਚ ਭਾਰਤੀ ਸਮਾਜ ਦੁਆਰਾ ਲਤਾੜੇ ਗਏ ਵਰਗ ਦੇ ਉਧਾਰ ਅਤੇ ਜਗਤ ਕਲਿਆਣ ਦਾ ਬੀੜਾ ਚੁੱਕਿਆ।

ਬ੍ਰਾਹਮਣ ਤੇ ਉੱਚੀ ਜ਼ਾਤ ਕਹਾਉਣ ਵਾਲੀ ਸੋਚ ਦਿਆਂ ਲੋਕਾਂ ਨੂੰ ਰਾਹੇ ਪਾਉਣ ਖਾਤਰ, ਆਪਣੀ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਆਰੰਭ ਕਰ ਕੇ ਸੈਦਪੁਰ -ਸਯੱਦਪੁਰ( ਅਜੋਕਾ ਨਾਮ ਐਮਨਾਬਾਦ) ਦੇ ਸ਼ੂਦਰ ਕਹਾਉਣ ਵਾਲੇ ਭਾਈ ਲਾਲੋ ਨੂੰ ਚੁਣਿਆ।

ਦੇਖਣ ਵਿੱਚ ਆਉਂਦਾ ਹੈ ਕਿ ਅਕਸਰ ਮਰੀਜ਼ ਨੂੰ ਆਪਣੇ ਇਲਾਜ ਲਈ, ਕਿਸੇ ਚੰਗੇ ਡਾਕਟਰ ਜਾਂ ਹਕੀਮ ਦੀ ਜਾਣਕਾਰੀ ਪ੍ਰਾਪਤ ਕਰ ਕੇ, ਆਪਣਾ ਇਲਾਜ ਕਰਵਾਉਣ ਲਈ, ਉਸ ਤਕ ਪੁਜਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਜੁੜੀਆਂ ਘਟਨਾਵਾਂ ਬਾਰੇ ਵਿਚਾਰ ਕਰਦਿਆਂ, ਇੱਕ ਅਜੀਬ ਅਹਿਸਾਸ ਤਾਂ ਜ਼ਰੂਰ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਿਨ੍ਹਾਂ ਵਕਤਾਂ ਵਿਚ ਆਦਮੀ ਨੂੰ ਆਵਾਜਾਈ ਦੇ ਸਾਧਨਾ ਦਾ ਗਿਆਨ ਤਕ ਨਹੀਂ ਸੀ, ਪੈਦਲ ਚਲਦਿਆਂ, ਹਿੰਦੁਸਤਾਨ ਦੀ ਧਰਤੀ ਹੀ ਨਹੀਂ, ਦੁਨੀਆਂ ਦੇ ਅਨੇਕ ਦੇਸ਼ਾਂ ਦੀਆਂ ਸੀਮਾਵਾਂ ਅਤੇ ਪਹਾੜ ਪੁਲਾਂਘੇ, ਸਮੁੰਦਰਾਂ ਦੇ ਸੀਨੇ ਚੀਰ ਕੇ, ਲੋਕਾਂ ਦੀ ਭਲਾਈ ਲਈ ਦੇ ਸਾਲੋ-ਸਾਲ ਸਫਰ ਕੀਤੇ। ਸਮਾਜਵਾਦੀ ਲੋਕਤੰਤਰ ਦੀ ਬੁਨਿਆਦ ਤੇ ਜ਼ਾਤ-ਪਾਤ ਤੋਂ ਉਪਰ ਉੱਠ ਕੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇ ਕੇ ਭੈੜਿਆਂ ਦੀ ਬੁਰਾਈ ਛੁੜਵਾ, ਕੌਡੇ ਵਰਗੇ ਮਾਸ ਖਾਣਿਆਂ ਨੂੰ ਆਦਮੀ ਬਣਾ, ਸਿੱਧਾਂ, ਜੋਗੀਆਂ ਅਤੇ ਹੰਕਾਰੀਆਂ ਦਾ ਹੰਕਾਰ ਕਰਨਾ ਛੁੜਵਾ, ਠੱਗਾਂ ਨੂੰ ਸੱਜਣ ਬਣਾ, ਜਾਦੂਗਰਨੀਆਂ ਨੂੰ ਸਾਧਾਰਨ ਮਨੁੱਖਾਂ ਵਿਚ ਪਰਵਰਤਿਤਿ ਕਰ ਦਿੱਤਾ। ਜਿਹੜੇ ਸੰਤੋਖੀ ਪੁਰਖ ਸਮਾਜ ਦੇ ਹੱਥੀਂ ਸਤਕਾਰਹੀਣਤਾ ਦਾ ਸ਼ਿਕਾਰ ਹੋ ਕੇ ਲਤਾੜੇ ਜਾ ਰਹੇ ਸਨ, ਅਤੇ ਜਿਹੜੇ ਗੁਣਵੰਤ ਲੋਕ ਅਗਿਆਨਤਾ ਦੀ ਰਾਹ 'ਤੇ ਅਧਰਮੀ ਹੋ ਤੁਰੇ ਸਨ, ਉਨ੍ਹਾਂ ਦੇ ਕਲਿਆਣ ਲਈ, ਉਨ੍ਹਾਂ ਨੂੰ ਸੱਚ ਦੇ ਮਾਰਗ ਦਾ ਪਾਂਧੀ ਬਣਾ ਕੇ ਧਰਮ ਨੂੰ ਬਹਾਲ ਕਰਨਾ ਹੀ ਗੁਰੂ ਨਾਨਕ ਸਾਹਿਬ ਦਾ ਕਲਯੁਗ ਵਿਚ ਅਵਤਾਰ ਧਾਰਨ ਦਾ ਮਿਸ਼ਨ ਸੀ।

ਕਮਾਲ ਦੀ ਗੱਲ ਇਹ ਵੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਿਸ ਕਿਸੇ ਨੂੰ ਸੱਚ ਦਾ ਮਾਰਗ ਦਿਖਾ, ਸਿੱਧੇ ਰਾਹ ਪਾਇਆ ਉਸ ਨੂੰ ਜਤਾਇਆ ਤਕ ਨਹੀਂ। ਗੁਰੂ ਨਾਨਕ ਸਾਹਿਬ ਨੇ ਕਿਸੇ ਗੱਲ ਦਾ ਮਾਣ, ਕਿਸੇ ਹੁਨਰ ਦਾ ਪ੍ਰਗਟਾਵਾ 'ਤੇ ਨਾ ਹੀ ਕਿਸੇ ਭਲਾਈ ਦਾ ਦਾਅਵਾ ਹੀ ਕੀਤਾ। ਹੁਣ ਜ਼ਿਹਨ ਵਿਚ ਇਹ ਸਵਾਲ ਉਠਣਾ ਤਾਂ ਲਾਜ਼ਮੀ ਹੈ ਕਿ ਜਿਨ੍ਹਾਂ ਮਰੀਜ਼ਾਂ ਦਾ ਗੁਰੂ ਨਾਨਕ ਸਾਹਿਬ ਨੇ ਇਲਾਜ/ਉਧਾਰ ਕੀਤਾ, ਉਨ੍ਹਾਂ ਤੇ ਉਨ੍ਹਾਂ ਦੇ ਠਿਕਾਣਿਆਂ ਦਾ ਗੁਰੂ ਨਾਨਕ ਸਾਹਿਬ ਨੂੰ ਪਤਾ ਕਿਵੇਂ ਚਲਿਆ? ਨਿਰਸੰਦੇਹ, ਇਹ ਗੱਲ ਆਪ-ਮੁਹਾਰੇ ਸਮਝ ਆ ਜਾਂਦੀ ਹੈ ਕਿ ਉਨ੍ਹਾਂ ਘੋਰ-ਸੰਕਟ ਦੇ ਸਮਿਆਂ ਵਿੱਚ, ਕੇਵਲ ਤੇ ਕੇਵਲ 'ਅਕਾਲ ਰੂਪ' ਗੁਰੂ ਨਾਨਕ ਸਾਹਿਬ ਦੇ ਦੈਵੀ ਗਿਆਨ **'ਆਪੇ ਪਟੀ ਕਲਮਿ ਅਪਿ ਆਪੇ ਲਿਖਣਹਾਰਾ ਹੋਆ।' (ਭਾਈ ਗੁਰਦਾਸ ਜੀ)** ਕਾਰਨ ਹੀ ਸੰਭਵ ਹੋਇਆ।

ਕਿੰਨੇ ਭਾਗਾਂ ਵਾਲੇ ਹੋ ਸਕਦੇ ਹਨ ਭਾਈ ਲਾਲੋ ਜੀ, ਇਸ ਤੱਥ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਹੈ, ਗੁਰੂ ਨਾਨਕ ਸਾਹਿਬ ਨੇ, ਜਗਤ ਉਧਾਰਣ ਫੇਰੀ ਦਾ ਆਰੰਭ ਹੀ ਜਿਸ ਦੇ ਘਰ ਵਿਚ ਚਰਨ ਪਾ ਕੇ ਕੀਤਾ। ਭਾਈ ਸੰਤੋਖ ਸਿੰਘ ਜੀ, ਸੂਰਜ ਪ੍ਰਕਾਸ਼, ਪੰਨਾ 35 ਤੇ ਲਿਖਦੇ ਹਨ ਕਿ "ਗੋਇੰਦਵਾਲ ਤੋਂ ਬਿਆਸਾ ਨਦੀ ਨੂੰ ਪਾਰ ਕਰਕੇ ਰਸਤੇ ਵਿਚ ਕਈ ਨਗਰਾਂ ਦੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਆਪ ਜੀ ਲਾਹੌਰ ਤੋਂ ਹੋ ਕੇ ਏਮਨਾਬਾਦ ਆਪਣੇ ਇਕ ਪੁਰਾਤਨ ਮੇਲੀ ਭਾਈ ਲਾਲੋ ਪਾਸ ਚਲੇ ਗਏ।" ਭਾਈ ਲਾਲੋ ਜੀ ਗੁਰੂ ਨਾਨਕ ਸਾਹਿਬ ਤੋਂ ਉਮਰ ਵਿਚ ਸਤਾਰਾਂ ਸਾਲ ਵੱਡੇ ਸਨ। ਗੁਰੂ ਨਾਨਕ ਸਾਹਿਬ ਦੇ ਮੁਢਲੇ ਜੀਵਨ ਨਾਲ ਸੰਬੰਧ ਰੱਖਦੀਆਂ ਸਾਖੀਆਂ ਵਿਚ, ਭਾਈ ਲਾਲੋ ਦਾ ਬਿਆਨ ਕਿਧਰੇ ਨਹੀਂ ਮਿਲਦਾ। ਇਸ ਤੋਂ ਇਲਾਵਾ ਭਾਈ ਲਾਲੋ ਜੀ ਦੇ ਪਿਤਾ ਭਾਈ ਜਗਤ ਰਾਮ ਨੇ ਸੈਦਪੁਰ (ਸੱਯਦਪੁਰ) ਏਮਨਾਬਾਦ ਵਿਚ ਸਥਿਤ, ਇਸੇ ਘਰ ਵਿਚ ਰਹਿੰਦੇ ਸਨ, ਜਿੱਥੇ ਉਨ੍ਹਾਂ ਨੇ ਆਪਣੇ ਘਰ ਦੀਆਂ ਲੋੜਾਂ ਲਈ ਇਕ ਖੂਹੀ

ਖੁਦਵਾਈ ਹੋਈ ਸੀ, ਜਿਸ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ, ਕਿ ਭਾਈ ਲਾਲੋ ਜੀ ਦਾ ਜਨਮ ਵੀ ਇਸੇ ਘਰ ਵਿਚ ਹੋਇਆ ਹੋਏਗਾ ! ਇਸ ਲਈ ਭਾਈ ਲਾਲੋ ਜੀ ਨੂੰ ਗੁਰੂ ਨਾਨਕ ਸਾਹਿਬ ਦਾ 'ਪੁਰਾਤਨ ਮੇਲੀ' ਦਸਣਾ ਇਤਿਹਾਸ ਦੀ ਗਲਤ ਬਿਆਨੀ ਲਗਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਸੈਦਪੁਰ(ਏਮਨਾਬਾਦ) ਨਿਵਾਸੀ ਘਟਾਓੜਾ ਜਾਤਿ ਦਾ, ਇਕ ਪ੍ਰੇਮੀ ਤਰਖਾਣ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੰਨ ਸਿੱਖ ਹੋਇਆ, ਗੁਰੂ ਨਾਨਕ ਸਾਹਿਬ ਇਸ ਦੇ ਘਰ ਬਹੁਤ ਦਿਨ ਵਿਰਾਜੇ ਹਨ। ਇਸੇ ਪ੍ਰੇਮੀ ਨੂੰ ਸੰਬੋਧਨ ਕਰ ਕੇ, **"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।"** ਤਿਲੰਗ ਰਾਗ ਵਿਚ ਸ਼ਬਦ ਉਚਾਰਨ ਕੀਤਾ ਹੈ"।(ਮਹਾਨ ਕੋਸ਼ ਪੰਨਾ 798 ਐਡੀਸ਼ਨ 2004)।

ਵਿਦਵਾਨਾਂ ਦਾ ਖਿਆਲ ਹੈ ਕਿ ਸੰਮਤ 1578 (ਸੰਨ 1521) ਤੋਂ ਪਹਿਲਾਂ ਭਾਈ ਲਾਲੋ ਜੀ ਦਾ ਨਗਰ, ਸੈਦਪੁਰ ਸੰਦਿਆਲੀ ਅਖਵਾਉਂਦਾ ਸੀ। ਸੰਨ 1520 ਵਿਚ ਬਾਬਰ ਨੇ ਸੈਦਪੁਰ ਤੇ ਹਮਲਾ ਕਰ ਕੇ ਬਰਬਾਦ ਕਰ ਦਿੱਤਾ। ਸੈਦਪੁਰ ਨਿਵਾਸੀਆਂ ਦੇ ਨਾਲ ਗੁਰੂ ਨਾਨਕ ਸਾਹਿਬ ਨੂੰ ਵੀ ਬੰਦੀ ਬਣਾ ਕੇ ਚੱਕੀ ਪੀਸਣ ਦਾ ਹੁਕਮ ਸੁਣਾਇਆ ਗਿਆ। ਐਮਨਾਬਾਦ ਵਿਚ ਉਸ ਸਥਾਨ ਤੇ ਹੁਣ ਗੁਰਦਵਾਰਾ ਚੱਕੀ ਸਾਹਿਬ ਵਿਰਾਜਮਾਨ ਹੈ ਅਤੇ ਗੁਰੂ ਨਾਨਕ ਸਾਹਿਬ ਦੀ ਛੋਹ ਪ੍ਰਾਪਤ ਚੱਕੀ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ। ਗੁਰੂ ਨਾਨਕ ਸਾਹਿਬ ਨੇ ਜਦੋਂ ਸੈਦਪੁਰ ਨਿਵਾਸੀਆਂ ਨੂੰ ਬਾਬਰ ਦੀ ਕੈਦ ਚੋਂ ਛੁੜਾ ਕੇ ਲੜਾਈ ਦੇ ਮਾਹੌਲ ਤੋਂ ਨਿਜਾਤ ਦਿਵਾਈ ਤਦ ਤੋਂ ਸੈਦਪੁਰ (ਸੱਯਦਪੁਰ) ਦਾ ਨਾਮ ਐਮਨਾਬਾਦ ਪੈ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋ ਜੀ ਦੇ ਘਰ ਪੁਜਣ ਤੋਂ ਪਹਿਲੀ ਰਾਤ ਰੋੜ੍ਹੀ ਦੇ ਇੱਕ ਢੇਰ ਦੇ ਲਾਗੇ ਇੱਕ ਸੰਘਣੇ ਰੁੱਖ ਦੇ ਹੇਠਾਂ ਬਿਤਾਈ। ( ਇੱਥੇ ਇਹ ਕਹਿਣਾ ਕੁਥਾਏਂ ਨਹੀਂ ਹੋਏਗਾ ਕਿ ਜੇ ਭਾਈ ਲਾਲੋ ਜੀ ਗੁਰੂ ਸਾਹਿਬ ਨੂੰ ਪਹਿਲਾਂ ਤੋਂ ਜਾਣਦੇ ਹੁੰਦੇ ਤਾਂ, ਗੁਰੂ ਨਾਨਕ ਸਾਹਿਬ ਰਾਤ ਰੋੜ੍ਹੀ ਸਾਹਿਬ ਦੇ ਸਥਾਨ ਤੇ ਬਿਤਾਉਣ ਦੀ ਥਾਂ ਸਿੱਧੇ ਭਾਈ ਲਾਲੋ ਜੀ ਦੇ ਘਰ ਹੀ ਵਿਰਾਜਦੇ) ਉਸ ਸਥਾਨ ਤੇ ਹੁਣ ਗੁਰਦਵਾਰਾ ਰੋੜ੍ਹੀ ਸਾਹਿਬ ਵਿਰਾਜਮਾਨ ਹੈ।

ਐਮਨਾਬਾਦ ਨਿਵਾਸੀ, ਭਾਈ ਲਾਲੋ ਜੀ ਦਾ ਜਨਮ ਸੰਨ 1452 ਵਿਚ ਹੋਇਆ ਮੰਨਿਆ ਜਾਂਦਾ ਹੈ। ਇਕ ਸੱਚੇ, ਮਿਹਨਤੀ ਤੇ ਇਮਾਨਦਾਰ ਕਿਰਤੀ, ਭਾਈ ਲਾਲੋ ਗੁਰੂ ਨਾਨਕ ਸਾਹਿਬ ਤੋਂ ਉਮਰ ਵਿਚ 17 ਸਾਲ ਵੱਡੇ ਸਨ। ਉਨ੍ਹਾਂ ਸਮਿਆਂ ਵਿਚ, ਅਖੌਤੀ ਉੱਚੀਆਂ ਜ਼ਾਤਾਂ ਵਾਲੇ ਲੋਕੀ ਆਪਣੀ ਜ਼ਾਤ ਦਾ ਮਾਣ ਕਰਦਿਆਂ, ਨੀਵੀਆਂ ਜ਼ਾਤਾਂ ਵਾਲਿਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ। ਸੈਦਪੁਰ ਸੰਦਿਆਲੀ ਦੇ ਅਖੌਤੀ ਉੱਚੀ ਜ਼ਾਤ ਵਾਲੇ ਵੀ, ਆਪਣੀ ਲੋੜ ਵੇਲੇ, ਆਪਣਿਆਂ ਘਰਾਂ ਵਿਚ ਤਰਖ਼ਾਣੀ ਕੰਮ, ਭਾਈ ਲਾਲੋ ਜੀ ਪਾਸੋਂ ਕਰਵਾਉਣ ਵਿਚ ਹਰਜ਼ ਨਾ ਸਮਝਦੇ, ਪਰ ਭਾਈ ਲਾਲੋ ਨੂੰ ਸ਼ੂਦਰ ਜਾਣ ਕੇ ਉਨ੍ਹਾਂ ਨਾਲ ਮੇਲ-ਜੋਲ ਵਧਾਉਣ ਵਿਚ ਆਪਣੀ ਹੇਠੀ ਸਮਝਦਿਆਂ ਦੂਰੀ ਰਖਦੇ ਸਨ। ਭਾਈ ਲਾਲੋ ਤੇ ਉਸ ਦੀ ਧਰਮ ਪਤਨੀ ਬੀਬੀ ਲਾਜੋ, ਭਾਈ ਲਾਲੋ ਜੀ ਦੀ ਇਮਾਨਦਾਰੀ ਅਤੇ ਮਿਹਨਤ ਦੀ ਕਮਾਈ ਨਾਲ ਜੋ ਰੁੱਖੀ ਸੁੱਕੀ ਮਿਲ ਜਾਂਦੀ, ਉਸੇ ਨਾਲ ਪਰਿਵਾਰ ਦਾ ਗੁਜ਼ਾਰਾ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦੇ 'ਤੇ ਰੱਬ ਦਾ ਸ਼ੁਕਰ ਮਨਾਉਂਦੇ। ਅਖੌਤੀ ਜ਼ਾਤ ਵਾਲਿਆਂ ਦੁਆਰਾ ਭਾਈ ਲਾਲੋ ਜੀ ਦੇ ਪਿਤਾ ਭਾਈ ਜਗਤ ਰਾਮ ਨਾਲ ਵੀ ਦੂਰੀ ਰੱਖਣ ਕਾਰਨ ਉਨ੍ਹਾਂ ਨੇ ਆਪਣੇ ਸਮੇਂ ਵਿਚ ਆਪਣੇ ਘਰ ਵਿਚ ਪਾਣੀ ਦੀਆਂ ਲੋੜਾਂ ਲਈ ਘਰ ਦੇ ਵੇਹੜੇ ਵਿਚ ਇੱਕ ਖੂਹੀ ਖੁਦਵਾ ਲਈ ਸੀ।

ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਦੇ ਸਮੇਂ, ਸੁਲਤਾਨਪੁਰ ਤੋਂ ਚਾਲੇ ਪਾ ਕੇ, ਗੋਇੰਦਵਾਲ ਰਾਹੀਂ ਦੋ ਸਥਾਨਾਂ ਤੇ, ਦੋ ਦੋ ਦਿਨ ਠਹਿਰਦੇ ਹੋਏ, ਤਕਰੀਬਨ ਛੇਆਂ ਦਿਨਾਂ ਬਾਅਦ, ਸੈਦਪੁਰ ਵਿਖੇ, ਭਾਈ ਲਾਲੋ ਦੇ ਘਰ ਵਿਰਾਜੇ। ਸੈਦਪੁਰ(ਸੱਯਦਪੁਰ) ਇਕ ਪੁਰਾਤਨ ਸ਼ਹਿਰ ਸੀ, ਜਿਸ ਦੇ ਬਜ਼ਾਰਾਂ, ਗਲੀਆਂ ਚੋਂ ਲੰਘਦਿਆਂ ਸੈਦਪੁਰ ਵਾਸੀਆਂ ਦੇ ਘਰਾਂ ਅਤੇ ਮੰਦਰਾਂ ਕੋਲੋਂ ਲੰਘਦਿਆਂ ਸੰਦਲ ਦੀ ਖ਼ੁਸ਼ਬੋ ਅਤੇ ਮੰਦਰਾਂ ਦੇ ਆਕਾਰ ਤੋਂ ਉਨ੍ਹਾਂ ਦੇ ਮੰਨਣ ਵਾਲਿਆਂ ਦੇ ਧਾਰਮਿਕ ਫਲਸਫੇ ਅਤੇ ਹੈਸੀਅਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਮੁਸਲਮਾਨ ਭਾਵੇਂ ਘਟ ਗਿਣਤੀ ਵਿਚ ਲਗਦੇ ਸਨ ਪਰ ਉਨ੍ਹਾਂ ਦਿਆਂ ਘਰਾਂ ਤੋਂ ਸਮਾਜ ਦੇ ਇਸ ਵਰਗ ਦੀ ਰਈਸੀ ਦੀ ਝਲਕ ਦਿਸ ਆਉਂਦੀ ਸੀ। ਬਾਜ਼ਾਰਾਂ ਵਿਚ ਮੂਰਤੀਆਂ ਦੇ ਭੰਡਾਰ ਅਤੇ ਮੰਦਰਾਂ ਦੇ ਸਾਹਮਣਿਉਂ ਲੰਘਦਿਆਂ ਹਿੰਦੂ ਵਪਾਰੀ ਤਬਕੇ ਦਾ ਰਸੂਖ ਦਿਖਾਈ ਦਿੰਦਾ ਸੀ, ਜਿਸ ਦਾ ਅਰਥ ਸੀ ਕਿ ਧਰਮ ਦਾ ਵਪਾਰ ਪੂਰੇ ਜ਼ੋਰ ਤੇ ਚਲ ਰਿਹਾ ਸੀ।

ਮੰਦਰਾਂ ਦੇ ਸਾਹਮਣਿਉਂ ਲੰਘਦਿਆ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਨੇ ਅਨੇਕ ਸ਼ਰਧਾਵਾਨ ਉਪਾਸ਼ਕਾਂ ਨੂੰ ਭੁੱਖੇ ਸਾਧਾਂ ਅਤੇ ਮੰਗਤਿਆਂ ਨੂੰ ਦਾਨ ਦਿੰਦੇ ਵੇਖਿਆ।

ਗੁਰੂ ਨਾਨਕ ਸਾਹਿਬ ਨੇ, ਭਾਈ ਲਾਲੋ ਦੇ ਘਰ ਵਿਰਾਜ ਕੇ 'ਭਾਈ ਲਾਲੋ' ਪੁਕਾਰ ਕੇ ਬੂਹੇ 'ਤੇ ਦਸਤਕ ਦਿੱਤੀ। ਭਾਈ ਲਾਲੋ ਘਰੇਲੂ ਜ਼ਰੂਰਤ ਦੇ ਸਾਮਾਨ ਕੁਰਸੀਆਂ ਮੇਜ਼ ਬਣਾਉਣ ਦੇ ਮਾਹਰ ਸਨ। ਉਸ ਸਮੇਂ ਉਹ 'ਟਾਕੀਆਂ ਵਾਲੀ ਕਮੀਜ਼ ਪਾਈ, ਹੱਥ ਵਿਚ ਹਥੌੜਾ ਪਕੜੀ, ਨਿੱਜੀ ਘਰ ਦੀ ਮੰਜੇ ਦੀ ਚੂਲ/ਕਿਲੀ ਠੋਕ ਰਹੇ ਸਨ। 'ਭਾਈ ਲਾਲੋ' ਬੋਲਾਂ ਨੂੰ ਸੁਣਦਿਆਂ, ਲਾਲੋ ਜੀ ਦਾ ਦਿਲ ਧੱਕ ਧੱਕ ਕਰਨ ਲੱਗਾ। ਜਿਸ ਪਿੰਡ ਵਿਚ ਉਨ੍ਹਾਂ ਨਾਲ ਕੋਈ ਸਿੱਧੇ ਮੂੰਹ ਗੱਲ ਕਰਨ ਨੂੰ ਤਿਆਰ ਨਹੀਂ ਸੀ, ਭਾਈ ਕਹਿ ਕੇ ਪੁਕਾਰਨ ਵਾਲਾ ਭਲਾ ਕੌਣ ਹੋ ਸਕਦਾ ਹੈ? ਕਿਤੇ ਮੈਂ ਕੋਈ ਸੁਫਨਾ ਤਾਂ ਨਹੀਂ ਦੇਖ ਰਿਹਾ? ਜਾਂ ਫਿਰ ਇਹ ਮੇਰੇ ਮਨ ਦਾ ਭਰਮ ਹੀ ਤਾਂ ਨਹੀਂ? ਭਾਈ ਲਾਲੋ ਦੇ ਮਨ ਵਿਚ ਕਈ ਵਿਚਾਰ ਪੈਦਾ ਹੋਣ ਲੱਗੇ। ਆਪਣੇ

ਸ਼ਕ ਨੂੰ ਦੂਰ ਕਰਨ ਲਈ, ਸਿਰ 'ਤੇ ਮੈਲਾ ਪਰਨਾ ਬੰਨ੍ਹੀ, ਭਾਈ ਲਾਲੋ ਨੇ ਹਿੰਮਤ ਕਰ ਕੇ ਕੰਬਦਿਆਂ ਹੱਥਾਂ ਨਾਲ ਬੂਹਾ ਖੋਲ੍ਹਿਆ। ਸਾਹਮਣੇ ਖੜੇ, ਨੂਰੀ ਚਿਹਰੇ ਨੂੰ ਵੇਖਦਿਆਂ, ਭਾਈ ਲਾਲੋ ਦਾ ਸਿਰ ਸ਼ਰਧਾ ਵਿਚ ਆਪ ਮੁਹਾਰੇ ਝੁੱਕ ਗਿਆ। ਹੱਥ ਨਮਸਕਾਰ ਕਰਨ ਲਈ ਆਪ ਮੁਹਾਰੇ ਉੱਠ ਗਏ। ਇਸ ਤੋਂ ਪਹਿਲਾਂ ਕਿ ਭਾਈ ਲਾਲੋ ਕੁੱਝ ਕਹਿੰਦੇ, ਗੁਰੂ ਨਾਨਕ ਸਾਹਿਬ ਨੇ ਆਪਣੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ "ਮੇਰਾ ਨਾਉਂ ਨਾਨਕ ਹੈ, ਇਹ ਮੇਰੇ ਨਾਲ ਮੇਰੇ ਸਾਥੀ ਭਾਈ ਮਰਦਾਨਾ ਜੀ ਹਨ। ਅਸੀਂ ਦੋਵੇਂ ਰਾਹਗੀਰ ਤੁਹਾਡੇ ਘਰ ਵਿਚ ਕੁਝ ਦਿਨ ਦੇ ਚਾਹਵਾਨ ਹਾਂ।"

ਗੁਰੂ ਨਾਨਕ ਸਾਹਿਬ ਦੇ, ਬਚਨ ਸੁਣ ਕੇ ਭਾਈ ਲਾਲੋ ਦੀ ਹੈਰਾਨੀ ਹੋਰ ਵੱਧ ਗਈ। ਭਾਈ ਲਾਲੋ ਜੀ ਸੋਚਾਂ 'ਚ ਪੈ ਗਏ। ਜਿਸ ਸ਼ੂਦਰ ਨਾਲ, ਪਿੰਡ ਵਾਸੀ, ਲੋੜ ਪੈਣ ਤੇ ਹੀ ਗੱਲ ਕਰਨਾ ਪਸੰਦ ਕਰਦੇ ਹਨ, ਇਕ ਉੱਚੀ ਜ਼ਾਤ ਵਾਲਾ ਸਾਈਂ ਲੋਕ, ਉਸ ਦੇ ਘਰ ਠਹਿਰਨ ਦੀ ਗੱਲ ਕਰ ਰਿਹਾ ਹੈ। ਭਾਈ ਲਾਲੋ ਜੀ ਨੇ ਆਪਣੇ ਮਨ ਦਾ ਸ਼ੰਕਾ ਦੂਰ ਕਰਨ ਲਈ, ਗੁਰੂ ਨਾਨਕ ਸਾਹਿਬ ਨੂੰ ਸੰਬੋਧਨ ਹੁੰਦਿਆਂ ਕਿਹਾ, "ਮਹਾਰਾਜ, ਮੇਰੇ ਹੁਲੀਏ ਤੋਂ ਤੁਸੀਂ ਅੰਦਾਜ਼ਾ ਤਾਂ ਲਗਾ ਹੀ ਲਿਆ ਹੋਣੈ ਕਿ 'ਮੈਂ ਤਾਂ ਬਹੁਤ ਗਰੀਬੜਾ ਤੇ ਮਸਕੀਨ ਬੰਦਾ ਹਾਂ। ਮੇਰੇ ਘਰ ਵਿਚ ਤਾਂ ਆਪ ਦੇ ਬਹਿਠਣ'ਤੇ ਆਰਾਮ ਵਾਸਤੇ ਮੰਜਾ ਤਕ ਨਹੀਂ, ਰਸੋਈ ਵਿੱਚ ਮਿੱਟੀ ਦੇ ਬਣੇ ਭਾਂਡਿਆਂ ਨਾਲ ਹੀ ਗੁਜ਼ਾਰਾ ਕਰਦੇ ਹਾਂ। ਭਲਾ ਮੈਂ ਆਪ ਜੀ ਵਰਗੇ ਮਹਾਪੁਰਸ਼ ਦੀ ਸੇਵਾ ਕਿੰਝ ਕਰ ਸਕਾਂਗਾ?" ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋ ਦੇ ਸੰਕੋਚ ਦਾ ਕਾਰਨ ਸਮਝਦਿਆਂ ਕਿਹਾ, "ਹੇ ਭਾਈ ਫਕੀਰਾਂ ਦਾ ਐਸ਼ੋ-ਆਰਾਮ ਨਾਲ ਕੀ ਵਾਸਤਾ? ਭੁੰਜੇ ਖੇਸ ਢਾਹ ਕੇ ਲੇਟ ਜਾਵਾਂਗੇ। ਰਹੀ ਖਾਣ-ਪੀਣ ਤੇ ਸੁਆਦ ਦੀ ਗੱਲ, ਤੇਰੇ ਘਰ ਦਾ ਭੋਜਨ ਤਾਂ ਮਿਹਨਤ ਦੀ ਨੇਕ ਕਮਾਈ ਨਾਲ ਤਿਆਰ ਹੁੰਦਾ ਹੈ। ਨੇਕ ਕਮਾਈ ਦੀ ਸੁੱਕੀ ਵੀ ਮਿੱਠੇ ਅੰਮ੍ਰਿਤ ਦਾ ਸਵਾਦ ਦਿੰਦੀ ਹੈ। ਭਾਈ, ਜੇ ਤੈਨੂੰ ਇਤਰਾਜ਼ ਨਾ ਹੋਏ ਤਾਂ, ਅਸੀਂ ਵੀ ਤੇਰੀ ਰਸੋਈ ਵਿਚ ਪਕਾਏ ਅੰਮ੍ਰਿਤਮਈ ਭੋਜਨ ਦਾ ਸਵਾਦ ਚਖਣਾ ਚਾਹਾਂਗੇ।" ਗੁਰੂ ਨਾਨਕ ਸਾਹਿਬ ਦੀ ਇਸ ਦਲੀਲ ਦਾ, ਭਾਵੇਂ ਭਾਈ ਲਾਲੋ ਕੋਲ ਜਵਾਬ ਤਾਂ ਨਹੀਂ ਸੀ, ਪਰ ਉਹ ਸੋਚਣ ਨੂੰ ਮਜਬੂਰ ਸੀ ਕਿ ਮੈਨੂੰ ਪਹਿਲੀ ਵੇਰਾਂ ਮਿਲਣ ਵਾਲੇ ਸਾਈਂ ਲੋਕ ਨੂੰ ਮੇਰੇ ਘਰ ਦੇ ਹਾਲਾਤ ਦਾ ਪਤਾ ਕਿਵੇਂ ਚਲਿਆ ਹੈ? ਭਾਈ ਲਾਲੋ ਜੀ ਬਿਨਾ ਕੁਝ ਕਹੇ, ਬੂਹੇ ਚੋਂ ਇਕ ਪਾਸੇ ਹੋ ਕੇ, ਮਹਿਮਾਨਾਂ ਵਾਸਤੇ ਘਰ ਅੰਦਰ ਆਉਣ ਦਾ ਰਾਹ ਬਣਾ ਦਿੱਤਾ।

ਬੂਹਾ ਬੰਦ ਕਰ ਕੇ ਭਾਈ ਲਾਲੋ ਜੀ ਨੇ ਖ਼ਾਸ ਮਹਿਮਾਨਾਂ ਵਾਸਤੇ, ਵਿਹੜੇ ਵਿੱਚ ਜ਼ਮੀਨ 'ਤੇ ਇੱਕ ਖੇਸ ਢਾਹ ਦਿੱਤਾ। ਕੁਝ ਸਮਾਂ ਭਾਈ ਲਾਲੋ ਆਪਣੀ ਪਤਨੀ ਦੇ ਨਾਲ ਬੜੇ ਧਿਆਨ ਨਾਲ, ਗੁਰੂ ਨਾਨਕ ਸਾਹਿਬ ਦੇ ਪ੍ਰਵਚਨ ਸੁਣਦੇ ਰਹੇ। ਸ਼ਾਮ ਹੋਣ ਨੂੰ ਆਈ। ਭਾਈ ਲਾਲੋ ਜੀ ਦੀ ਧਰਮਪਤਨੀ ਨੇ ਆਪਣੀ ਸਮਰੱਥਾ ਅਨੁਸਾਰ ,ਆਟੇ ਵਿੱਚ ਲੂਣ ਗੁਨ੍ਹ ਮਹਿਮਾਨਾਂ ਅਤੇ ਆਪਣੇ ਪਰਿਵਾਰ ਲਈ ਰਾਤ ਦੇ ਭੋਜਨ ਦਾ ਆਹਰ ਕੀਤਾ। ਰੋਟੀ ਖਾਣ ਦੇ ਕੁਝ ਸਮਾਂ ਮਗਰੋਂ ਗੁਰੂ ਨਾਨਕ ਸਾਹਿਬ ਦਾ ਸੰਕੇਤ ਪਾ ਕੇ, ਭਾਈ ਮਰਦਾਨਾ ਜੀ ਨੇ ਰਬਾਬ ਦੇ ਤਾਰਾਂ ਨੂੰ ਹਰਕਤ ਵਿਚ ਲਿਆਂਦਿਆਂ,

**ਸਚ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥**

**(ਸ੍ਰੀ ਰਾਗ ਮ ੧, ਅੰਗ ੧੮)**

ਸ਼ਬਦ ਦਾ ਆਲਾਪ ਛੇੜਿਆ। ਸ਼ਬਦ ਗਾਇਨ ਵਿਚ, ਕਿੰਨਾ ਸਮਾਂ ਕਿਵੇਂ ਲੰਘਿਆ, ਕਿਸੇ ਨੂੰ ਪਤਾ ਨਾ ਚਲਿਆ। ਭਾਈ ਲਾਲੋ ਜੀ, ਉਨ੍ਹਾਂ ਦੀ ਧਰਮਪਤਨੀ ਅਤੇ ਪੁਤਰੀ ਨੇ ਪਹਿਲੀ ਵੇਰਾਂ ਇਸ ਇਲਾਹੀ ਕੀਰਤਨ ਦਾ ਆਨੰਦ ਮਾਣਿਆ ਸੀ। ਭਾਈ ਲਾਲੋ ਜੀ। ਆਪਣੇ ਮਨ ਹੀ ਮਨ ਵਿੱਚ, ਅਜਿਹੇ ਇਲਾਹੀ ਪਲ ਬਖ਼ਸ਼ਣ ਲਈ ਪ੍ਰਮਾਤਮਾ ਦਾ ਧੰਨਵਾਦ ਕਰ ਰਹੇ ਸਨ। ਇਸੇ ਤਰ੍ਹਾਂ ਦੂਜੇ ਦਿਨ, ਫਿਰ ਤੀਜੇ, ਚੌਥੇ ਕੀਰਤਨ ਪ੍ਰਵਾਹ ਚਲਣ ਲਗਾ। ਗੁਰੂ ਨਾਨਕ ਸਾਹਿਬ (ਇਕ ਖਤ੍ਰੀ) ਦਾ, ਇਕ ਮੁਸਲਮਾਨ (ਭਾਈ ਮਰਦਾਨਾ ਜੀ) ਦੇ ਨਾਲ, ਭਾਈ ਲਾਲੋ ਦੇ ਘਰ ਠਹਿਰਨ, ਤੇ ਹਰ ਰੋਜ਼ ਕੀਰਤਨ ਕਰਨ ਦੀ ਗੱਲ, ਸੈਦਪੁਰ ਹੀ ਕੀ, ਆਸ ਪਾਸ ਦੇ ਇਲਾਕੇ ਦਾ ਚਰਚਾ ਬਣ ਦੁਰਾਡੇ ਵੀ ਫੈਲਦੀ ਗਈ। ਉਨ੍ਹੀਂ ਦਿਨੀਂ ਉੱਚੀ ਜ਼ਾਤ ਵਾਲੇ, ਆਪਣੀ ਬਰਾਬਰੀ ਦੇ ਪਰਵਾਰਾਂ ਵਿਚ ਹੀ ਉਠਦੇ ਬੈਠਦੇ ਸਨ। ਕੁਝ ਬ੍ਰਾਹਮਣਾਂ ਅਤੇ ਉੱਚੀ ਜ਼ਾਤ ਵਾਲਿਆਂ ਨੇ ਇਹ ਖ਼ਬਰ ਸੁਣ ਕੇ ਸੋਚ ਵਿਚਾਰਿਆ, ਹੋ ਸਕਦਾ ਹੈ ਕਿ (ਖਤ੍ਰੀ) ਗੁਰੂ ਨਾਨਕ ਨੂੰ ਭਾਈ ਲਾਲੋ ਦੀ ਜ਼ਾਤ ਬਾਰੇ ਇਲਮ ਨਾ ਹੋਏ। (ਗੁਰੂ) ਨਾਨਕ ਨੂੰ ਇਸ ਬਾਰੇ ਆਗਾਹ ਕਰਨਾ ਸਾਡਾ ਫ਼ਰਜ਼ ਬਣਦਾ ਹੈ। ਅਗਲੇ ਹੀ ਦਿਨ, ਕੁਝ ਬ੍ਰਾਹਮਣ ਤੇ ਉੱਚੀ ਜ਼ਾਤ ਵਾਲੇ, ਮਿਲ ਕੇ ਭਾਈ ਲਾਲੋ ਦੇ ਘਰ, (ਗੁਰੂ) ਨਾਨਕ ਸਾਹਿਬ ਨੂੰ ਮਿਲਣ ਦੇ ਬਹਾਨੇ ਆ ਹੀ ਗਏ।

ਬ੍ਰਾਹਮਣਾਂ ਤੇ ਉੱਚੀ ਜ਼ਾਤ ਵਾਲਿਆਂ ਨੇ ਆਪਣੀ ਜਾਣ-ਪਛਾਣ ਕਰਾਉਣ ਤੋਂ ਬਾਅਦ, ਗੁਰੂ ਨਾਨਕ ਸਾਹਿਬ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ, ਤੁਸੀਂ ਉੱਚੀ ਜ਼ਾਤ ਵਾਲੇ ਖਤ੍ਰੀ, ਇੱਕ ਮੁਸਲਮਾਨ ਦੇ ਨਾਲ, ਇੱਕ ਸ਼ੂਦਰ ਦੇ ਘਰ ਠਹਿਰੇ 'ਤੇ ਭੋਜਨ ਵੀ ਖਾ ਰਹੇ ਹੋ। ਇਸ ਤਰ੍ਹਾਂ ਤੁਸੀਂ ਆਪਣੇ ਸਰੀਰ ਨੂੰ ਵੀ ਅਪਵਿਤ੍ਰ ਕਰ ਰਹੇ ਹੋ। ਗੁਰੂ ਨਾਨਕ ਸਾਹਿਬ ਨੇ, ਉੱਚੀ ਜ਼ਾਤ ਵਾਲਿਆਂ ਨੂੰ ਸਮਝਾਉਂਦਿਆਂ ਫ਼ਰਮਾਇਆ ਕਿ ਮੇਰੇ ਅਤੇ ਤੁਹਾਡੇ ਸਮੇਤ ਇਹ ਸਾਰਾ ਜਗਤ ਹੀ ਇੱਕੋ ਜ਼ਾਤ ਤੋਂ ਹੋਂਦ ਵਿਚ ਆਇਆ ਹੈ। ਕੇਵਲ ਸਰਬ-ਵਿਆਪਕ ਜੋਤ ਹੀ ਸੱਚ ਹੈ ਤੇ ਇਹ ਜ਼ਾਤ-ਪਾਤ ਸਭ ਝੂਠ। ਇਸ ਸੰਸਾਰ ਤੋਂ ਜਾਣ ਲਗਿਆਂ ਜ਼ਾਤ ਅਤੇ ਇਹ ਸਰੀਰ ਕਿਸੇ ਦੇ ਨਾਲ ਨਹੀਂ ਜਾਂਦੀ। ਰੱਬ ਦੇ ਹਜ਼ੂਰ ਕੇਵਲ, ਮਨੁੱਖਾਂ ਦੁਆਰਾ ਇਸ ਜਗ ਵਿਚ ਕੀਤੇ ਕਰਮਾਂ ਅਨੁਸਾਰ ਹੀ ਨਬੇੜਾ ਹੁੰਦਾ ਹੈ।

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**

**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥**

**( ਪ੍ਰਭਾਤੀ ਮਹਲਾ ੧, ਅੰਗ ੧੩੩੦)**

ਅਤੇ

**ਸਭਿ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**

**(ਆਸਾ ਮਹਲਾ ੧ ਆਰਤੀ, ਅੰਗ ੬੬੩)**

ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਸਮਝਾਉਂਦਿਆਂ ਇਕ ਵਾਰ ਫਿਰ ਫਰਮਾਇਆ ਇਸ ਸੰਸਾਰ ਵਿੱਚ, ਆਦਰਸ਼ਕ ਮਨੁੱਖ ਜੋ ਜ਼ਾਤ ਵਰਨ ਦੇ ਭੇਦ-ਭਾਵ ਤੋਂ ਨਿਰਲੇਪ ਰਹਿੰਦੇ ਹਨ, ਆਪਣੇ ਮਨ ਦੀਆਂ ਤ੍ਰਿਸ਼ਨਾਵਾਂ ਅਤੇ ਮੰਦ ਭਾਵਨਾਵਾਂ ਉੱਤੇ ਜਿੱਤ ਪ੍ਰਾਪਤ ਕਰਕੇ ਪ੍ਰਮਾਤਮਾ( ਅਕਾਲ ਪੁਰਖ) ਦੀ ਰਜ਼ਾ ਵਿਚ ਜੀਵਨ ਜੀਉਣ ਵਾਲੇ ਵਿਰਲੇ ਥੋੜ੍ਹੇ ਹਨ । ਭਾਈ ਲਾਲੋ ਜੀ ਉਨ੍ਹਾਂ 'ਚੋਂ ਹੀ ਇੱਕ ਹਨ।

**ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖ਼ਜਾਨੇ ਪਾਇਆ॥**
**ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥**

**(ਪ੍ਰਭਾਤੀ ਮਹਲਾ ੧, ਅੰਗ ੧੩੪੫)**

ਉੱਚੀ ਜ਼ਾਤ ਵਾਲਿਆਂ ਦੀ ਤਸੱਲੀ ਨਾ ਹੋਈ ਵੇਖ, ਗੁਰੂ ਨਾਨਕ ਸਾਹਿਬ ਨੇ ਸੱਚ ਅਤੇ ਨਿਆਂ ਦਾ ਪੱਖ ਪੂਰਦਿਆਂ ;

**ਖਤ੍ਰੀ ਸੋ ਜੁ ਕਰਮਾ ਕਾ ਸੂਰ ॥**
**ਪੁੰਨ ਦਾਨ ਕਾ ਕਰੈ ਸਰੀਰ ॥**

ਅਤੇ

**ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ ॥**
**ਜਪੁ ਤਪੁ ਸੰਜਮੁ ਕਮਾਵੈ ਕਰਮੁ ॥**

**(ਸਲੋਕ ਵਾਰਾਂ ਤੇ ਵਧੀਕ ਮ ੧, ਅੰਗ ੧੪੧੧)**

ਸ਼ਬਦਾਂ ਵਿਚ, ਬ੍ਰਾਹਮਣਾਂ ਅਤੇ ਕਹਾਉਤੀ ਉੱਚੀ ਜ਼ਾਤ ਕਹਾਉਣ ਵਾਲਿਆਂ ਨੂੰ ਉਨ੍ਹਾਂ ਦੀ ਅਗਿਆਨਤਾ ਤੋਂ ਜਾਣੂ ਕਰਵਾਂਦਿਆਂ ਆਦਰਸ਼ਕ ਸਮਾਜ ਦੀ ਸਿਰਜਣਾ ਕਰਨ ਦੇ ਵਿਚਾਰ ਨਾਲ ਸਮਝਾਇਆ **'ਸਭ ਮਹਿ ਜੋਤਿ ਜੋਤਿ ਹੈ ਸੋਇ'** ਅਰਥਾਤ 'ਰੱਬ ਨੇ ਤਾਂ ਵਿਤਕਰਾ ਕੀਤੇ ਬਿਨਾ ਸਾਰਿਆਂ ਜੀਵਾਂ ਵਿਚ ਹੀ ਆਪਣੀ ਜੋਤ ਰੂਪਮਾਨ ਕੀਤੀ ਹੈ। ਸਭਨਾਂ ਨੂੰ ਇੱਕੋ ਜਿਹਾ ਹੀ ਬਣਾਇਆ ਹੈ। ਦਰਅਸਲ, ਆਪਣੇ ਆਪ ਨੂੰ ਉੱਚਾ ਸਮਝਣਾ ਹੀ ਹੀਣ ਭਾਵਨਾ ਹੈ। ਦੇਖਿਆ ਜਾਏ ਤਾਂ, ਰੱਬ ਦੀ ਰਜ਼ਾ ਦੇ ਉਲਟ ਚਲਣ ਵਾਲਾ ਹੀ ਅਸਲੀ ਸ਼ੂਦਰ ਹੁੰਦਾ ਹੈ'। ਬ੍ਰਾਹਮਣਾਂ ਤੇ ਕਹਾਉਤੀ ਉੱਚੀ ਜ਼ਾਤ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਦੇ ਉਤਰ ਵਿਚ ਆਪਣੀ ਹੇਠੀ ਸਮਝੀ। ਉਹ ਨਾਰਾਜ਼ ਹੋ ਕੇ ਭਾਈ ਲਾਲੋ ਦੇ ਘਰੋਂ ਟੁਰ ਗਏ, 'ਤੇ ਮਿਰਚ ਮਸਾਲਾ ਲਗਾ ਕੇ ਆਪਣੇ ਹਮਦਰਦ ਮਲਿਕ ਭਾਗੋ ਨੂੰ ਸਾਰੀ ਵਿਥਿਆ ਜਾ ਸੁਣਾਈ।

ਮਲਿਕ ਭਾਗੋ ਨਾਮਕ ਖਤ੍ਰੀ, ਸੈਦਪੁਰ(ਸੱਯਦਪੁਰ) ਨਵਾਂ ਨਾਮ ਐਮਨਾਬਾਦ ਦੇ ਹਾਕਮ ਜ਼ਾਲਮ ਖ਼ਾਨ ਦੇ ਕਾਰ-ਵਿਹਾਰ ਦੀ ਦੇਖ-ਭਾਲ ਕਰਦਾ ਸੀ। ਭਾਗੋ, ਇਲਾਕੇ ਵਿਚ, ਵੱਢੀ-ਖੋਰ ਤੇ ਬਦਕਾਰ ਅਧਿਕਾਰੀ ਵਜੋਂ ਜਾਣਿਆ ਜਾਂਦਾ ਸੀ। ਮਲਿਕ ਭਾਗੋ ਨੇ ਆਪਣੇ ਸ਼ਾਹੀ ਮਹਲ ਨਾਮਕ ਨਿਵਾਸ ਵਿੱਚ ਆਪਣੇ ਪਿਤਰਾਂ ਦੀ ਯਾਦ ਵਿਚ ਬ੍ਰਹਮਭੋਜ (ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ) ਦਾ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ। ਭਾਗੋ ਨੇ, ਭੋਜ ਵਿਚ ਸ਼ਾਮਿਲ ਹੋਣ ਲਈ ਆਸ ਪਾਸ ਦੇ ਇਲਾਕੇ ਦੇ ਖੱਤ੍ਰੀਆਂ, ਮਹਾਪੁਰਸ਼ਾਂ ਤੇ ਸੰਤਾਂ ਨੂੰ ਸੱਦਾ ਭੇਜਿਆ ਹੋਇਆ ਸੀ। ਬ੍ਰਾਹਮਣਾਂ ਅਤੇ ਉੱਚੀ ਜ਼ਾਤ ਵਾਲਿਆਂ ਤੋਂ, ਗੁਰੂ ਨਾਨਕ ਸਾਹਿਬ ਦੇ ਸੈਦਪੁਰ (ਸੱਯਦਪੁਰ) ਵਿਚ ਵਿਰਾਜਨ ਦੀ ਖਬਰ ਪਾ ਕੇ, ਭਾਗੋ ਨੇ ਗੁਰੂ ਨਾਨਕ ਸਾਹਿਬ ਨੂੰ ਵੀ ਭੋਜ ਵਿਚ ਸ਼ਾਮਿਲ ਹੋਣ ਲਈ ਸੱਦਾ ਭਿਜਵਾਣ ਦਾ ਪ੍ਰਬੰਧ ਕੀਤਾ। ਸੱਦਾ ਮਿਲਣ ਤੇ, ਗੁਰੂ ਨਾਨਕ ਸਾਹਿਬ ਨੇ ਇਸ ਭੋਜ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ। ਮਲਿਕ ਭਾਗੋ ਨੇ ਇਸ ਇਨਕਾਰ ਨੂੰ ਆਪਣਾ ਨਿਰਾਦਰ ਤੇ ਹੱਤਕ ਸਮਝਦਿਆਂ, ਭੋਜ ਦੀ ਸੰਪੂਰਨਤਾ ਮਗਰੋਂ, ਆਪਣੇ ਆਦਮੀ ਗੁਰੂ ਨਾਨਕ ਸਾਹਿਬ ਨੂੰ ਲਿਆਉਣ ਲਈ ਭੇਜੇ। ਗੁਰੂ ਨਾਨਕ ਸਾਹਿਬ ਨੂੰ ਤਾਂ ਚਿਰਾਂ ਤੋਂ ਇਸ ਘੜੀ ਦੀ ਹੀ ਉਡੀਕ ਸੀ। ਗੁਰੂ ਨਾਨਕ ਸਾਹਿਬ, ਸੰਕੋਚ ਕੀਤੇ ਬਗੈਰ, ਮਲਿਕ ਭਾਗੋ ਦੇ ਆਦਮੀਆਂ ਦੇ ਨਾਲ ਤੁਰ ਪਏ।

ਮਲਿਕ ਭਾਗੋ ਦੇ ਘਰ ਪੁੱਜਣ ਤੇ ਮਲਿਕ ਭਾਗੋ ਨੇ ਗੁਰੂ ਨਾਨਕ ਸਾਹਿਬ ਨੂੰ ਕਿਹਾ ਕਿ ਮੇਰੇ ਘਰ ਬ੍ਰਹਮ-ਭੋਜ ਲਈ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਗਏ ਸੀ। ਲਾਲੋ ਦੇ ਘਰ ਤੁਹਾਨੂੰ ਸੁੱਕੀ ਰੋਟੀ ਤੋਂ ਬਿਨਾ ਕੁਝ ਨਹੀਂ ਲਭਦਾ ਹੋਣਾ? ਭਾਗੋ ਨੇ ਗੁਰੂ ਨਾਨਕ ਸਾਹਿਬ ਤੋਂ, ਭੋਜ ਵਿਚ ਸ਼ਾਮਿਲ ਹੋਣ ਤੋਂ ਇਨਕਾਰੀ ਦੇ ਕਾਰਨ ਜਾਣਨ ਲਈ ਸਵਾਲਾਂ ਦੀ ਬੁਛਾੜ ਲਗਾ ਦਿੱਤੀ। ਗੁਰੂ ਨਾਨਕ ਸਾਹਿਬ ਇੱਕ ਸੰਪੰਨ ਅਤੇ ਕੌਸ਼ਲ ਮਾਰਗ ਦਰਸ਼ਕ ਸਨ। ਮਲਿਕ ਭਾਗੋ ਦਿਆ ਸਵਾਲਾਂ ਦੇ ਸਹਿਜ ਸੁਭਾ ਜਵਾਬ ਦੇਣ ਮਗਰੋਂ ਗੁਰੂ ਨਾਨਕ ਸਾਹਿਬ ਨੇ ਮਲਿਕ ਭਾਗੋ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ 'ਜੇ ਤੇਰੇ ਇਸ ਬ੍ਰਹਮਭੋਜ ਦੇ ਪਿੱਛੇ ਲੋੜਵੰਦਾਂ ਅਤੇ ਦੁਖੀਆਂ ਦੀ ਸਹਾਇਤਾ ਕਰਨ ਦੀ ਮਨਸ਼ਾ ਹੁੰਦੀ ਤਾਂ ਇਹ ਉੱਤਮ ਸੋਚ ਵਾਲਾ ਨੇਕ ਕੰਮ ਹੋਣਾ ਸੀ। ਇਸ ਆਸ਼ੇ ਨਾਲ ਤੈਨੂੰ ਗਰੀਬ ਨਗਰ ਵਾਸੀਆਂ ਨੂੰ ਵੀ ਸੱਦਾ ਦੇਣਾ ਚਾਹੀਦਾ ਸੀ। ਕੁਝ ਖ਼ਾਸ ਚੁਣੀਂਦੇ ਪੁਰਖਾਂ ਨੂੰ ਹੀ ਸੱਦਾ ਦੇਣਾ ਤੇਰੀ ਹਉਮੈ ਦਾ ਪ੍ਰਤੀਕ ਹੈ। ਤੂੰ ਤਾਂ ਵੱਡਿਆਈ ਪ੍ਰਾਪਤ ਕਰਨ ਲਈ ਇਹ ਅਡੰਬਰ ਰਚਿਆ ਹੈ। ਤੂੰ ਇਹ ਸਚਾਈ ਵੀ ਜਾਣ ਲੈ ਕਿ ਹੱਕ ਹਲਾਲ ਦੀ ਕਮਾਈ ਨਾਲ ਤਿਆਰ ਹੋਇਆ ਭੋਜਨ ਦੁੱਧ ਸਮਾਨ ਹੁੰਦਾ ਹੈ। ਉਸ ਭੋਜਨ'ਚੋਂ ਅੰਮ੍ਰਿਤ ਦਾ ਸਵਾਦ ਆਉਂਦਾ ਹੈ ਅਤੇ ਖਾਣ ਵਾਲੇ ਦਾ ਮਨ ਤ੍ਰਿਪਤ ਹੋ ਜਾਂਦਾ ਹੈ। ਵੱਢੀ ਤੇ ਜ਼ੋਰ-ਜ਼ੁਲਮ ਦੀ ਕਮਾਈ ਨਾਲ ਤਿਆਰ ਹੋਇਆ ਭੋਜਨ ਲਹੂ ਸਮਾਨ ਹੁੰਦਾ ਹੈ।'

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਇ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥

**(ਮਹਲਾ ੧, ਅੰਗ ੧੪੦ )**

ਇਹ ਸ਼ਬਦ ਸੁਣ ਕੇ ਭਾਗੋ ਆਪੇ ਤੋਂ ਬਾਹਰ ਹੋ ਗਿਆ, ਗੁਰੂ ਨਾਨਕ ਸਾਹਿਬ ਨੂੰ ਕਿਹਾ,"ਤੁਸੀਂ ਮੇਰਾ ਅਪਮਾਨ ਕਰ ਰਹੇ ਹੋ। ਜੋ ਤੁਸੀਂ ਕਹਿ ਰਹੇ ਹੋ, ਇਸ ਦਾ ਸਬੂਤ ਦੇਣਾ ਪਵੇਗਾ।" ਗੁਰੂ ਨਾਨਕ ਸਾਹਿਬ ਨੇ ਭਾਗੋ ਦਾ ਹੰਕਾਰ ਤੋੜਨ ਲਈ, ਭਾਈ ਲਾਲੋ ਦੇ ਘਰੋਂ ਉਸ ਦੇ ਘਰ ਦੀ ਪੱਕੀ ਰੋਟੀ ਮੰਗਵਾਉਣ ਲਈ ਕਿਹਾ। ਮਲਿਕ ਭਾਗੋ ਨੂੰ ਵੀ, ਉਸ ਦੇ ਬ੍ਰਹਮਭੋਜ ਲਈ ਬਣਾਏ ਪਕਵਾਨ ਦੇ ਪੂੜੇ ਮੰਗਵਾਣ ਨੂੰ ਕਿਹਾ। ਮਲਿਕ ਭਾਗੋ ਦੇ ਮਹਿਮਾਨਾਂ ਦੇ ਸਾਹਮਣੇ, ਗੁਰੂ ਨਾਨਕ ਸਾਹਿਬ ਨੇ, ਇਕ ਹੱਥ ਵਿਚ ਮਲਿਕ ਭਾਗੋ ਦੇ ਘਰ ਵਿਚ ਪਕਾਇਆ ਪੂੜਾ ਤੇ ਦੂਜੇ ਹੱਥ ਵਿਚ ਭਾਈ ਲਾਲੋ ਦੇ ਘਰ ਦੀ ਕੋਧਰੀ ਰੋਟੀ ਲੈ ਕੇ ਸਾਰਿਆਂ ਦੇ ਸਾਹਮਣੇ ਨਿਚੋੜੀ। ਪੂੜਿਆਂ ਚੋਂ ਖ਼ੂਨ ਦੇ ਕਤਰੇ ਅਤੇ ਕੋਧਰੀ ਰੋਟੀ 'ਚੋਂ ਦੁੱਧ ਦੀ ਧਾਰ ਵਹਿ ਨਿਕਲੀ। ਮਲਿਕ ਭਾਗੋ ਸਮੇਤ ਉਸ ਦੇ ਘਰ ਵਿਚ ਬੈਠੇ ਸਮਾਜ ਦੇ ਪਤਵੰਤੇ ਇਹ ਕੌਤਕ ਵੇਖ ਹੈਰਾਨ ਹੋ ਗਏ। ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਹੈਰਾਨ ਹੁੰਦਿਆਂ ਵੇਖ ਫ਼ਰਮਾਇਆ :

ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ॥

(ਸਿਰੀਰਾਗ ਮਹਲਾ ੧, ਅੰਗ ੬੨)

"ਭਾਈ ਲਾਲੋ ਇਕ ਇਮਾਨਦਾਰ ਧਰਮੀ ਅਤੇ ਮਿਹਨਤੀ ਕਿਰਤੀ ਹੈ। ਸੱਚੀ ਕਿਰਤ ਤੋਂ ਵੀ ਉੱਤਮ, ਉਹ ਸੱਚੀ, ਸੁੱਚੀ ਅਤੇ ਪਵਿੱਤਰ ਜ਼ਿੰਦਗੀ ਬਸਰ ਕਰਦਾ ਹੈ। ਆਪਣੀ ਹਲਾਲ ਦੀ ਕਮਾਈ ਦੀ ਰੋਟੀ ਨੂੰ ਵੀ ਵੰਡ ਕੇ ਖਾਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਅਤੇ ਰੱਬ ਦਾ ਸ਼ੁਕਰ ਮਨਾਉਂਦਾ ਹੈ। ਭਾਈ ਲਾਲੋ ਦੀ ਹੱਕ-ਹਲਾਲ ਦੀ ਕਮਾਈ ਕਾਰਨ ਉਸ ਦੇ ਘਰ ਦੀ ਰੋਟੀ, ਦੁੱਧ ਵਰਗੀ ਮਿਠਾਸ ਅਤੇ ਅੰਮ੍ਰਿਤ ਦਾ ਸਵਾਦ ਦਿੰਦੀ ਹੈ"। ਮਲਿਕ ਭਾਗੋ ਨੂੰ ਸੰਬੋਧਨ ਹੁੰਦਿਆਂ, ਗੁਰੂ ਨਾਨਕ ਸਾਹਿਬ ਨੇ ਫਰਮਾਇਆ ਕਿ "ਭਲਾ ਤੂੰ ਕਦੀ ਸੋਚਿਆ ਹੈ ਕਿ ਤੇਰੇ ਅਜਿਹੇ ਭੋਜ ਵਿਚ ਤੇਰਾ ਅਤੇ ਤੇਰੇ ਪਰਿਵਾਰ ਦਾ ਕੀ ਯੋਗਦਾਨ ਹੈ? ਨਾ ਹੀ ਤੇਰੇ ਘਰ ਦੇ ਜੀਅ ਤੇ ਨਾ ਹੀ ਤੂੰ ਆਪ ਕੋਈ ਕੰਮ ਕਰਦਾ ਏਂ, ਤੇਰੇ ਲਈ ਤੇਰੇ ਹਰਕਾਰੇ ਕੰਮ ਕਰਦੇ ਆ ਰਹੇ ਹਨ। ਦੂਜਾ ਤੂੰ ਕਠੋਰ ਤੇ ਲਾਲਚੀ ਹੈਂ। ਕਾਮਿਆਂ ਨੂੰ ਪੂਰੀ ਮਜ਼ਦੂਰੀ ਵੀ ਨਹੀਂ ਦਿੰਦਾ, ਜੋ ਕੁਕਰਮ ਹੈ। ਤੂੰ ਰਿਸ਼ਵਤ ਲੈਣ ਨੂੰ ਵੀ ਆਪਣਾ ਹੱਕ ਸਮਝਦਾ ਏਂ। ਇਹ ਗਰੀਬਾਂ ਦੀ ਹੱਕ ਹਲਾਲ ਦੀ ਕਮਾਈ ਤੇ ਡਾਕਾ ਮਾਰਨ ਵਰਗਾ ਹੈ। ਤੂੰ ਭੁੱਲ ਗਿਆ ਏਂ ਕਿ ਅਕਾਲਪੁਰਖ (ਰੱਬ) ਦੇ ਬਣਾਏ ਸਾਰੇ ਬੰਦੇ ਇੱਕੋ ਜਿਹੇ ਹਨ। ਜਿੰਨਾ ਚਿਰ ਤੇਰੇ ਮਨ ਅੰਦਰ ਛਲ, ਕਪਟ,ਧੋਖਾ ਤੇ ਲਾਲਚ ਮੌਜੂਦ ਰਹਿਣਗੇ, ਬ੍ਰਹਮਭੋਜ ਵਰਗੇ ਬਾਹਰੀ ਜਾ ਲੋਕ ਦਿਖਾਵੇ ਦੇ ਕਰਮਕਾਂਡਾਂ ਦਾ ਕੋਈ ਲਾਭ ਨਹੀਂ ਪਹੁੰਚਣਾ। ਇਹ ਸਾਰੀਆਂ ਵਿਅਰਥ ਕ੍ਰਿਆਵਾਂ ਹਨ।"

ਦਾਨੁ ਮਹਿੰਡਾ ਤਲੀ ਖ਼ਾਕੁ ਜੇ ਮਿਲੈ ਤ ਮਸਤਕਿ ਲਾਈਐ॥
ਕੂੜਾ ਲਾਲਚ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ॥
ਮਤਿ ਥੋੜੀ ਸੇਵ ਗਵਾਈਐ॥

**(ਅੰਗ ੪੬੮)**

ਸਮਾਜ ਵਿਚ ਪਤਵੰਤੇ ਸਮਝੇ ਜਾਣ ਵਾਲੇ ਮਲਿਕ ਭਾਗੋ ਨੂੰ ਆਪਣੇ ਮਹਿਮਾਨਾਂ ਦੇ ਸਾਹਮਣੇ, ਗੁਰੂ ਨਾਨਕ ਸਾਹਿਬ ਦੇ ਸਚਾਈ ਪੂਰਨ ਸ਼ਬਦ ਸੁਣ ਸ਼ਰਮ ਮਹਿਸੂਸ ਹੋਈ। ਉਸ ਦੀਆਂ ਅੱਖਾਂ ਤੋਂ ਹੰਕਾਰ ਦੀ ਪੱਟੀ ਉਤਰ ਗਈ। ਮਲਿਕ ਭਾਗੋ ਨੇ ਸਾਰੇ ਪਤਵੰਤਿਆਂ ਦੇ ਸਾਹਮਣੇ ਗੁਰੂ ਨਾਨਕ ਸਾਹਿਬ ਨੂੰ ਵਚਨ ਦਿੱਤਾ ਕਿ ਅੱਗੋਂ ਨੂੰ ਉਹ, ਮੰਦੇ ਕੰਮਾਂ ਦਾ ਤਿਆਗ ਕਰ ਦਏ ਗਾ। ਭਾਈ ਕਾਨ੍ਹ ਸਿੰਘ ਲਿਖਦੇ ਹਨ ਕਿ "ਮਲਿਕ ਭਾਗੋ- ਇਹ ਖਤ੍ਰੀ ਸੈਦਪੁਰ (ਏਮਨਾਬਾਦ) ਦੇ ਹਾਕਿਮ ਜਾਲਿਮਖਾਨ ਦਾ ਅਹਿਲਕਾਰ, ਭਾਰੀ ਰਿਸ਼ਵੱਤਖੋਰ ਸੀ। ਇੱਕ ਵਾਰ ਇਸ ਨੇ ਬ੍ਰਹਮਭੋਜ ਕੀਤਾ, ਉਸ ਸਮੇਂ ਗੁਰੂ ਨਾਨਕ ਲਾਲੋ ਤਰਖਾਣ ਦੇ ਘਰ ਠਹਿਰੇ ਹੋਏ ਸਨ। ਜਦ, ਗੁਰੂ ਨਾਨਕ ਇਸ ਦਾ ਨਿਉਂਦਾ ਨਾ ਮੰਨ ਕੇ ਇਸ ਦੇ ਘਰ ਨਾ ਗਏ, ਤਦ ਇਸ ਨੇ ਆਪਣਾ ਅਪਮਾਨ ਸਮਝਕੇ, ਗੁਰੂ ਜੀ ਨੂੰ ਹਕੂਮਤ ਨਾਲ ਤਲਬ ਕੀਤਾ, ਗੁਰੂ ਸਾਹਿਬ ਨੇ ਭਰੀ ਸਭਾ ਵਿਚ ਭਾਗੋ ਦਾ ਅੰਨ ਲਹੂ ਅਤੇ ਲਾਲੋ ਦਾ ਦੁੱਧ ਸਿੱਧ ਕਰ ਜੇ ਸ਼ੁਭ ਸਿਖਿਣਾ ਦਿੱਤੀ"। ਮਹਾਨ ਕੋਸ਼ ਪੰਨਾ 683)

ਮਲਿਕ ਭਾਗੋ ਦਾ ਪਾਜ ਭਾਵੇਂ ਉਘੜ ਗਿਆ ਸੀ, ਪਰ ਭਾਈ ਲਾਲੋ ਜੀ ਨੂੰ ਮਾਣ ਮਿਲਣਾ ਅਜੇ ਵੀ ਬਾਕੀ ਸੀ। ਗੁਰੂ ਨਾਨਕ ਸਾਹਿਬ ਦੀ ਐਮਨਾਬਾਦ ਫੇਰੀ ਦਾ ਮੰਤਵ ਅਜੇ ਅਧੂਰਾ ਹੀ ਸੀ। ਅਕਾਲ ਪੁਰਖ ਦੇ ਚੋਜ, ਅਕਾਲ ਪੁਰਖ ਹੀ ਜਾਣਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਅਜੇ ਐਮਨਾਬਾਦ ਵਿਖੇ ਹੀ ਸਨ ਕਿ ਐਮਨਾਬਾਦ ਦੇ ਹਾਕਮ ਜ਼ਾਲਮ ਖਾਨ ਦਾ ਇਕਲੌਤਾ ਪੁੱਤਰ ਬਿਮਾਰ ਹੋ ਗਿਆ। ਪੁੱਤਰ ਦੇ ਇਲਾਜ ਵਿਚ, ਹਰ ਪਾਸਿਓਂ ਮਾਯੂਸ ਹੋ ਕੇ, ਮਲਿਕ ਭਾਗੋ ਦੇ ਸੁਝਾ ਅਨੁਸਾਰ, ਜ਼ਾਲਮ ਖ਼ਾਨ ਤੋਂ ਇਜਾਜ਼ਤ ਲੈ ਕੇ, ਬੱਚੇ ਦੀ ਮਾਂ ਗੁਰੂ ਨਾਨਕ ਸਾਹਿਬ ਦਿਆਂ ਚਰਨਾਂ ਵਿਚ ਬੇਨਤੀ ਕਰਨ ਪੁੱਜੀ। ਗੁਰੂ ਨਾਨਕ ਸਾਹਿਬ ਦੇ ਸੁਝਾਏ ਇਲਾਜ, ਭਾਈ ਲਾਲੋ ਦੇ ਘਰ ਦੀ ਰੋਟੀ ਖਿਲਾਉਣ ਨਾਲ ਉਸ ਦਾ ਪੁੱਤਰ ਚੰਗਾ-ਭਲਾ ਹੋ ਗਿਆ। ਸੈਦਪੁਰ (ਸੱਯਦਪੁਰ) ਨਵਾਂ ਨਾਮ ਐਮਨਾਬਾਦ ਦੇ ਜਿਹੜੇ ਜ਼ਾਤ-ਅਭਿਮਾਨੀ ਭਾਈ ਲਾਲੋ ਨੂੰ ਪਹਿਲਾਂ ਹੇਠੀ ਨਾਲ ਦੇਖਦੇ ਸਨ, ਜ਼ਾਲਿਮਖ਼ਾਨ ਤੇ ਮਲਿਕ ਭਾਗੋ ਦਾ ਬਦਲਿਆ ਰੁੱਖ ਦੇਖ ਕੇ, ਉਹ ਹੁਣ ਭਾਈ ਲਾਲੋ ਜੀ ਨੂੰ ਮਾਣ ਦੇਣ

ਲੱਗੇ। ਜ਼ਾਲਮ ਖ਼ਾਨ ਨੇ ਵੀ ਅੱਗੇ ਨੂੰ ਮਿਹਨਤ, ਇਮਾਨਦਾਰੀ ਅਤੇ ਚੰਗੇ ਕੰਮ ਕਰਨ ਦੀ ਪ੍ਰੇਰਨਾ ਲਈ।

(ਭਾਈ ਸੰਤੋਖ ਸਿੰਘ ਜੀ ਇਸ ਸਾਖੀ ਦਾ ਹਵਾਲਾ ਦਿੰਦਿਆਂ ਲਿਖਦੇ ਹਨ ਕਿ ਜ਼ਾਲਮ ਖਾਨ ਨੂੰ ਗੁਰੂ ਨਾਨਕ ਸਾਹਿਬ ਨੂੰ ਕੈਦ ਕਰਨ ਦਾ ਡਰਾਵਾ ਦਿੱਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਜਿਸ ਵਾਸਤੇ ਤੂੰ ਸਾਨੂੰ ਕੈਦ ਕਰਨ ਵਾਸਤੇ ਆਖ ਰਿਹਾ ਹੈਂ, ਉਸ ਤਾਂ ਜਮਪੁਰੀ ਵੀ ਪਹੁੰਚ ਗਿਆ ਹੈ। ਇਹ ਖਬਰ ਸੁਣ ਕੇ ਖਾਨ ਵਿਆਕੁਲ ਹੋ ਕੇ ਰੋਣ ਲੱਗਾ ਤੇ ਗੁਰੂ ਜੀ ਉਠ ਕੇ ਆਪਣੇ ਅਸਥਾਨ ਤੇ ਆ ਗਏ, ਸੂਰਜ ਪ੍ਰਕਾਸ਼ ਪੰਨਾ 36), ਗੁਰੂ ਨਾਨਕ ਸਾਹਿਬ ਨੇ 'ਜਮਪੁਰ ਜਾਣ ਵਰਗੀਆਂ' ਪੇਸ਼ੀਨਗੋਈਆਂ ਕਦੇ ਨਹੀਂ ਕੀਤੀਆਂ ਸਨ। ਸਾਖੀਕਾਰਾਂ ਦੀਆਂ ਅਜਿਹੀਆਂ ਕਲਪਿਤ ਘਟਨਾਵਾਂ ਹੀ ਗੁਰੂ ਇਤਿਹਾਸ ਨੂੰ ਗੰਧਲਾ ਕਰਦੀਆਂ ਅਤੇ ਪਾਠਕਾਂ ਨੂੰ ਕੁਰਾਹੇ ਪਾਣ ਵਲ ਪ੍ਰੇਰਦੀਆਂ ਹਨ। ਦੂਜੀ ਗੱਲ ਕਿ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਜੁੜੀਆਂ ਜਨਮ-ਸਾਖੀਆਂ ਨੂੰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਤਕਰੀਬਨ 60 ਸਾਲ ਬਾਅਦ, ਲਿਖਤ ਰੂਪ ਮਿਲਿਆ ਜਿਸ ਕਾਰਨ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਜੁੜਨ ਵਾਲੇ ਅਨੇਕ ਕੌਤਕਾਂ ਅਤੇ ਕਲਪਨਾਵਾਂ ਦਾ ਜਨਮ ਹੋਇਆ। ਆਪਣੇ ਸੇਵਕਾਂ ਨੂੰ ਮਾਣ ਦਿਵਾਉਣ ਲਈ ਗੁਰੂ ਨਾਨਕ ਸਾਹਿਬ ਦੇ ਵਖਰੇ ਤਰੀਕੇ ਸਨ।

ਗੁਰੂ ਨਾਨਕ ਸਾਹਿਬ ਆਪਣੀ ਚੌਥੀ ਫੇਰੀ ਦੇ ਸਮੇਂ ਇਰਾਨ, ਮੱਕਾ-ਮਦੀਨਾ, ਬਾਕੂ, ਬਗਦਾਦ, ਅਫ਼ਗਾਨਿਸਤਾਨ, ਪਿਸ਼ੌਰ ਅਤੇ ਮੁਲਤਾਨ ਆਦਿ ਅਨੇਕਾਂ ਦੇਸ਼ਾਂ ਅਤੇ ਨਗਰਾਂ ਤੋਂ ਹੁੰਦੇ ਹੋਏ, ਸੈਦਪੁਰ(ਸੱਯਦਪੁਰ) ਐਮਨਾਬਾਦ ਦੂਜੀ ਵੇਰਾਂ ਵਿਰਾਜੇ। ਬਾਬਰ ਨੇ ਸੈਦਪੁਰ ਵਿਚ ਕਤਲੇਆਮ ਕਰ ਕੇ ਨਗਰ ਨੂੰ ਲੁੱਟਿਆ ਤੇ ਸਾੜਿਆ।ਇਸਤ੍ਰੀਆਂ ਨੂੰ ਬੇਪਤ ਕੀਤਾ। ਲੁੱਟ ਦਾ ਮਾਲ ਕੈਦੀਆਂ ਦਿਆਂ ਸਿਰਾਂ ਤੇ ਚੁਕਵਾ ਕੇ ਲਾਹੌਰ ਵੱਲ ਕੂਚ ਕੀਤਾ। ਗੁਰੂ ਨਾਨਕ ਸਾਹਿਬ ਨੇ ਇਸਤ੍ਰੀਆਂ ਦੀ ਹਾਲਤ ਦੇਖ ਕੇ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥**
**(ਆਸਾ ਮਹਲਾ ੧, ਅੰਗ ੪੧੭)**

ਉਚਾਰਨ ਕੀਤਾ। ਸੱਯਦਪੁਰ ਵਿਖੇ ਹੀ ਬਾਬਰ ਦੇ ਹਮਲੇ ਕਾਰਨ ਖ਼ੂਨ ਖਰਾਬਾ ਵੇਖਦਿਆਂ, ਭਾਈ ਲਾਲੋ ਜੀ ਨੂੰ ਸੰਬੋਧਨ ਹੁੰਦਿਆਂ,

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ॥**
**(ਤਿਲੰਗ ਮਹਲਾ ੧, ਅੰਗ ੭੨੨-੭੨੩)**

ਸ਼ਬਦ ਉਚਾਰਨ ਕੀਤਾ। ਬਾਬਰ ਦੁਆਰਾ ਇਲਾਕੇ ਦੇ ਲੋਕਾਂ ਵਿਚ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਨੂੰ ਵੀ ਬੰਦੀ ਬਣਾਇਆ ਗਿਆ। ਸੈਦਪੁਰ ਦੇ ਆਮ ਕੈਦੀਆਂ ਨਾਲ ਫੜੇ ਗਏ ਗੁਰੂ ਨਾਨਕ ਸਾਹਿਬ ਨੂੰ ਵੀ ਇੱਕ ਚੱਕੀ ਦਾਣਾ ਪੀਹਣ ਲਈ ਦਿੱਤੀ ਗਈ ਸੀ। ਬੰਦੀਖਾਨੇ ਵਿਚ ਚੱਕੀਆਂ ਦਾ ਆਪਣੇ ਆਪ ਚਲਣ ਦਾ ਕੌਤਕ ਵੇਖ ਕੇ ਬਾਬਰ ਤੇ ਉਸ ਦੇ ਅਹਿਲਕਾਰਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਜਿਸ ਨੂੰ ਉਸ ਨੇ ਬੰਦੀ ਬਣਾਇਆ ਹੈ ਉਹ ਦਰਅਸਲ ਕੋਈ ਖ਼ੁਦਾਈ ਫਰਿਸ਼ਤਾ ਹੈ। ਗੁਰੂ ਨਾਨਕ ਸਾਹਿਬ ਦਾ ਬੰਦੀ ਖਾਨੇ ਦੇ ਸਾਰੇ ਬੰਦੀਆਂ ਦੀ ਰਿਹਾਈ ਦਾ ਕਾਰਨ ਬਣਨ ਨਾਲ ਭਾਈ ਲਾਲੋ ਜੀ ਦੀ ਕੀਰਤ ਸਾਰੇ ਇਲਾਕੇ ਵਿਚ ਹੋਰ ਵੱਧ ਗਈ। ਸਮਾਂ ਪਾ ਕੇ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਭਾਈ ਲਾਲੋ ਜੀ ਦਾ ਨਾਮ ਸਾਰੇ ਸੰਸਾਰ ਵਿਚ ਸਦੀਵ ਕਾਲ ਲਈ ਅਮਰ ਹੋ ਗਿਆ।

ਸੈਦਪੁਰ (ਸੱਯਦਪੁਰ) ਐਮਨਾਬਾਦ ਸੰਨ 1521 ਵਿਚ ਬਾਬਰ ਦੇ ਹਮਲੇ ਸਮੇਂ ਉੱਜੜ ਗਿਆ ਸੀ। ਬਾਦਸ਼ਾਹ ਅਕਬਰ ਦੇ ਸਮੇਂ ਮੁਹੰਮਦ ਅਮੀਨ ਕਰੋੜੀ ਨੇ ਸੰਨ 1582 ਵਿਚ ਆਪਣੇ ਨਾਮ ਤੇ ਦੁਬਾਰਾ ਆਬਾਦ ਕੀਤਾ। (ਲੇਖ ਡਾਕਟਰ ਸ਼ਮਸ਼ੇਰ ਸਿੰਘ, ਗੁਰਮਤਿ ਪ੍ਰਕਾਸ਼ ਸਤੰਬਰ 2019) ਐਮਨਾਬਾਦ ਵਿਚ ਹੀ ਗੁਰਦਵਾਰਾ ਚੱਕੀ ਸਾਹਿਬ ਸੁਭਾਇਮਾਨ ਹੈ। ਗੁਰੂ ਸਥਾਨ ਵਿਚ ਉਹ ਚੱਕੀ ਵਿਚ ਰੱਖੀ ਹੋਈ ਹੈ ਜੋ ਸੈਦਪੁਰ(ਸੱਯਦਪੁਰ)ਦੇ ਕਤਲੇ-ਆਮ ਵੇਲੇ ਆਮ ਕੈਦੀਆਂ ਦੇ ਨਾਲ ਬੰਦੀ ਬਣਾਏ ਗਏ ਗੁਰੂ ਨਾਨਕ ਸਾਹਿਬ ਨੂੰ ਦਾਣਾ ਪੀਹਣ ਲਈ ਦਿੱਤੀ ਗਈ ਸੀ। ਚੱਕੀ ਗੁਰੂ ਨਾਨਕ ਸਾਹਿਬ ਦੇ ਹੱਥ ਲਗਾਏ ਬਿਨਾ ਹੀ ਚਲਣ ਲਗ ਪਈ ਸੀ। ਜਿਸ ਕੌਤਕ ਨੂੰ ਵੇਖ ਕੇ ਬਾਬਰ ਦੇ ਅਹਿਲਕਾਰਾਂ ਨੇ ਬਾਬਰ ਨੂੰ ਦਸ ਪਾਈ। ਬਾਬਰ ਨੇ ਜਦੋਂ ਆਪਣੀਆਂ ਅੱਖੀਆਂ ਨਾਲ ਅਚਰਜ ਨੂੰ ਵੇਖਿਆ ਤਾਂ ਗੁਰੂ ਨਾਨਕ ਸਾਹਿਬ, ਭਾਈ ਮਰਦਾਨਾ ਜੀ ਦੇ ਨਾਲ ਸਾਰੇ ਕੈਦੀਆਂ ਨੂੰ ਵੀ ਰਿਹਾ ਕੀਤਾ। ਭਾਈ ਲਾਲੋ ਜੀ ਦੇ ਨਿਵਾਸ ਤੇ ਜੋ ਖੂਹੀ ਸੀ, ਇਸ ਦਾ ਜਲ ਗੁਰੂ ਨਾਨਕ ਦੇਵ ਛਕਦੇ ਅਤੇ ਇਸਨਾਨ ਲਈ ਵਰਤਦੇ ਰਹੇ।

ਹੁਣ ਉਸ ਸਥਾਨ ਤੇ ਗੁਰਦਵਾਰਾ ''ਖੂਹੀ ਭਾਈ ਲਾਲੋ ਜੀ' ਸੁਭਾਇਮਾਨ ਹੈ (ਮਹਾਨ ਕੋਸ਼ ਪੰਨਾ 99 ਐਡੀਸ਼ਨ ਸੰਨ 2004) ਇੱਕ ਪਰਵਾਸੀ ਸਿੱਖ ਸਰਦਾਰ ਸੁਰਜੀਤ ਸਿੰਘ ਪਨੇਸਰ ਨੇ ਪਾਕਿਸਤਾਨ ਵਿਚ ਗੁਰਦਵਾਰਿਆਂ ਦੇ ਦਰਸ਼ਨ ਦੀ ਫੇਰੀ ਵੇਲੇ ਭਾਈ ਲਾਲੋ ਜੀ ਦੇ ਘਰ ਅਤੇ ਖੂਹੀ ਦੀ ਖਸਤਾ ਹਾਲਤ ਵੇਖ ਕੇ ਪਰਵਾਸੀ ਪਰਿਵਾਰਾਂ ਦੇ ਸਹਿਯੋਗ ਨਾਲ ਗੁਰਦਵਾਰਾ ਭਾਈ ਲਾਲੋ ਜੀ ਦੇ ਨਾਲ ਲਗਦੀ ਜ਼ਮੀਨ ਖ਼ਰੀਦ ਕੇ ਮੁਰੰਮਤ ਅਤੇ ਨਵੀਨੀਕਰਨ ਕਰਵਾਇਆ (Historical Sikh Shrine of Pakistan by Iqbal Qaiser)

◆◆◆

- ਡਾਕਟਰ ਰਜਿੰਦਰ ਸਿੰਘ ਜੌਲੀ
43240 ਲਾਇਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528





## ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਦਾ ਮੁੱਢ

# ਪੰਜਾਬ ਵਿੱਚ ਉਦਾਸੀਆਂ

ਬਾਬਾ ਦੇਖੈ ਧਿਆਨ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰਿ ਹੈ
ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੋਕਾਈ।।

(ਭਾਈ ਗੁਰਦਾਸ ਵਾਰ 1/24)

ਪਾਪਾਂ, ਕੁਕਰਮਾਂ ਵਿਚ ਜਲ ਰਹੀ ਪ੍ਰਿਥਵੀ ਦੀ ਪੁਕਾਰ ਸੁਣ ਕੇ ਲੋਕਾਈ ਨੂੰ ਸੋਧਣ ਖਾਤਰ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸ਼ੁਰੂ ਕੀਤੀਆਂ ਜਿਨ੍ਹਾਂ ਵਿਚ ਉਨ੍ਹਾਂ ਨੇ ਇਕ ਪ੍ਰਮਾਤਮਾਂ ਦੀ ਓਟ, ਸਰਬ ਸਾਂਝੇ ਭਾਈਚਾਰੇ, ਆਪਸੀ ਪਿਆਰ ਤੇ ਮਿਲਵਰਤਣ, ਸਰਬਤ ਦੇ ਭਲੇ ਅਤੇ ਉੱਚੇ ਤੇ ਸੁੱਚੇ ਆਚਰਣ ਦਾ ਹੋਕਾ ਘਰ ਘਰ ਜਾ ਕੇ ਦਿਤਾ। ਪੰਜਾਬ ਦੇ ਇਲਾਕਿਆਂ ਵਿਚ ਵਿਚਰਣ ਤੋਂ ਬਾਦ ਗੁਰੂ ਜੀ ਨੇ ਪੰਜਾਬੋਂ ਬਾਹਰ ਸਾਰੀ ਦੁਨੀਆਂ ਨੂੰ ਅਪਣੀਆਂ ਉਦਾਸੀਆਂ ਰਾਹੀਂ ਅਪਣੇ ਸੁਨੇਹੇ ਦੇਣ ਲਈ ਤਲਵੰਡੀ ਵਿਚ ਮਾਤਾ ਪਿਤਾ ਤੇ ਪਰਿਵਾਰ ਨੂੰ ਮਿਲਣ ਪਿੱਛੋਂ ਸੁਲਤਾਨ ਪੁਰ ਲੋਧੀ ਵਾਪਿਸ ਆਕੇ ਬੇਬੀ ਨਾਨਕੀ ਤੋਂ ਲੰਬੀ ਯਾਤਰਾ ਲਈ ਆਗਿਆ ਮੰਗੀ ਤੇ ਪਹਿਲੀ ਵਿਸ਼ਵ ਉਦਾਸੀ




ਸੰਨ 1500 ਈਸਵੀ ਵਿਚ ਸ਼ੁਰੂ ਕੀਤੀ। ਇਸ ਤਰ੍ਹਾਂ ਪੰਜਾਬੋਂ ਬਾਹਰ ਪਹਿਲੀ ਲੰਬੀ ਉਦਾਸੀ ਸੁਲਤਾਨਪੁਰ ਲੋਧੀ ਤੋਂ ਸ਼ੁਰੂ ਹੋਈ ।

ਗੁਰੂ ਨਾਨਕ ਦੇਵ ਜੀ ਦੀ ਪਹਿਲੀ ਵਿਸ਼ਵ ਉਦਾਸੀ ਪੰਜਾਬ ਵਿਚ ਗੁਰਦੁਆਰਾ ਬੇਬੇ ਨਾਨਕੀ ਸੁਲਤਾਨਪੁਰ ਲੋਧੀ-ਜਿਥੋਂ ਪਹਿਲੀ ਲੰਬੀ ਯਾਤਰਾ ਸ਼ੁਰੂ ਹੋਈ। ਗੁਰੂ ਜੀ ਨਕੋਦਰ ਅਤੇ ਨੂਰਮਹਿਲ ਤੋ ਲੰਘਦੇ ਹੋਏ ਪੁਆਧੜਾ ਪਿੰਡ ਪਹੁੰਚੇ ਅਤੇ ਤਲਵਾਨ ਪੱਤਣ ਤੋਂ ਲੁਧਿਆਣੇ ਪੱਤਣ ਲਈ ਕਿਸ਼ਤੀ ਲਈ।


**ਪੁਆਧੜਾ :**

ਪੁਆਧੜਾ ਸਤਿਲੁਜ ਦੇ ਉੱਤਰੀ ਕੰਢੇ ਉਤੇ ਫਿਲੌਰ ਦੇ ਨੇੜੇ ਇਕ ਛੋਟਾ ਜਿਹਾ ਪਿੰਡ ਸੀ ਜਿਥੋਂ ਸਤਿਲੁਜ ਪਾਰ ਕਰਨ ਲਈ ਤਲਵਣ ਦੇ ਪੱਤਣ ਤੋਂ ਕਿਸ਼ਤੀਆਂ ਮਿਲਦੀਆਂ ਸਨ। ਪੁਆਧੜੇ ਵਿਚ ਦੋ ਇਤਿਹਾਸਿਕ ਗੁਰਦੁਆਰੇ ਹਨ ਜੋ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰ ਰਾਇ ਜੀ ਦੀ ਏਥੇ ਦੀ ਆਉਣ ਯਾਦ ਨੂੰ ਸਮਰਪਿਤ ਹਨ। ਧਰਮਸਾਲਾ ਮੁਤਾਲਕਾ ਬਾਬਾ ਗੁਰੂ ਨਾਨਕ ਸਾਹਿਬ (ਸੀਰੀਅਲ ਨੰ: 739) ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜਿਆ ਹੈ ਹੁਣ ਗੁਰਦੁਆਰਾ ਗੁਰੂ ਨਾਨਕ ਦੇਵ ਪਾਤਸ਼ਾਹੀ ਪਹਿਲੀ ਦੇ ਨਾਮ ਨਾਲ ਜਾਣਿਆ ਜਾਦਾ ਹੈ। ਇਹ ਇਕ ਰਿਹਾਇਸ਼ੀ ਘਰ ਵਿਚ ਪਿੰਡ ਦੇ ਅੰਦਰਲੇ ਪਾਸੇ ਹੈ ਅਤੇ ਇਸ ਦੀ ਦੇਖਭਾਲ ਪਿੰਡ ਦੀ ਸੰਗਤ ਦੁਆਰਾ ਕੀਤੀ ਜਾਦੀ ਹੈ । ਗੁਰਦੁਆਰਾ ਸਤਵੀਂ ਪਾਤਸ਼ਾਹੀ ਪਿੰਡ ਦੇ ਬਾਹਰਵਾਰ ਹੈ।

**ਲੁਧਿਆਣਾ :**

ਪੁਆਧੜੇ ਤੋਂ ਤਲਵਣ ਦੇ ਪੱਤਣ ਤੋਂ ਕਿਸ਼ਤੀ ਰਾਹੀਂ ਗੁਰੂ ਨਾਨਕ ਦੇਵ ਜੀ ਦਰਿਆ ਦੇ ਦੱਖਣ ਵਲ ਸਥਿਤ ਲੁਧਿਆਣਾ ਪਹੁੰਚੇ ਜੋ ਉਸ ਵੇਲੇ ਮੀਰ ਹੋਤਾ ਨਾਮ ਦਾ ਇਕ ਪਿੰਡ ਹੀ ਹੁੰਦਾ ਸੀ। ਲੋਧੀਆਂ ਨੇ ਇਸ ਦਾ ਨਾਮ ਲੋਧੀ-ਆਨਾ ਰੱਖ ਦਿਤਾ ਅਤੇ ਹੁਣ ਲਗਾਤਾਰ ਤਰਕੀ ਕਰਦਾ ਇਹ ਵੱਡਾ ਸਨਅਤੀ ਸ਼ਹਿਰ ਬਣ ਗਿਆ ਹੈ । ਗੁਰੂ ਨਾਨਕ ਦੇਵ ਜੀ ਇਥੇ ਭਾਈ ਬਾਲਾ ਅਤੇ ਮਰਦਾਨਾ ਨਾਲ ਅਪਣੀ ਪਹਿਲੀ ਉਦਾਸੀ ਵੇਲੇ ਆਏ । ਗੁਰੂ ਨਾਨਕ ਦੇਵ ਜੀ ਬਾਰੇ ਸੁਲਤਾਨਪੁਰ ਲੋਧੀ ਤੇ ਏਮਨਾਬਾਦ ਦੀਆਂ ਘਟਨਾਵਾਂ ਸਦਕਾ ਸਾਰੇ ਹਿੰਦੁਸਤਾਨ ਵਿਚ ਸਰਕਾਰੇ ਦਰਬਾਰੇ ਤੇ ਆਮ ਲੋਕਾਂ ਵਿਚ ਵਾਹਵਾ ਚਰਚਾ ਹੋ ਰਹੀ ਸੀ। ਗੁਰੂ ਜੀ ਦਾ ਲੁਧਿਆਣੇ ਆਇਆ ਸੁਣ ਕੇ ਉਸ ਸਮੇਂ ਦਾ ਸ਼ਾਸ਼ਕ ਜਲਾਲ-ਉ-ਦੀਨ ਅਪਣੇ ਅਹਿਲਕਾਰਾਂ ਨਾਲ ਗੁਰੂ ਸਾਹਿਬ ਨੂੰ ਮਿਲਣ ਆਇਆ। ਉਨ੍ਹੀਂ ਦਿਨੀਂ ਸਤਿਲੁਜ ਦਰਿਆ ਵਿਚ ਲਗਾਤਾਰ ਹੜ੍ਹ ਆਏ ਰਹਿੰਦੇ ਸਨ ਜਿਸ ਕਰਕੇ ਕੰਢੇ ਵਸੇ ਲੁਧਿਆਣੇ ਨੂੰ ਢਾਹ ਲੱਗਦੀ ਰਹਿੰਦੀ ਸੀ ਜਿਸ ਕਰਕੇ ਲੁਧਿਆਣੇ ਦੀ ਹੋਂਦ ਨੂੰ ਹੀ ਖਤਰਾ ਸੀ। ਜਲਾਲ-ਉ-ਦੀਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਲੁਧਿਆਣੇ ਨੂੰ ਇਸ ਢਾਹ ਤੋਂ ਬਚਾਇਆ ਜਾਵੇ। ਗੁਰੂ ਜੀ ਨੇ ਸੁਝਾਉ ਦਿਤਾ,''ਇਕ ਅੱਲਾ ਨਾਲ ਸਦਾ ਜੁੜੇ ਰਹੋ ਤੇ ਸਾਰੀ ਪਰਜਾ ਨੂੰ ਉਸੇ ਦੀ ਰਚਨਾ ਸਮਝ ਕੇ ਸਭ ਨਾਲ ਇਕੋ ਜਿਹਾ ਵਰਤਾਉ ਕਰੋ ਤੇ ਸੱਚਾ ਇਨਸਾਫ ਦਿਉ। ਪਰਜਾ ਸੁਖੀ ਹੋਵੇਗੀ ਤਾਂ ਪ੍ਰਮਾਤਮਾਂ ਵੀ ਦਿਆਲ ਹੋਵੇਗਾ ਤੇ ਉਹ ਤੁਹਾਡੀ ਸੱਚੇ ਦਿਲ ਨਾਲ ਕੀਤੀ ਅਰਦਾਸ ਜ਼ਰੂਰ ਸੁਣੇਗਾ।ਇਹ ਸਭ ਉਸੇ ਦੀ ਕੁਦਰਤ ਦਾ ਖੇਲ੍ਹ ਹੈ । ਸਾਰੀ ਰਚਨਾ ਉਸੇ ਪ੍ਰਮਾਤਮਾਂ ਦੀ ਹੀ ਤਾਂ ਹੈ। ਉਹ ਚਾਹੇਗਾ ਤਾਂ ਇਹ ਦਰਿਆ ਮੀਲਾਂ ਪਿਛੇ ਚਲਾ ਜਾਏਗਾ ਤੇ ਤੁਸੀਂ ਏਥੇ ਹੀ ਖੂਬ ਵਧੋ ਫੂਲੋਗੇ''।

ਗੁਰਦੁਆਰਾ ਗਊ ਘਾਟ, ਲੁਧਿਆਣਾ



ਜਲਾਲ-ਉ-ਦੀਨ ਅਪਣੇ ਸ਼ਾਸ਼ਨ ਦੌਰਾਨ ਨਾਮ ਸਿਮਰਨ, ਸੱਚ ਇਨਸਾਫ ਤੇ ਲੋਕ-ਭਲਾਈ ਵਿਚ ਲੱਗ ਗਿਆ ਤੇ ਸਮਾਂ ਪਾ ਕੇ ਗੁਰੂ ਜੀ ਦੇ ਇਹ ਵਚਨ ਲੁਧਿਆਣੇ ਲਈ ਵਰਦਾਨ ਹੋ ਨਿਬੜੇ।ਕੁਝ ਚਿਰ ਪਿੱਛੋਂ ਸਤਿਲੁਜ ਦਰਿਆ ਨੇ ਅਪਨਾ ਰਸਤਾ ਬਦਲ ਲਿਆ ਅਤੇ ਏਥੋਂ 13 ਕਿਲਮੀਟਰ ਉੱਤਰ ਵਲ ਪਿਛੇ ਹਟ ਗਿਆ । ਫਿਰ ਵੀ ਉਸਦਾ ਇਕ ਅੰਗ ਲੁਧਿਆਨਾ ਨਿਵਾਸੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਰਹਿ ਗਿਆ ਜਿਸ ਨੂੰ ਅੱਜ ਕੱਲ ਬੁੱਢਾ ਨਾਲਾ ਕਿਹਾ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਦੀ ਇਸ ਇਤਿਹਾਸਕ ਫੇਰੀ ਦੀ ਯਾਦ ਵਿਚ ਇਸ ਬੁੱਢੇ ਨਾਲੇ ਦੇ ਕੰਢੇ ਇਕ ਥੜਾ ਬਣਾ ਦਿਤਾ ਗਿਆ ਜਿਥੇ 1972-73 ਵਿੱਚ ਗੁਰਦੁਆਰਾ ਪਹਿਲੀ ਪਾਤਸ਼ਾਹੀ ਬਣਿਆ ਤੇ ਫਿਰ ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਹੋਰਾਂ ਨੇ 1976 ਤੋਂ 2005 ਈ: ਵਿਚ ਕਾਰ ਸੇਵਾ ਰਾਹੀਂ ਏਥੇ ਇਕ ਵਿਸ਼ਾਲ ਗੁਰਦੁਆਰਾ ਗਊ ਘਾਟ ਬਣਾ ਦਿਤਾ ਹੈ ਜਿਸ ਦੇ ਨਾਲ ਇਕ ਵੱਡਾ ਸਰੋਵਰ ਵੀ ਹੈ ਜੋ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਵਿਚ ਹੈ ।

ਏਥੋਂ ਅੱਗੇ ਗੁਰੂ ਸਾਹਿਬ ਲੁਧਿਆਣਾ ਪਖੋਵਾਲ ਰੋਡ ਤੇ ਸਥਿਤ, ਫਿਰੋਜ਼ ਗਾਧੀ ਮਾਰਕਿਟ ਤੋ 8 ਕਿਲਮੀਟਰ ਦੀ ਦੂਰੀ ਤੇ ਸਥਿਤ ਪਿੰਡ ਠੱਕਰਵਾਲ ਗਏ । ਠੱਕਰਵਾਲ ਪਿੰਡ ਦੇ ਵੱਡੀ ਉਮਰ ਦੇ ਵਾਸੀਆ ਦਾ ਕਹਿਣਾ ਹੈ ਕਿ ਉਦੋਂ ਇਹ ਪਿੰਡ ਅਜੇ ਵਸਿਆ ਨਹੀ ਸੀ । ਲੋਕ ਪਿੰਡ ਲਲਤੋ ਤੇ ਇਸ ਸਥਾਨ ਦੇ ਖੇਤਾਂ ਵਿਚ ਆ ਕੇ ਵਸਣ ਜ਼ਰੂਰ ਲੱਗ ਪਏ ਸਨ।ਇਸ ਥਾਂ ਇਕ ਵੱਡਾ ਜੌਹੜ ਸੀ ਜੋ ਬੋਹੜਾਂ ਨਾਲ ਘਿਰਿਆ ਹੋਇਆ ਸੀ । ਜੋਹੜ ਦੇ ਨਜ਼ਦੀਕ ਪਛਮੀ ਦਿਸ਼ਾ ਵਿਚ ਇਕ ਛੋਟਾ ਜਿਹਾ ਨਵਾਂ ਬਣਿਆ ਸ਼ਿਵਾਲਾ ਸੀ ਜੋ ਇਕ ਪੰਡਿਤ ਨੇ ਬਣਾ ਕੇ ਅਪਣਾ ਡੇਰਾ ਕਾਇਮ ਕਰ ਲਿਆ ਸੀ। ਗੁਰੂ ਸਾਹਿਬ ਨੇ ਇਕ ਬੋਹੜ ਥੱਲੇ ਟਿਕਾਣਾ ਕੀਤਾ ਅਤੇ ਹਾਜ਼ਰ ਲੋਕਾਂ ਨਾਲ ਵਿਚਾਰਾਂ ਕਰਨ ਲੱਗ ਪਏ ।ਮੰਦਰ ਦਾ ਪੰਡਿਤ, ਪੰਡਿਤ ਠਾਕੁਰ ਦਾਸ ਸੀ ਜੋ ਇਲਾਹਾਬਾਦ ਦੇ ਇਕ ਡੇਰੇ ਦੀ ਗੱਦੀ ਹਾਸਲ ਕਰਨ ਵਿੱਚ ਨਾਕਾਮ ਰਹਿਣ ਪਿੱਛੋਂ ਏਥੇ ਮੰਦਿਰ ਬਣਾ ਕੇ ਰਹਿ ਰਿਹਾ ਸੀ। ਗੁਰੂ ਜੀ ਕੋਲ ਕਾਫੀ ਇਕੱਠ ਵੇਖ ਕੇ ਠਾਕੁਰ ਦਾਸ ਨੇ ਗੁਰੂ ਸਾਹਿਬ ਨੂੰ ਈਰਖਾ ਨਾਲ ਦੇਖਿਆ ਕਿਉਂਕਿ ਪੰਡਿਤ ਵਲ ਤਾਂ ਕੋਈ ਧਿਆਨ ਹੀ ਨਹੀਂ ਦੇ ਰਿਹਾ ਸੀ।ਮਰਦਾਨੇ ਦੀ ਰਬਾਬ ਦੀਆਂ ਸੁਰੀਲੀਆਂ ਸੰਗੀਤ ਧੁਨਾਂ ਵਿਚ ਗੁਰੂ ਜੀ ਦੇ ਗਾਏ ਸ਼ਬਦਾਂ ਨੇ ਉਸ ਦੇ ਦਿਲ ਵਿਚ ਵੀ ਥਰਥਰਾਹਟ ਪੈਦਾ ਕਰ ਦਿਤੀ ਤੇ ਗੁਰੂ ਸਾਹਿਬ ਦੁਆਰਾ ਗਾਈ ਜਾ ਰਹੀ ਬਾਣੀ ਦੀ ਹਰ ਪੰਗਤੀ ਉਸਨੂੰ ਸਹੀ ਰਸਤੇ ਤੇ ਚਲਣ ਲਈ ਪ੍ਰੇਰਨਾ ਕਰ ਰਹੀ ਸੀ । ਠਾਕੁਰ ਦਾਸ ਨੂੰ ਛੇਤੀ ਹੀ ਸਮਝ ਆ ਗਈ ਕਿ ਉਹ ਗੁਰੂ ਸਾਹਿਬ ਵੱਲ ਧਿਆਨ ਨਾ ਦੇ ਕੇ ਗਲਤੀ ਕਰ ਰਿਹਾ ਹੈ ।ਉਹ ਆਇਆ ਅਤੇ ਗੁਰੂ ਸਾਹਿਬ ਜੀ ਦੇ ਚਰਨਾ ਉਪਰ ਡਿਗ ਪਿਆ ਅਤੇ ਬੋਲਿਆ, "ਰਾਮ"। ਗੁਰੂ ਸਾਹਿਬ ਨੇ ਅਗੋਂ ਕਿਹਾ "ਸਤ ਕਰਤਾਰ" । ਠਾਕੁਰ ਦਾਸ ਨੇ ਪੁਛਿਆ ਕਿ "ਹਰੇ ਰਾਮ" ਅਤੇ "ਸਤ ਕਰਤਾਰ" ਵਿੱਚ ਕੀ ਫਰਕ ਹੈ । ਗੁਰੂ ਸਾਹਿਬ ਨੇ ਸਮਝਾਇਆ, "ਰਾਮ ਇਕ ਸੂਝਵਾਨ ਗਿਆਨਵਾਨ ਰਾਜਾ ਸੀ ਪਰ ਕਾਲ ਦੇ ਵਸ ਸੀ, ਨਾਸ਼ਵਾਨ ਸੀ । ਕਰਤਾਰ ਦਾ ਮਤਲਬ 'ਸਾਰੀ ਦੁਨੀਆਂ ਦਾ ਰਚਣ ਵਾਲਾ ਪ੍ਰਮਾਤਮਾਂ' 'ਜੋ ਹਮੇਸ਼ਾ ਸੱਚ ਹੈ ਅਤੇ ਸਦੀਵੀ ਰਹਿਣ ਵਾਲਾ ਹੈ, ਕਦੇ ਮਰਦਾ ਨਹੀ । ਸਾਰੇ ਨਾਸ਼ਵਾਨ ਪ੍ਰਮਾਤਮਾਂ ਦੇ ਹੀ ਰਚੇ ਹੁੰਦੇ ਹਨ । ਪ੍ਰਮਾਤਮਾਂ ਹਮੇਸ਼ਾ ਸੱਚ ਹੈ ਅਤੇ ਹਮੇਸ਼ਾ ਸੱਚ ਹੀ ਰਹੇਗਾ । ਕਿਉਂਕਿ ਨਾਸ਼ਵਾਨ ਦੀ ਹੋਂਦ ਥੋੜੇ ਸਮੇ ਲਈ ਹੁੰਦੀ ਹੈ ਇਸ ਲਈ ਉਹ ਸਦੀਵੀ ਸੱਚ ਨਹੀ ਹੋ ਸਕਦੇ । ਠਾਕੁਰ ਦਾਸ ਸਚਾਈ ਸਮਝ ਗਿਆ। ਗੁਰੂ ਜੀ ਨੇ ਉਸ ਨੂੰ ਕਰਤਾਰ ਨੂੰ ਹਮੇਸ਼ਾ ਯਾਦ ਰੱਖਣ ਲਈ ਕਿਹਾ । ਗੁਰੂ ਜੀ ਨੇ ਸਮਝਾਇਆ ਨਾਮ ਜਪਣ, ਸਿਮਰਨ ਤੇ ਧਿਆਨ ਰਾਹੀਂ ਬੰਦਾ ਉਸ ਨੂੰ ਪਾ ਸਕਦਾ ਹੈ ਤੇ ਜੰਮਣ ਮਰਨ ਦੇ ਚੱਕਰ ਤੋਂ ਹਮੇਸ਼ਾਂ ਬਚ ਸਕਦਾ ਹੈ"। ਸਭ ਸੁਣਨ ਸਮਝਣ ਪਿਛੋਂ ਪਡਿਤ ਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ ਤੇ ਗੁਰੂ ਜੀ ਨੂੰ ਠਹਿਰਨ ਲਈ ਬੇਨਤੀ ਕੀਤੀ ਉਸਦੀ ਬੇਨਤੀ ਤੇ ਗੁਰੂ ਜੀ ਇਥੇ 3-4 ਦਿਨ ਠਹਿਰੇ । ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਾਰ ਸੇਵਾ ਰਾਹੀਂ ਗੁਰੂ ਜੀ ਦੀ ਯਾਦ ਵਿੱਚ ਵਿਸ਼ਾਲ ਗੁਰਦੁਆਰਾ ਬਣਾਇਆ ਹੈ ।

ਠੱਕਰਵਾਲ ਤੋਂ ਦੁੱਗਰੀ, ਮਾਣਕਵਾਲ, ਗਿੱਲ, ਡੇਹਲੋਂ ਆਦਿ ਪਿੰਡਾਂ ਵਿਚੋਂ ਲੰਘਦੇ ਹੋਏ ਗੁਰੂ ਸਾਹਿਬ ਜਗੇੜਾ ਜੋ ਹੁਣ ਨਾਨਕਸਰ ਜਗੇੜਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਪਹੁੰਚੇ। ਲੁਧਿਆਣਾ-ਮਲੇਰਕੋਟਲਾ ਸੜਕ ਅਹਿਮਦਗੜ੍ਹ ਤੋਂ 4 ਕਿਲੋਮੀਟਰ ਦੀ ਦੂਰੀ ਤੇ ਗੁਰਦੁਆਰਾ ਪਹਿਲੀ ਤੇ ਛੇਵੀਂ ਪਾਤਸ਼ਾਹੀ, ਨਾਨਕਸਰ ਜਗੇੜਾ ਸਥਿਤ ਹੈ ਜੋ ਸ਼ਾਹ ਰਾਹ ਦੇ ਇਕ ਪਾਸੇ ਹੈ। ਬਾਅਦ ਵਿੱਚ

ਗੁਰਦੁਆਰਾ ਚਉਬਾਰਾ ਸਾਹਿਬ, ਪਿੰਡ ਛੀਟਾਂਵਾਲਾ






ਛੇਵੇਂ ਗੁਰੂ ਸਾਹਿਬ ਵੀ ਇਥੇ ਆਏ ।

ਜਗੇੜਾ ਤੋਂ ਬਾਅਦ ਗੁਰੂ ਸਾਹਿਬ ਸੰਗਰੂਰ ਪਹੁੰਚੇ। ਗੁਰੂ ਜੀ ਦੀ ਏਥੇ ਫੇਰੀ ਦੀ ਯਾਦ ਵਿੱਚ ਗੁਰਦੁਆਰਾ ਨਾਨਕਿਆਣਾ ਸਾਹਿਬ ਬਣਾਇਆ ਗਿਆ। ਗੁਰੂ ਸਾਹਿਬ ਇਥੇ ਰੁਕੇ ਅਤੇ ਕਾਲ ਤੇ ਵਿਚਾਰ ਚਰਚਾ ਕੀਤੀ ਕਿ ਕਿਸ ਤਰ੍ਹਾ ਹਰ ਕੋਈ ਮੌਤ ਦੇ ਅਧੀਨ ਹੈ। ਜੇ ਕੋਈ ਅਪਣੇ ਆਪ ਨੂੰ ਬਚਾ ਸਕਦਾ ਹੈ ਤਾਂ ਪ੍ਰਮਾਤਮਾਂ ਨਾਲ ਜੁੜ ਕੇ ਹੀ। ਕਿਉਂਕਿ ਪੱਥਰ ਕਿਸੇ ਦੀ ਮਦਦ ਨਹੀਂ ਕਰ ਸਕਦੇ। ਪਿਛੋਂ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਸਾਹਿਬ ਇਸ ਸਥਾਨ ਤੇ ਆਏ।

ਏਥੋਂ ਅੱਗੇ ਗੁਰੂ ਨਾਨਕ ਸੰਗਰੂਰ ਸ਼ਹਿਰ ਦੇ ਉਤਰ ਵਿੱਚ 5 ਕਿਲਮੀਟਰ ਦੀ ਦੂਰੀ ਤੇ ਮਲੇਰਕਟਲਾ-ਸੰਗਰੂਰ ਰੋਡ ਤੇ ਅਕੋਈ ਪਹੁੰਚੇ ਜਿਥੇ ਗੁਰਦੁਆਰਾ ਅਕੋਈ ਸਾਹਿਬ ਗੁਰੂ ਸਾਹਿਬ ਦੇ ਫੇਰੀ ਦੀ ਯਾਦ ਕਰਵਾਉਂਦਾ ਹੈ । ਗੁਰੂ ਜੀ ਸੰਨ 1504 ਈਸਵੀ ਵਿੱਚ ਪਿੰਡ ਮੰਗਵਾਲ, ਨਾਨਕਿਆਣਾ ਸਾਹਿਬ ਤੋਂ ਇਥੇ ਆਏ । ਉਸ ਸਮੇ ਇਥੇ ਸੰਘਣਾ ਜੰਗਲ ਸੀ । ਗੁਰੂ ਜੀ ਨੇ ਲੋਕਾਂ ਨੂੰ ਅਸ਼ੀਰਵਾਦ ਦਿਤਾ ਅਤੇ ਕਿਹਾ ਕਿ ਇਕ ਦਿਨ ਆਏਗਾ ਜਦੋ ਇਹ ਇਕ ਵੱਡਾ ਅਮੀਰ ਸ਼ਹਿਰ ਹੋਵੇਗਾ। ਬਾਅਦ ਵਿਚ ਇਸੇ ਸਥਾਨ ਤੇ ਛੇਵੇਂ, ਸਤਵੇਂ ਅਤੇ ਨੌਵੇਂ ਗੁਰੂ ਸਾਹਿਬ ਨੇ ਵੀ ਬਖਸ਼ਸ਼ਾਂ ਕੀਤੀਆਂ। ਗੁਰੂ ਹਰਗੋਬਿੰਦ ਸਾਹਿਬ ਇਸ ਸਥਾਨ ਤੇ 1616 ਵਿੱਚ ਆਏ ।

ਗੁਰਦੁਆਰਾ ਚਉਬਾਰਾ ਸਾਹਿਬ ਪਿੰਡ ਛੀਟਾਂਵਾਲਾ ਵਿੱਚ ਨਾਭਾ-ਸੰਗਰੂਰ ਰੋਡ ਤੇ ਸਥਿਤ ਹੈ। ਗੁਰੂ ਨਾਨਕ ਦੇਵ ਜੀ ਇਥੇ ਭਾਈ ਚਾਨਣ ਮਲ ਦੇ ਘਰ ਆਏ, ਜਿਸਨੇ ਗੁਰੂ ਸਾਹਿਬ ਦੇ ਠਹਿਰਣ ਦਾ ਪ੍ਰਬੰਧ ਚਉਬਾਰੇ (ਉਪਰਲੀ ਮੰਜਿਲ) ਵਿੱਚ ਕੀਤਾ ਅਤੇ ਗੁਰੂ ਸਾਹਿਬ ਦੇ ਆਓਣ ਦੀ ਖੁਸ਼ੀ ਵਿਚ ਭੋਜ ਦਾ ਪ੍ਰਬੰਧ ਕੀਤਾ । ਪਿੰਡ ਦੇ ਬ੍ਰਾਹਮਣ ਅਤੇ ਹੋਰ ਲੋਕਾਂ ਨੂੰ ਵੀ ਸੱਦਾ ਦਿਤਾ ਗਿਆ । ਅਸਲ ਵਿੱਚ ਉਸੇ ਦਿਨ ਚਾਨਣ ਮਲ ਦੇ ਘਰ ਬੱਚੇ ਨੇ ਜਨਮ ਲਿਆ ਜਿਸ ਕਰ ਬ੍ਰਾਹਮਣ ਨੇ ਭੋਜਨ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਕਹਿਣ ਲੱਗੇ ਕਿ ਇਸ ਸਥਾਨ ਤੇ ਹੋਏ ਜਨਮ ਸਦਕਾ ਸਾਰਾ ਭੋਜਨ ਅਪਵਿਤਰ (ਸੂਤਕ) ਹੋ ਗਿਆ ਹੈ। ਗੁਰੂ ਜੀ ਨੇ ਇਹ ਸੁਣਿਆ ਤਾਂ ਗੁਰਬਾਣੀ ਦਾ ਉਚਾਰਨ ਕੀਤਾ। ਸ਼ਬਦ ਦਾ ਭਾਵ ਸੀ ਇਸ ਬੱਚੇ ਦੇ ਜਨਮ ਨਾਲ ਕੋਈ ਅਪਵਿਤਰਤਾ ਨਹੀਂ ਹੋਈ ਕਿਉਂਕਿ ਅਸਲ ਵਿੱਚ ਧਰਤੀ ਤੇ ਅਜਿਹਾ ਕੁਝ ਵੀ ਨਹੀਂ ਜਿਸ ਵਿੱਚ ਜ਼ਿੰਦਗੀ ਨਾ ਹੋਵੇ। ਇਥੋਂ ਤਕ ਕਿ ਗਊ ਦੇ ਗੋਬਰ ਅਤੇ ਲੱਕੜ ਵਿੱਚ ਵੀ ਕੀੜੇ ਹੁੰਦੇ ਹਨ। ਅਸਲੀ ਅਪਿਵਤਰਤਾ ਤਾਂ ਲਾਲਚ, ਝੂਠ ਅਤੇ ਬੁਰਾਈ ਦੀ ਹੈ ਜਿਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਸ ਸ਼ਬਦ ਨੂੰ ਸੁਣ ਕੇ ਬ੍ਰਾਹਮਣ ਸੂਤਕ ਦਾ ਮਤਲਬ ਸਮਝ ਗਿਆ ਤੇ ਗੁਰੂ ਜੀ ਦੇ ਚਰਨੀਂ ਡਿਗਿਆ।

ਛੀਟਾਂਵਾਲਾ ਤੋਂ ਗੁਰੂ ਨਾਨਕ ਦੇਵ ਜੀ ਪਟਿਆਲੇ ਦੇ ਨੇੜੇ ਕਮਾਲਪੁਰ ਪਹੁੰਚੇ ਤੇ ਪਿੰਡ ਦੀ ਹੱਦ ਤੇ ਬੈਠ ਗਏ। ਪਿੰਡ ਵਾਸੀਆਂ ਨੇ ਗੁਰੂ ਜੀ ਵੱਲ ਕੋਈ ਧਿਆਨ ਨਹੀਂ ਦਿਤਾ ਕਿਉਕਿ ਉਹ ਪਹਿਲਾਂ ਹੀ ਇਕ ਸਾਧੂ ਨਾਲ ਜੁੜੇ ਹੋਏ ਸਨ ਜੋ ਕਿ ਤਲਾਬ ਦੇ ਕੰਢੇ ਤੇ ਰਹਿੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਸਾਧੂ ਨਾਲ ਵਿਚਾਰ ਚਰਚਾ ਕੀਤੀ ਜਿਥੇ ਪਿੰਡ ਦੇ ਲੋਕ ਵੀ ਹਾਜ਼ਰ ਸਨ। ਸਾਧੂ ਨੇ ਗੁਰੂ ਜੀ ਦੀ ਧਾਰਮਿਕ ਉਤਮਤਾ ਪਛਾਣ ਲਈ ਅਤੇ ਪਿੰਡ ਵਾਲਿਆਂ ਨੇ ਵੀ ਗੁਰੂ ਜੀ ਦੀ ਮਹਾਨਤਾ ਸਵੀਕਾਰ ਕੀਤੀ । ਪਹਿਲੇ ਗੁਰੂ ਜੀ ਦੇ ਨਾਲ ਨਾਲ ਛੇਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਵੀ ਏਥੇ ਆਏ। ਗੁਰਦੁਆਰਾ ਪਾਤਸ਼ਾਹੀ ਪਹਿਲੀ, ਛੇਵੀਂ ਅਤੇ ਨੌਵੀਂ ਦੀ ਫੇਰੀ ਦੀ ਯਾਦ ਦਿਵਾਉਂਦਾ ਹੈ। ਗੁਰੂ ਨਾਨਕ ਦੇਵ ਜੀ ਇਸ ਤੋਂ ਅੱਗੇ ਹਰਿਆਣਾ ਦੇ ਸ਼ਹਿਰ ਪਹੋਵਾ ਗਏ।

◆◆◆


- ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ

ਮੋਬਾਇਲ : 9815366726



## ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਉਤਾਰਾ ਕਰਵਾਉਣ ਵਾਲੇ

# ਭਾਈ ਬੰਨੋ ਜੀ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਅਧਿਆਤਮਿਕ ਭੋਜਨ ਦਾ ਥਾਲ (ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ) ਸਜਾ ਕੇ ਦਿੱਤਾ ਹੈ ਇਹ ਉਨ੍ਹਾਂ ਦੀ ਇੱਕ ਵੱਡਮੁੱਲੀ ਅਤੇ ਵਿਸ਼ੇਸ਼ ਦੇਣ ਹੈ। ਇਹ ਦੇਣ ਜਿਥੇ ਗੁਰੂ ਸਾਹਿਬ ਦੇ ਇੱਕ ਯੋਗ ਸੰਪਾਦਕ, ਮਹਾਨ ਵਿਦਵਾਨ ਅਤੇ ਉੱਚਕੋਟੀ ਦੇ ਕਵੀ ਹੋਣ ਦੀ ਹਾਮੀ ਭਰਦੀ ਹੈ ਉੱਥੇ ਉਨ੍ਹਾਂ ਦੇ ਵਿੱਥ ਰਹਿਤ ਅਤੇ ਸਮਸਰ ਨਜ਼ਰੀਏ ਦੇ ਧਾਰਣੀ ਹੋਣ ਦੀ ਗਵਾਹੀ ਵੀ ਦਿੰਦੀ ਹੈ। ਵਿਸ਼ਾਲ ਅਤੇ ਕਮਾਲ ਨਜ਼ਰੀਏ ਨਾਲ ਸਜਾਏ ਇਸ ਅਧਿਆਤਮਿਕ ਥਾਲ ਵਿਚ ਜਿਥੇ ਪੰਚਮ ਪਾਤਸ਼ਾਹ ਸ੍ਰੀ ਗੁਰੁ ਅਰਜਨ ਦੇਵ ਜੀ ਨੇ ਸਤ (ਉੱਚਾ ਤੇ ਸੁੱਚਾ ਆਚਰਣ) ਸੰਤੋਖ (ਦੁਨਿਆਵੀ ਦਾਤਾਂ ਤੋਂ ਤ੍ਰਿਪਤੀ) ਅਤੇ ਵੀਚਾਰ (ਆਤਮਿਕ ਗਿਆਨ) ਦੇ ਨਾਲ-ਨਾਲ ਪ੍ਰਭੂ ਦਾ ਅੰਮ੍ਰਿਤਮਈ ਅਤੇ ਸਦੀਵੀ ਨਾਮ ਵੀ ਪਰੋਸਿਆ ਹੈ। ਰੂਹਾਂ ਦੇ ਰੱਜ ਲਈ ਸਜਾਏ ਇਸ ਬੇਸ਼ਕੀਮਤੀ ਥਾਲ ਬਾਬਤ ਗੁਰੂ ਸਾਹਿਬ ਦਾ ਇਹ ਦਾਅਵਾ ਹੈ ਕਿ ਜੇਕਰ ਕੋਈ ਸ਼ਰਧਾ-ਭਾਵਨਾ ਨਾਲ ਇਸ ਆਤਮਿਕ ਭੋਜਨ ਦਾ ਸੇਵਨ ਕਰਕੇ ਉਸ ਨੂੰ ਪਚਾਵੇਗਾ ਭਾਵ ਹਿਰਦੇ ਵਿਚ ਵਸਾਵੇਗਾ ਉਸ ਦਾ ਲੋਕ ਸੁਖੀਆ ਅਤੇ ਪ੍ਰਲੋਕ ਸੁਹੇਲਾ ਹੋ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਸ ਥਾਲ ਨੂੰ ਸਜਾਉਣ ਲਈ ਜਿਥੇ ਪੰਚਮ ਪਾਤਸ਼ਾਹ ਦਾ ਆਪਣਾ ਇੱਕ ਅਹਿਮਤਰੀਨ ਯੋਗਦਾਨ ਹੈ ਉੱਥੇ ਭਾਈ ਗੁਰਦਾਸ ਜੀ,ਬਾਬਾ ਬੁੱਢਾ


ਸਾਹਿਬ ਅਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਅਦਿ ਦਾ ਵੀ ਵਿਸ਼ੇਸ਼ ਸਹਿਯੋਗ ਹੈ।

ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਭਾਈ ਬੰਨੋ ਜੀ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ 1558 ਈਸਵੀ) ਨੂੰ ਭਾਈ ਬਿਸ਼ਨ ਚੰਦ/ਦੇਵ ਦੇ ਗ੍ਰਹਿ ਪਿੰਡ ਖਾਰਾ ਮਾਂਗਟ (ਗੁਜਰਾਤ) ਵਿਖੇ ਹੋਇਆ। ਭਾਈ ਸਾਹਿਬ ਭਾਟੀਆ (ਖੱਤਰੀ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਭਾਈ ਬੰਨੋ ਦੇ ਤਿੰਨ ਭਰਾ ਭਾਈ ਫੇਰੂ, ਭਾਈ ਗੁਰਦਿੱਤਾ ਅਤੇ ਭਾਈ ਹਰੀ ਜੀ ਸਨ। ਜਿਸ ਪਿੰਡ ਵਿਚ ਭਾਈ ਸਾਹਿਬ ਦਾ ਜਨਮ ਹੋਇਆ ਉਹ ਸਿਰਫ ਨਾਮ ਦਾ ਹੀ ਖਾਰਾ ਨਹੀਂ ਸੀ ਸਗੋਂ ਉਸ ਦਾ ਪਾਣੀ ਵੀ ਅਤਿ ਦਾ ਖਾਰਾ ਸੀ। ਪੀਣ ਦੇ ਯੋਗ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਦੂਰ-ਦੁਰਾਡੇ ਤੋਂ ਪਾਣੀ ਦੀ ਲੋੜ ਪੂਰੀ ਕਰਨੀ ਪੈਂਦੀ ਸੀ।

ਭਾਈ ਬੰਨੋ ਦਾ ਵਿਆਹ ਚੇਤ ਸੁਦੀ 7 ਸੰਮਤ 1633 ਬਿਕ੍ਰਮੀ ਨੂੰ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੰਗੀ ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ, ਨਾਲ ਹੋਇਆ। ਨੇਕ ਸੁਭਾਅ ਦੀ ਸੁਆਣੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ 'ਮਾਈ ਰੱਜੀ ਪਰਦੇ ਕੱਜੀ' ਕਿਹਾ ਕਰਦੇ ਸਨ। ਭਾਈ ਸਾਹਿਬ ਨੂੰ ਗੁਰਮਿਤ ਦਾ ਪਾਠ ਪੜ੍ਹਾਉਣ ਵਾਲੀ ਸੁਰੰਗੀ ਉਰਫ਼ ਬੀਬੀ ਰੱਜੀ ਹੀ ਸੀ।

ਭਾਈ ਬੰਨੋ ਦੇ ਘਰ ਅੱਠ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਹਨ - ਮੱਲ, ਟੱਲ, ਤਾਰਾ, ਦਵਾਰਕਾ, ਲੱਖੂ, ਬੱਖੂ, ਉੱਤਮ ਅਤੇ ਬੱਧੂ। ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਭਾਈ ਬੰਨੋ ਨੇ ਇਨ੍ਹਾਂ ਸਾਰਿਆਂ ਨੂੰ ਅਧਿਆਤਮਿਕ ਪੜ੍ਹਾਈ ਵੀ ਕਰਵਾਈ ਪਰ ਪਦਾਰਥਵਾਦੀ ਬਿਰਤੀ ਭਾਰੂ ਹੋਣ ਕਰਕੇ ਇਹ ਭਾਈ ਸਾਹਿਬ ਕੋਲੋਂ ਵੱਖਰੀ ਧੰਨ-ਸੰਪਤੀ ਦੀ ਆਸ ਕਰਨ ਲੱਗ ਪਏ। ਭਾਈ ਬੰਨੋ ਨੇ ਇਨ੍ਹਾਂ ਨੂੰ ਸਮਝਾਇਆ ਕਿ ਸਿੱਖੀ ਅਤੇ ਸੰਪਤੀ ਦੋਵੇਂ ਇੱਕ ਥਾਂ 'ਤੇ ਨਹੀਂ ਟਿੱਕ ਸਕਦੀਆਂ। ਪੁੱਤਰ ਬਾਪੂ ਦੀ ਰਮਜ਼ ਨੂੰ ਸਮਝ ਗਏ ਅਤੇ





ਰੱਬ ਦੀ ਰਜ਼ਾ ਵਿਚ ਰਾਜੀ ਰਹਿਣ ਲੱਗ ਪਏ।

ਜਦੋਂ ਸੰਮਤ 1645 ਵਿਚ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ ਬੰਨੋ ਜੀ ਸੰਗਤ ਸਮੇਤ ਦਰਸ਼ਨ ਕਰਨ ਲਈ ਆ ਗਏ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਹ ਉਥੋਂ ਦੇ ਹੀ ਹੋ ਕੇ ਰਹਿ ਗਏ। ਮਨ ਸਿਮਰਨ ਅਤੇ ਤਨ ਸੇਵਾ ਵਿਚ ਲਗਾ ਕੇ ਭਾਈ ਸਾਹਿਬ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ। ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ।

ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਾਈ ਬੰਨੋ ਦੀ ਦੇਣ ਕਾਬਲ-ਏ-ਤਰੀਫ਼ ਹੈ। ਦੂਰ-ਦੁਰਾਡੇ ਦੇ ਇਲਾਕੇ ਵਿਚ ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਆਪਣੇ ਨਗਰ ਖਾਰੇ ਵਿਚ ਵੀ ਇੱਕ ਧਰਮਸ਼ਾਲਾ ਬਣਾਈ ਜਿਥੇ ਬੈਠਕੇ ਉਹ ਕਥਾ-ਕੀਰਤਨ ਦਾ ਆਖੰਡ ਪ੍ਰਵਾਹ ਚਲਾਉਂਦੇ ਸਨ।

ਗੁਰੂ ਅਰਜਨ ਦੇਵ ਜੀ ਭਾਈ ਬੰਨੋ ਨੂੰ ਰੱਜਵਾਂ ਮਾਣ ਤੇ ਸਤਿਕਾਰ ਦਿੰਦੇ ਸਨ। ਹਰਿਮੰਦਰ ਸਾਹਿਬ ਦੀ ਮੁਕੰਮਲਤਾ ਦੀ ਖ਼ੁਸ਼ੀ ਵਿਚ ਗੁਰੂ ਸਾਹਿਬ ਨੇ ਇੱਕ ਵਾਰ ਬ੍ਰਹਮ-ਭੋਜ (ਲੰਗਰ) ਤਿਆਰ ਕਰਵਾਇਆ। ਪੁਰਾਤਨੀ ਸੋਚ ਵਾਲੇ ਕੁੱਝ ਸਿੱਖਾਂ ਨੇ ਗੁਰੂ ਜੀ ਨੂੰ ਇਸ ਭੋਜ ਦਾ ਪਹਿਲਾ ਥਾਲ ਕਿਸੇ ਪੁਰੋਹਿਤ ਨੂੰ ਛਕਾਉਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਨੇ ਉਹ ਥਾਲ ਭਾਈ ਬੰਨੋ ਅੱਗੇ ਰੱਖ ਦਿੱਤਾ। ਇਸ ਗੱਲ ਦੀ ਗਵਾਹੀ ਭਾਈ ਜਵਾਹਰ ਸਿੰਘ ਨੇ ਆਪਣੀ ਪੁਸਤਕ 'ਭਾਈ ਬੰਨੋ ਪ੍ਰਕਾਸ਼' ਦੇ ਅਧਿਆਇ ਛੇਵੇਂ ਵਿਚ ਇਸ ਤਰ੍ਹਾਂ ਭਰੀ ਹੈ :-

'ਹਮਰੋ ਪ੍ਰੋਹਿਤ ਭਾਈ ਬੰਨੋ॥
ਸਭ ਸੰਗਤਿ ਤੁਮ ਸਤਿ ਕਰਿ ਮਾਨੋ॥

ਚਾਰ ਗੁਰੂ ਸਾਹਿਬਾਨ ਨੇ ਸਿੱਖੀ ਦੀ ਚੜ੍ਹਦੀਕਲਾ ਅਤੇ ਸਰਬਤ ਦੇ ਭਲੇ ਲਈ ਆਪਣੇ-ਆਪਣੇ ਸਮੇਂ ਵਿਚ ਬਾਣੀ (ਪੋਥੀ ਦੇ



ਰੂਪ ਵਿਚ) ਰਚ ਕੇ ਸਾਰਥਿਕ ਅਤੇ ਸਦੀਵੀਂ ਯੋਗਦਾਨ ਪਾਇਆ ਹੈ।ਗੁਰੂ ਅਰਜਨ ਦੇਵ ਜੀ ਨੇ ਇਸ ਯੋਗਦਾਨ ਨੂੰ ਪੱਕੇ ਪੈਰੀਂ ਕਰਨ ਹਿੱਤ ਇੱਕ ਵੱਡ-ਅਕਾਰੀ ਅਤੇ ਮਿਆਰੀ ਗ੍ਰੰਥ ਦੀ ਸੰਪਾਦਨਾ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀਆਂ ਰੱਬੀ-ਰਚਨਾਵਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਗੁਰਮਿਤ ਦੀ ਕਸਵੱਟੀ 'ਤੇ ਖ਼ਰੀਆਂ ਉਤਰਨ ਵਾਲੀਆਂ ਭਗਤਾਂ, ਭੱਟਾਂ ਅਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲਿਆਂ ਸਿੱਖਾਂ ਦੀ ਰਚਨਾਵਾਂ ਨੂੰ ਸੰਭਾਲਣਾ ਵੀ ਸੀ। ਮਹਾਨਤਾ ਅਤੇ ਵਿਦਵਾਨਤਾ ਵਾਲੇ ਇਸ ਕਾਰਜ ਲਈ ਪੰਚਮ ਪਾਤਸ਼ਾਹ ਨੇ ਰਾਮਸਰ ਨਾਮ ਦੇ ਇਕਾਂਤਕ ਸਥਾਨ ਦੀ ਚੋਣ ਕੀਤੀ ਅਤੇ ਕਾਗਜ਼-ਕਲਮ ਮੰਗਵਾਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ।ਇਸ ਤਰ੍ਹਾਂ ਗੁਰਬਾਣੀ/ਬਾਣੀ ਸੰਗ੍ਰਿਹ ਅਤੇ ਸੰਪਾਦਨ ਦਾ ਇਹ ਕਾਰਜ ਲਗਭਗ ਪੌਣੇ ਕੁ ਦੋ ਸਾਲ ਵਿਚ ਸੰਪੂਰਨ ਹੋ ਗਿਆ।

ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜਤ ਦੀ ਲੋੜ ਨੂੰ ਮਹਿਸੂਸ ਕੀਤਾ ਜੋ ਕਿ ਇੱਕ ਮਜਬੂਤ ਅਤੇ ਸੁੰਦਰ ਜਿਲਦ ਨਾਲ ਹੀ ਹੋ ਸਕਦੀ ਸੀ। ਗੁਰੂ ਸਾਹਿਬ ਅਜੇ ਇਸ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਖਾਰੇ ਵਾਲੇ ਉੱਥੇ ਪਹੁੰਚ ਗਏ। ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵੱਸਿਆ ਸੀ ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇਥੇ ਨਹੀਂ ਸੀ ਹੁੰਦਾ। ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਇਹ ਸੇਵਾ ਭਾਈ ਬੰਨੋ ਨੂੰ ਸੌਂਪਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ,'ਇਸ ਬੀੜ (ਜੋ ਵੱਖ-ਵੱਖ ਸੈਂਚੀਆਂ ਦੇ ਰੂਪ ਵਿਚ ਸੀ) ਨੂੰ ਆਪਣੇ ਨਗਰ ਖਾਰੇ ਲੈ ਜਾਉ ਅਤੇ ਮੁੜਦੇ ਹੋਏ ਲਾਹੌਰ ਤੋਂ ਇੱਕ ਚੰਗੀ ਅਤੇ ਟਿਕਾਊ ਜਿਲਦ ਬੰਨ੍ਹਵਾ ਲਿਆਉ।'

ਭਾਈ ਬੰਨੋ ਨੇ ਗੁਰ ਸਾਹਿਬ ਦੇ ਬਚਨ ਨੂੰ ਸਤਿ ਕਰਕੇ ਜਾਣਿਆਂ ਅਤੇ ਨਾਲ ਹੀ ਇਸ ਬੀੜ ਦਾ ਇੱਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ।

ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਅਤੇ ਸੰਗਤ ਸਮੇਤ ਅੰਮ੍ਰਿਤਸਰ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇੱਕ ਇਕਾਂਤ ਸਥਾਨ 'ਤੇ ਬੈਠ ਕੇ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਆਰੰਭ ਦਿੱਤਾ। ਪਰ ਜਵਾਹਰ ਸਿੰਘ ਦੇ ਮੁਤਾਬਿਕ ਇਹ ਕਾਰਜ ਉਨ੍ਹਾਂ ਨੇ ਰਸਤੇ ਵਿਚ ਪੜਾਅ ਕਰਕੇ ਹੀ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉੱਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਉੱਦਮ ਸਦਕਾ ਆਦਿ ਗ੍ਰੰਥ ਸਾਹਿਬ ਦੀ ਇੱਕ ਹੋਰ ਬੀੜ ਤਿਆਰ ਹੋ ਗਈ, ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾ ਲਈਆਂ।

ਇਸ ਕਾਰਜ ਦੀ ਸਿੱਧੀ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ। ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਨਾਲ ਬਚਨ ਕੀਤਾ,'ਭਾਈ ਬੰਨੋ, ਅਸੀਂ ਅਦਬ ਦੇ ਲਿਹਾਜ਼ ਨਾਲ ਇੱਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਹੁਣ ਤੂੰ ਪ੍ਰੇਮ ਅਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰਵਾ ਲਿਆ ਹੈ, ਇਸ ਲਈ ਹੁਣ ਇਹ ਬੀੜ ਇੱਕ ਨਹੀਂ ਰਹੇਗੀ ਸਗੋਂ ਇਸ ਦੀ ਅਨੇਕਾਂ ਪ੍ਰਤੀਆਂ ਤਿਆਰ ਹੋ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਪਾਸ ਪਹੁੰਚ ਜਾਣਗੀਆਂ।' ਗੁਰੂ ਸਾਹਿਬ ਦਾ ਇਹ ਬਚਨ ਅਟੱਲ ਸਾਬਤ ਹੋਇਆ 17ਵੀਂ ਅਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ ਜਿਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਵੱਲੋਂ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਿਆ/ਸੁਣਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ ਸਾਹਿਬ) ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰ ਦਿੱਤਾ ਅਤੇ ਦੂਜੀ (ਖਾਰੀ) ਬੀੜ ਉਪਰ ਆਪਣੇ ਦਸਤਖ਼ਤ ਕਰਕੇ ਭਾਈ ਬੰਨੋ ਜੀ ਨੂੰ ਬਖ਼ਸ਼ ਦਿੱਤੀ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿਥੇ ਇਹ ਬੀੜ ਪਹਿਲਾਂ ਉਨ੍ਹਾਂ ਕੋਲ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਕੋਲ ਰਹੀ।

ਵੰਡ ਤੋਂ ਬਾਅਦ ਭਾਈ ਬੰਨੋ ਜੀ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬੜੌਤ ਵਿਚ ਆ ਵੱਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

◆◆◆

– ਰਮੇਸ਼ ਬੱਗਾ ਚੋਹਲਾ

1348/17/1 ਗਲੀ ਨੰ. 8, ਰਿਸ਼ੀ ਨਗਰ ਐਕਸਟੈਂਸ਼ਨ,

# ਪੰਜ ਪਿਆਰੇ

ਪੰਜ ਪਿਆਰਿਆਂ ਦੀ ਸਿਰਜਨਾ ਨਾ ਸਿਰਫ ਪੰਜਾਬ ਦੇ ਇਤਿਹਾਸ ਦੀ ਬਲਕਿ ਕੁਲ ਵਿਸ਼ਵ ਦੇ ਇਤਿਹਾਸ ਦੀ ਅਜਿਹੀ ਘਟਨਾ ਹੈ ਜਿਸਨੇ ਭਾਰਤ ਦੀ ਧਰਤੀ ਦੇ ਲੋਕਾਂ ਦੀ ਮਧਕਾਲੀ ਸੋਚ ਵਿਚ ਪਰਿਵਰਤਨ ਲਿਆਂਦਾ ਅਤੇ ਨਾਲ ਹੀ ਅਧਿਆਤਮਿਕ, ਸਮਾਜਿਕ ਅਤੇ ਆਧੁਨਿਕ ਸੋਚ ਦੇ ਨਵੇ ਅਰਥ ਪੇਸ਼ ਕੀਤੇ।

ਗੁਰੂ ਨਾਨਕ ਦੇਵ ਜੀ ਦੇ ਪੂਰਵਵਰਤੀ, ਸਮਕਾਲੀ ਅਤੇ ਉਤਰਕਾਲੀਨ ਵਿਚਾਰਕਾਂ, ਰੁਹਾਨੀ ਪੁਰਸ਼ਾਂ ਅਤੇ ਸੰਤਾਂ ਦੀ ਵਿਚਾਰਧਾਰਾ ਕਿਸੇ ਸੰਗਠਨ ਦਾ ਰੂਪ ਧਾਰਨ ਨਹੀ ਕਰ ਸਕੀ ਅਤੇ ਹਮੇਸ਼ਾ ਲਈ ਕਿਸੇ ਅੰਧਕਾਰ ਵਿਚ ਅਲੋਪ ਹੋਕੇ ਰਹਿ ਗਈ। ਜੇ ਸਿਧਾਂਤ ਨੂੰ ਅਮਲੀ ਰੂਪ ਨਾ ਦਿਤਾ ਜਾਏ ਤਾਂ ਉਸਦੇ ਅਲੋਪ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਤੇ ਉਨ੍ਹਾਂ ਵਲੋਂ ਵੱਖ-ਵੱਖ ਭਗਤਾਂ, ਸੰਤਾਂ, ਮਹਾਪੁਰਖਾਂ ਦੀ ਬਾਣੀ ਨੂੰ ਇਕਤਰ ਕਰਨਾ ਜਿਵੇਂ- ਪਾਕਪਟਨ ਤੋਂ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ, ਰਾਜਸਥਾਨ ਤੋਂ ਭਗਤ ਧੰਨਾ, ਮਹਾਰਾਸ਼ਟਰ ਤੋਂ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ, ਬੰਗਾਲ ਤੋਂ ਜੈਦੇਵ ਜੀ ਦੀ ਆਦਿ ਅਤੇ ਗੁਰੂ ਅਰਜਨ ਦੇਵ ਜੀ ਵਲੋਂ ਇਨ੍ਹਾਂ ਭਗਤਾਂ ਮਹਾਪੁਰਖਾਂ ਦੀ ਰੁਹਾਨੀਅਤ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਸਿਖਰ ਤੋਂ ਲਬਾਲਬ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਅਤੇ ਬਾਕੀ ਗੁਰੂ ਸਾਹਿਬਾਨਾਂ ਵਲੋਂ ਇਸ ਸਿਧਾਂਤ ਨੂੰ ਅਮਲੀ ਰੂਪ ਦੇਣਾਂ ਹੀ ਇਸ ਨਵੇਕਲੀ ਸੰਸਥਾ ਦੇ ਨਿਰਮਾਣ ਦਾ ਮੁੱਢ ਸੀ।

ਇਸੇ ਤਰ੍ਹਾਂ ਸੰਸਥਾਂਵਾਂ ਦਾ ਵਿਕਾਸ ਹੁੰਦਾ ਗਿਆ ਅਤੇ ਸਿੱਖ ਪੰਥ ਦਾ ਸੰਗਠਿਤ ਰੂਪ ਸਾਹਮਣੇ ਆਇਆ। ਗੁਰੂ ਸਾਹਿਬਾਨ ਦੇ ਸਿਧਾਂਤਾਂ ਵਿਚੋਂ ਸੰਸਥਾਗਤ ਰੂਪ ਧਾਰਣ ਕਰ ਲੈਣ ਵਾਲੀਆਂ ਸੰਸਥਾਂਵਾਂ ਵਿਚ ਪੰਜ ਪਿਆਰੇ ਇਕ ਅਹਿਮ ਸੰਸਥਾ ਹੈ।

ਪੰਜ ਪਿਆਰੇ ਸੰਸਥਾ ਦੇ ਮੁੱਢ ਬਾਰੇ ਦਸਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ' ਲਿਖਦੇ ਹਨ -

ਗੁਰੂ ਘਰ ਵਿਚ ਮੁੱਢ ਤੋਂ ਹੀ ਪੰਜ ਗੁਰ ਸਿਖਾਂ ਦੀ ਪ੍ਰਧਾਨਤਾ ਚਲੀ ਆਈ ਹੈ, ਜਿਹਾ ਕਿ ਗੁਰਬਾਣੀ





ਅਤੇ ਭਾਈ ਗੁਰਦਾਸ ਜੀ ਦੇ ਵਾਕ ਤੋਂ ਪ੍ਰਸਿਧ ਹੈ।

ਪੰਚ ਪਰਵਾਣ ਪੰਚ ਪਰਧਾਨੁ ॥

(ਜਪੁਜੀ ਸਾਹਿਬ)

ਗੁਰਮਤਿ ਪੰਚ ਸਖੇ ਗੁਰ ਭਾਈ ॥

(ਅੰਗ 1041)

ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ ।

(ਕਬਿਤ ਭਾਈ ਗੁਰਦਾਸ)

ਇਥੇ ਪੰਚ ਦੇ ਅਰਥ ਪੂਰੀ ਤਰਹ ਪੰਜ ਪਿਆਰੇ ਵਾਲੇ ਨਹੀ ਬਣਦੇ। ਜਪੁ ਬਾਣੀ ਵਿਚ ਆਇਆ 'ਪੰਚ' ਸ਼ਬਦ ਵਿਚ ਪੰਚਾਇਤ ਦੇ ਅਰਥ ਲੁਕੇ ਹੋਏ ਹਨ। ਜਿਸ ਤੋਂ ਭਾਵ ਚੋਣਵੇ ਪੁਰਸ਼, ਜੋ ਕਿ ਅਧਿਆਤਮਿਕ ਪ੍ਰਾਪਤੀ ਵਾਲੇ ਮਨੁੱਖ ਹੀ ਹਨ। ਉਹ ਅਕਾਲ ਪੁਰੱਖ ਦੇ ਦਰ ਤੇ ਪਰਵਾਣ ਹਨ ਅਤੇ ਓਹੀ ਕੁਲ ਮਾਨੁਖਤਾ ਦੇ ਦਿਸ਼ਾ ਨਿਰਦੇਸ਼ਨ ਲਈ ਪਰਧਾਨ ਹਨ। ਉਹ ਪੰਚ ਜਨ ਹੀ ਸੱਚੇ ਪਿਤਾ ਵਾਹਿਗੁਰੂ ਜੀ ਦੀ ਦਰਗਾਹ ਵਿਚ ਮਾਣ ਪਾਉਦੇ ਹਨ ਅਤੇ ਉਨ੍ਹਾਂ ਗੁਰਸਿਖਾਂ ਦੀ ਸੁਰਤ ਦਾ ਨਿਸ਼ਾਨਾ ਇਕੋ ਗੁਰੂ ਦਾ ਧਿਆਨ ਹੈ।

ਸ੍ਰੀ ਗੁਰੂ ਗ੍ਰੰਥ ਕੋਸ਼[2] ਵਿਚ ਪੰਚ ਦਾ ਅਰਥ ਸੰਤ ਮਹਾਤਮਾ ਗੁਰਮੁਖ ਲਿਖਿਆ ਹੈ। ਜਿਨ੍ਹਾਂ ਦੀ ਅੰਤਰ ਆਤਮਾ (ਵਾਹਿਗੁਰੂ) ਪ੍ਰਮਾਤਮਾ ਵਿਚ ਲੀਨ ਹੋ ਚੁਕੀ ਹੈ। ਪ੍ਰੋ. ਸਾਹਿਬ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿਚ ਪੰਚ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ –

ਜਿਨ੍ਹਾਂ ਮਨੁੱਖਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ ਤੇ ਜਿਨ੍ਹਾਂ ਦੇ ਅੰਦਰ ਪ੍ਰਭੂ ਵਾਸਤੇ ਲਗਨ ਬਣ ਜਾਦੀਂ ਹੈ ਤੇ ਉਹੀ ਮਨੁੱਖ (ਇਥੇ ਜਗਤ ਵਿਚ) ਮੰਨੇ-ਪ੍ਰਮੰਨੇ ਰਹਿੰਦੇ ਹਨ ਅਤੇ ਸਭ ਦੇ ਆਗੂ ਹੁੰਦੇ ਹਨ, ਅਕਾਲ ਪੁਰਖ ਦੀ ਦਰਗਾਹ ਵਿਚ ਭੀ ਉਹੀ ਪੰਚ ਜਨ ਹੀ ਆਦਰ ਪਾਉਂਦੇ ਹਨ । ਰਾਜ ਦਰਬਾਰਾਂ ਵਿਚ ਵੀ ਉਹ ਪੰਚ-ਜਨ ਹੀ ਸ਼ੋਭਦੇ ਹਨ। ਇਨ੍ਹਾਂ ਪੰਚ ਜਨਾਂ ਦੀ ਸੁਰਤ ਦਾ ਨਿਸ਼ਾਨਾ ਕੇਵਲ ਇਕ ਗੁਰੂ ਹੀ ਹੈ (ਭਾਵ ਇਨ੍ਹਾਂ ਦੀ ਸੁਰਤ ਗੁਰ ਸ਼ਬਦ ਵਿਚ ਹੀ ਰਹਿੰਦੀ ਹੈ)। ਗੁਰ ਸ਼ਬਦ ਵਿਚ ਜੁੜੇ ਰਹਿਣਾ ਉਨ੍ਹਾਂ ਦਾ ਅਸਲ ਨਿਸ਼ਾਨਾ ਹੈ।[3] ਇਸੀ ਪੰਚ ਦੀ ਕਲਾ ਵਿਚ ਪੰਜ ਪਿਆਰਿਆਂ ਲਈ ਨਿਰਧਾਰਿਤ ਗੁਣ ਸ਼ਾਮਿਲ ਹਨ। ਪਰ ਪੰਜਾ ਦੀ ਸੰਸਥਾ ਮੂਲ ਰੂਪ ਵਿਚ ਅੱਗੇ ਜਾ ਕੇ ਵਿਕਸਿਤ ਹੋਈ।

### ਪੰਜ ਪਿਆਰੇ ਸੰਸਥਾ ਦਾ ਇਤਿਹਾਸਕ ਅਤੇ ਸਿਧਾਂਤਕ ਦ੍ਰਿਸ਼ਟੀਕੋਣ

ਪੰਜ ਪਿਆਰਿਆਂ ਦੀ ਸਿਰਜਣਾ ਸਿਖਾਂ ਅਤੇ ਪੰਜਾਬ ਦੇ ਇਤਿਹਾਸ ਦੀ ਅਜਿਹੀ ਅਹਿਮ ਘਟਨਾ ਹੈ ਜਿਸ ਨੇ ਇਥੋਂ ਦੇ ਵਸਨੀਕਾਂ ਦੇ ਅਧਿਆਤਮਕ, ਸਮਾਜਿਕ ਅਤੇ ਰਾਜਨਿਤਕ ਸਿਧਾਂਤਾ ਨੂੰ ਨਵੇ ਅਰਥ ਦਿਤੇ। ਡਾ. ਰਾਏ ਜਸਬੀਰ ਪੰਜ ਪਿਆਰੇ ਸੰਸਥਾ ਬਾਰੇ ਅਪਣੀ ਕਿਤਾਬ 'ਪੰਜ ਪਿਆਰੇ' ਵਿਚ ਲਿਖਦੇ ਹਨ ਕਿ 'ਪੰਜ ਪਿਆਰਿਆਂ ਦੀ ਸੰਸਥਾ ਮਧਕਾਲੀ ਯੁਗ ਦੀ ਸੋਚ ਵਿਚ ਪਰਿਵਰਤਨ ਲਿਆਉਣ ਵਾਲੀ ਸੀ, ਜਿਸ ਨੇ ਪੰਜਾਬ ਦੇ ਲੋਕਾਂ ਖਾਸ ਕਰਕੇ ਸਿਖਾਂ ਲਈ ਆਧੁਨਿਕਤਾ ਦੇ ਦਰਵਾਜ਼ੇ ਖੋਲ ਦਿਤੇ। ਇਸ ਨਾਲ ਤਤਕਾਲੀ ਸਾਮੰਤੀ ਸਮਾਜ ਦੀਆਂ ਮੰਨਤਾਵਾਂ ਦੇ ਬੁੱਸੇ ਅੰਗ ਝੜਨੇ ਆਰੰਭ ਹੋਏ ਅਤੇ ਪੰਜਾਬੀ ਸਮਾਜ ਨੇ ਰੋਸਨੀ ਦੀ ਕਿਰਨ ਵੇਖੀ'।[4] ਪੰਜ ਪਿਆਰਿਆਂ ਦੀ ਸਸੰਥਾ ਦਾ ਮੁੱਢ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਸਿਧਾਂਤਾਂ ਦੇ ਸੰਗਠਨ ਦਾ ਅਮਲੀ ਰੂਪ ਹੀ ਸੀ। ਭਾਈ ਕਾਨ੍ਹ ਸਿੰਘ ਨਾਭਾ ਪੰਜ ਪਿਆਰਿਆਂ ਦਾ ਮੁੱਢ ਬਾਰੇ ਦਸਦੇ ਹੋਏ ਹੋਰ ਲਿਖਦੇ ਹਨ ਕਿ –

ਗੁਰੂ ਨਾਨਕ ਸਾਹਿਬ ਦੇ ਸਮੇ ਤੋਂ ਹੀ ਪੰਜ ਪਿਆਰੇ ਚੁਣੇ ਜਾਂਦੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀ ਮਿਲਦੇ, ਕੇਵਲ ਥੋੜੇ ਨਾਮ ਹੀ ਦਿਤੇ ਹਨ। ਜਿਹਾ ਕਿ- ਗੁਰੂ ਅਰਜਨ ਦੇਵ ਜੀ ਦੇ ਪੰਜ ਪਿਆਰੇ ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਅਤੇ ਭਾਈ ਪੈੜਾ। ਸ੍ਰੀ ਗੁਰੂ ਤੇਗ ਬਾਹਾਦਰ ਸਾਹਿਬ ਦੇ ਆਤਮ ਗਿਆਨੀ ਪੰਜ ਪਿਆਰੇ ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਉਦਾ ਅਤੇ ਭਾਈ ਜੈਤਾ।[5] ਇਸ ਤੋਂ ਇਹ ਗਲ ਦ੍ਰਿੜ ਹੁੰਦੀ ਹੈ ਕਿ ਇਸ ਸੰਸਥਾ ਨੇ ਪੂਰਣ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਲਿਆ ਪਰ ਮੁੱਢ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋ ਹੀ ਰਖਿਆ ਗਿਆ।

ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੇ ਸਦੀਆਂ ਪੁਰਾਨੀ ਚਲੀ ਆ ਰਹੀ ਆਸ਼ਰਮ ਧਰਮ ਪਰੰਪਰਾ ਦਾ ਵਿਰੋਧ ਕੀਤਾ, ਜਿਸ ਅਨੁਸਾਰ ਮਨੁੱਖ ਦੀ ਜ਼ਿੰਦਗੀ ਚਾਰ ਅਵਸਥਾ ਵਿਚ ਵਿਭਾਜਿਤ ਹੁੰਦੀ ਹੈ। ਬਲਕਿ ਗੁਰੂ ਸਾਹਿਬ ਨੇ ਗ੍ਰਿਸਤੀ ਜੀਵਨ ਨੂੰ ਸਰਵਸ੍ਰੇਸ਼ਟ ਮਨਿਆ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਵਾਲੇ ਸਿਧਾਂਤ ਨੂੰ ਦ੍ਰਿੜ ਕਰਵਾਇਆ। ਉਨ੍ਹਾਂ ਨੇ ਸਮਾਜਿਕ ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ ਪ੍ਰਭੂ ਪ੍ਰਾਪਤੀ ਵਾਸਤੇ ਜਾਤ ਪਾਤ ਦੀ ਮਹਾਨਤਾ ਨੂੰ ਨਕਾਰ ਦਿਤਾ। ਉਨ੍ਹਾਂ ਲੁਕਾਈ ਨੂੰ ਸਮਝਾਇਆ ਕਿ ਸੁੱਚਾ ਆਚਰਨ ਅਤੇ ਸੱਚੇ ਨਾਮ ਦੀ ਪ੍ਰਾਪਤੀ ਹੀ ਉੱਚਤਾ ਦੀ ਨਿਸ਼ਾਨੀ ਹੈ ਨਾ ਕਿ ਮਨੁੱਖ ਦੀ ਜ਼ਾਤਿ-ਗੋਤ।

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥

ਗੁਰੂ ਨਾਨਕ ਸਾਹਿਬ ਨੇ ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਸੰਗਤ ਅਤੇ ਲੰਗਰ ਦੀ ਸੰਸਥਾ ਆਰੰਭ ਕੀਤੀ। ਇਸ ਵਿਚ ਇਕ ਪ੍ਰਭੂ (ਵਾਹਿਗੁਰੂ) ਦੀ ਬੰਦਗੀ ਵਿਚ ਬਿਨਾ ਜਾਤ-ਪਾਤ ਦੇ ਵਿਤਕਰੇ ਤੋਂ ਬੈਠਨਾ ਅਤੇ ਇਕ ਹੀ ਪੰਗਤ ਵਿਚ ਬਿਨਾ ਕਿਸੇ ਵਿਤਕਰੇ ਤੋਂ ਬੈਠਕੇ ਭੋਜਨ ਕਰਨਾ। ਗੁਰੂ ਅਰਜਨ ਸਾਹਿਬ ਜੀ ਵਲੋਂ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਪਹਿਲੇ ਪੰਗਤ ਪਾਛੇ ਸੰਗਤ ਦੇ ਸਿਧਾਂਤ ਨੂੰ ਇਸੀ ਵਿਚਾਰਧਾਰਾ ਅਧੀਨ ਦ੍ਰਿੜ ਕਰਵਾਇਆ ਗਿਆ। ਇਹੀ ਵਿਚਾਰਧਾਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕਿ ਜਾਤ-ਪਾਤ ਦੇ ਭੇਦ ਨੂੰ ਜੜ੍ਹੋਂ ਹੀ ਖਤਮ ਕਰ ਦਿਤਾ। ਪੰਜ ਪਿਆਰਿਆਂ ਦੀ ਸੰਸਥਾ ਨੇ ਹਜ਼ਾਰਾਂ ਵਰਿਆਂ ਦੀ ਚਲਦੀ ਆ ਰਹੀ ਜਾਤ-ਪਾਤ ਦੀ ਪ੍ਰਥਾ ਨੂੰ ਭਰਵੀਂ ਸੱਟ ਮਾਰੀ।

ਪੰਜ ਪਿਆਰਿਆਂ ਦੀ ਚੋਣ ਵੀ ਕਿਸੇ ਖਾਸ ਜਾਤੀ ਨੂੰ ਮੁਖ ਰਖੱਕੇ ਨਹੀਂ ਕੀਤੀ ਗਈ ਬਲਕਿ ਵੱਖ-ਵੱਖ ਜਾਤਾਂ। ਇਹ ਖਤਰੀ, ਜੱਟ, ਝੀਵਰ, ਛੀਂਬਾ ਤੇ ਨਾਈ ਜਾਤੀ ਨਾਲ ਸੰਬਧਿਤ ਸਨ। ਵੀਰ ਸਿੰਘ ਬਲ ਅਪਣੀ ਪੁਸਤਕ 'ਸਿੰਘ ਸਾਗਰ' ਦੀ ਕਾਵ ਰਚਨਾ ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ –

ਸੰਤਾਨ ਖਤ੍ਰੀ ਮੈਂ ਭਇਓ ਨਾਉ ਦੈਆ ਸਿੰਘੁ ਵਖਾਣੀਐ।
ਨਾਉ ਕਹਿਯੋ ਮੁਹਕਮ ਸਿੰਘ-ਘਰ ਜਨਮ ਛੀਪੇ ਕੇ ਭਇਓ।
ਸ਼ਹੀਦ ਸਾਹਿਬ ਸਿੰਘ ਮੈਂ-ਘਰ ਜਨਮ ਬਾਲ ਕਟਾਰਿਆ।
ਨਾਉ ਧਰਮ ਸਿੰਘ ਹਠੀਲੜਾ ਭਵ ਲੈਆ ਮੈਂ ਕ੍ਰਿਸਾਨ ਕੈ।
ਨਾਉ ਕਹਿਯੋ ਹਿਮਤੀ ਸਿੰਘ ਮੇਰਾ ਜਲ ਭਰਾਂ ਘਰ ਜਾਇਆ।[6]

ਇਉ ਨਾ ਤਾਂ ਉਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਦਾ ਏਕਾ ਅਧਿਕਾਰ ਰਹਿ ਸਕਿਆ। ਇਹ ਉਸੀ ਗੁਰਬਾਣੀ ਦੇ ਸਿਧਾਂਤ ਨੂੰ ਦੁਨੀਆ ਅੱਗੇ ਸੱਚ ਕਰਕੇ ਦਿਖਾਇਆ ਗਿਆ ਸੀ ਜੋ ਸਿਧਾਂਤ ਗੁਰੂ ਨਾਨਕ ਸਾਹਿਬ ਜੀ ਵਲੋਂ **'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ'** ਦਾ ਪ੍ਰਤੀਨਿਧਿਤਵ ਸੀ ਅਤੇ ਗੁਰੂ ਨਾਨਕ ਦੇਵ ਜੀ ਸਮਾਜ ਵਿਚ ਕਹਣ ਕਹਾਉਣ ਵਾਲੇ ਨੀਵੀ ਜਾਤ ਦੇ ਲੋਕਾਂ ਨਾਲ ਹੀ ਖਲੋਤੇ ਸਨ। ਤਾਂ ਹੀ ਗੁਰੂ ਸਾਹਿਬ ਜੀ ਨੇ ਉਚੀ ਜਾਤ ਕਹਾਉਣ ਵਾਲੇ ਮਲੱਕ ਭਾਗੋ ਦੀ ਦਾਵਤ ਵਾਲੇ ਸੱਦੇ ਨੂੰ ਠੁਕਰਾਉਂਦੇ ਹੋਏ ਨੀਵੀ ਜਾਤ ਕਹਾਉਣ ਵਾਲੇ ਭਾਈ ਲਾਲੋ ਦੇ ਘਰ ਹੀ ਭੋਜਨ ਕੀਤਾ ਸੀ। ਇਸੀ ਵਿਚਾਰਧਾਰਾ ਨੂੰ ਗੁਰੂ ਰਾਮਦਾਸ ਜੀ ਨੇ ਸ਼ਬਦ **'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ'** ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ **'ਗਰੀਬੀ ਗਦਾ ਹਮਾਰੀ'** ਵਿਚੋਂ ਪ੍ਰਗਟ ਕੀਤਾ।

ਜਾਤ ਦੇ ਨਾਲ-ਨਾਲ ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਖਾਸ ਇਲਾਕੇ ਨੂੰ ਤਵੱਜੋਂ ਨਹੀ ਮਿਲੀ ਕਿਉਂਕਿ ਪੰਜ ਪਿਆਰੇ ਲਾਹੌਰ, ਦਿੱਲੀ, ਬਿਦਰ (ਕਰਨਾਟਕ), ਜਗਨਨਾਥ ਪੁਰੀ (ਉੜੀਸਾ), ਦੁਆਰਕਾਪੁਰੀ (ਗੁਜਰਾਤ) ਨਾਲ ਸਬੰਧਤ ਹੋਣ ਕਰਕੇ ਕਿਸੇ ਖਾਸ ਇਲਾਕੇ ਦੀ ਪਦਵੀ ਦਾ ਸੰਕਲਪ ਸਮਾਪਤ ਹੋ ਗਿਆ। 'ਡਾ. ਰਾਏ

ਜਸਬੀਰ ਸਿੰਘ ਅਨੁਸਾਰ ਇਸ ਸੰਸਥਾ ਨਾਲ ਕਿਸੇ ਖਾਸ ਇਲਾਕੇ ਨੂੰ ਅਹਮੀਅਤ ਨਹੀ ਮਿਲੀ। ਪੰਜਾਬ ਦਾ ਇਲਾਕਾ ਜਿਸ ਨੂੰ ਧਰਮ ਗ੍ਰੰਥਾਂ (ਮਹਾਂਭਾਰਤ ਆਦਿ) ਵਿਚ ਘਟੀਆ ਸਮਝਿਆ ਜਾਂਦਾ ਸੀ ਅਤੇ ਇਥੋਂ ਦੇ ਲੋਕਾਂ ਨੂੰ ਵੀ ਆਚਰਣਹੀਨ ਕਰਾਰ ਦਿਤਾ ਗਿਆ ਸੀ।[7] ਗੁਰੂ ਨਾਨਕ ਸਾਹਿਬ ਰਾਹੀਂ ਇਸ ਨੂੰ ਅਪਣਾ ਕਾਰਜ-ਖੇਤਰ ਬਣਾਉਣ ਨਾਲ ਹੀ ਧਾਰਮਿਕ ਸਮਾਜਿਕ ਖੇਤਰਾਂ ਵਿਚ ਅਹਿਮਿਅਤ ਹਾਸਲ ਕਰ ਰਿਹਾ ਸੀ'।[8] ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਵਲੋਂ ਪੰਜਾਬ ਨੂੰ ਧਾਰਮਿਕ ਅਹਮਿਅਤ ਹਾਸਲ ਕਰਾਉਣੀ ਅਤੇ ਫਿਰ ਇਸੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸਾ ਸਾਜਨਾ ਕੀਤੀ ਜਾਣੀ ਇਕ ਖਾਸ ਮਨੋਰਥ ਦੀ ਹੀ ਧਾਰਣੀ ਸੀ। ਇਸ ਤੋਂ ਇਹ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹੜੀ ਸ਼ਮਸ਼ੀਰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਟਾਕਰੇ ਲਈ ਚੁੱਕੀ ਉਸਦਾ ਫੌਲਾਦ ਗੁਰੂ ਨਾਨਕ ਸਾਹਿਬ ਜੀ ਨੇ ਹੀ ਤਿਆਰ ਕੀਤਾ।

ਪੰਜ ਪਿਆਰਿਆਂ ਦੀ ਸਥਾਪਨਾ ਨੂੰ ਖ਼ਾਲਸਾ ਸਾਜਨਾ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਅਤੇ ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅੰਨਦਪੁਰ ਸਾਹਿਬ ਵਿਖੇ ਪੰਜ ਪਿਆਰੇ ਥਾਪੇ ਸਨ ਉਸ ਦਿਨ ਨੂੰ ਖ਼ਾਲਸਾ ਸਾਜਨਾ ਦਿਵਸ ਨਾਲ ਹਰ ਸਾਲ ਮਨਾਇਆ ਜਾਂਦਾ ਹੈ। ਇਸ ਗਲ ਵਿਚ ਕੋਈ ਦੋ ਰਾਵਾਂ ਨਹੀ ਕਿ ਪੰਜ ਪਿਆਰਿਆਂ ਦੀ ਸਿਰਜਨਾ ਦਾ ਸੰਕਲਪ ਗੁਰੂ ਨਾਨਕ ਸਾਹਿਬ ਜੀ ਤੇ ਪੂਰਵਰਤੀ ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿਤ ਸਵਈਏ ਵਿਚ ਇਸ ਵਿਚਾਰਧਾਰਾ ਨੇ ਮੁਢੱਲਾ ਰੂਪ ਧਾਰਿਆ ਹੈ। ਇਹ ਕਹਿਣਾ ਮੁਨਾਸਿਬ ਹੈ ਕਿ ਪੁਰਬਲੇ ਗੁਰੂ ਸਾਹਿਬਾਨ ਵਲੋਂ ਪੰਜ ਸਿੱਖ ਇਸ ਸੰਸਥਾ ਦਾ ਮੁਢੱਲਾ ਰੂਪ ਸਨ। ਜਿਸ ਤੋਂ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਵਿਚ ਇਹ ਸੰਸਥਾ ਪ੍ਰਵਾਣ ਚੜ੍ਹੀ।

ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਇਸ ਕਾਰਜ ਨੂੰ ਪੂਰਨ ਤੋਰ ਬਿਕਰਮੀ ਸੰਮਤ 1756 ਦੀ ਪਹਲੀ ਵਿਸਾਖ ਅਥਵਾ 30 ਮਾਰਚ 1699 ਈਸਵੀ ਵਾਲੀ ਖ਼ਾਲਸਾ ਪ੍ਰਗਟ ਕਰਣ ਦੀ ਘਟਨਾ ਤੋਂ ਪਹਿਲਾਂ ਗੁਰੂ ਜੀ ਨੇ ਡੂੰਘੀ ਵਿਚਾਰ ਕੀਤੀ। "ਕਿਉਕਿ ਗੁਰੂ ਨੇ ਓਹ ਖ਼ਾਲਸਾ ਪ੍ਰਗਟ ਕਰਨਾ ਸੀ ਜੋ ਨਾ ਸਿਰਫ ਗੁਰਬਾਣੀ ਦੀ ਵਾਕ ਅਨੁਸਾਰ **"ਸਾਬਤ ਸੂਰਤਿ ਦਸਤਾਰ ਸਿਰਾ"** ਹੋਇ ਬਲਕਿ ਉਹਦਾ ਅੰਦਰ ਅਕਾਲ ਦੀ ਬੰਦਗੀ ਵਿਚ ਲੀਨ ਹੋਇ, ਪੰਜ ਵਿਕਾਰਾਂ ਉਤੇ ਫਤਿਹ ਪਾਈ ਹੋਏ, ਮੱਥਾ ਨਾਮ ਦੀ ਰੰਗਤ 'ਚ ਉਜਲਾ ਹੋਵੇ, ਦਿਲ ਵਿਚ ਬਹਾਦਰੀ ਦੀ ਚਮਕਾਰ ਪਰ ਜ਼ੋਰ ਜ਼ੁਲਮ ਨਹੀ। ਉਤਸ਼ਾਹ ਦਾ ਉਛਾਲਾ ਪਰ ਗੁੱਸਾ ਨਹੀ, ਪਿਆਰ ਦਾ ਮੁਜਸੱਮਾ ਪਰ ਮਨ ਮੋਹ ਵਿਚ ਖਚਿਤ ਨਹੀ। ਗ੍ਰਿਹਸਤ ਪਰ ਉਦਾਸੀ ਦੀ ਲਹਿਰ ਨਹੀ, ਤਲਵਾਰ ਹੱਥ ਵਿਚ ਪਰ ਢਾਲ ਦੀ ਸੂਰਤ ਵਾਲੀ ਜੋ ਗਰੀਬ ਦੀ ਰਖਿਆ ਲਈ ਉਠੇ ਨਾ ਕਿ ਜ਼ਰ, ਜ਼ੋਰੂ ਅਤੇ ਜ਼ਮੀਨ ਦੇ ਮੋਹ ਵਸਿ। ਫਕੀਰੀ ਹੋਇ ਪਰ ਦਿਲਗੀਰੀ ਨਹੀ। ਬਿਬੇਕ ਬੁੱਧੀ ਗੁਰੂ ਦੀ, ਆਪੇ ਤੇ ਭਰੋਸਾ ਬੇਮੁਹਤਾਜੀ, ਸਰੀਰ ਅਤੇ ਮਨ ਚੜਦੀ ਕਲ੍ਹਾ ਵਾਲੀ ਅਵਸਥਾ ਵਿਚ।"



ਇਸ ਫੁਰਨੇ ਨੂੰ ਦਸ਼ਮੇਸ਼ ਪਿਤਾ ਜੀ ਨੇ ਖ਼ਾਲਸੇ ਦੇ ਰੂਪ ਵਿਚ ਪ੍ਰਗਟ ਕਰਨ ਦਾ ਨਿਰਣਾ ਲਿਆ। 30 ਮਾਰਚ 1699 ਵਿਸਾਖੀ ਦੀ ਅਦਭੁਦ ਅਤੇ ਅਸਚੱਰਜ ਖੇਡ ਰਚਾਉਣ ਤੋਂ ਪਹਿਲਾਂ ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਰੇ ਪਰਖੇ ਹੋਏ ਬੰਦੇ ਲੈਕੇ ਚੋਣ (ਪੰਚ ਪਰਵਾਣ) ਦੀ ਭਾਲ ਆਰੰਭ ਕੀਤੀ। ਗੁਰੂ ਸਾਹਿਬ ਜੀ ਨੇ ਇਸ ਚੁਨਣ ਦੇ ਤਰੀਕੇ ਨੂੰ ਧਰਮ ਦੀ ਪ੍ਰੀਖੀਆ ਆਖਿਆ। ਭਾਈ

ਵੀਰ ਸਿੰਘ ਜੀ ਦੀ ਲਿਖਤ ਕਲਗੀਧਰ ਚਮਤਕਾਰ ਦੇ ਅਧਿਆਏ 'ਦਿਲਗੀਰ ਦਿਲਜ਼ੋਰ...ਦਿਲਸ਼ਾਦ'[9] ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਪਰੀਖਿਆ ਲਈ ਪੰਜ ਪਰਤਾਵੇ ਕੀਤੇ- ਇਹ ਸਨ ਵੈਸ਼ਨਵ ਬ੍ਰਾਹਮਣ ਦੇ, ਦੇਵੀ ਪੂਜਕ (ਸ਼ਕਤੀ) ਉਪਾਸ਼ਕਾਂ 'ਤੇ ਜੋਗੀ ਸਨਿਆਸੀਆਂ ਦੇ, ਪਹਾੜੀ ਰਾਜਿਆਂ ਦੇ, ਅਤੇ ਪੰਜਵੇ ਅਪਣੇ ਧਰਮ ਦੇ ਆਗੂਆਂ ਦੇ ਭਾਵ 'ਮਸੰਦਾਂ' ਦੇ ਇਹ ਪੰਜੇ ਹੀ ਗੁਰੂ ਸਾਹਿਬ ਦੀ ਧਰਮ ਪ੍ਰੀਖਿਆ ਤੇ ਖਰੇ ਨਹੀ ਉਤਰੇ। ਬ੍ਰਾਹਮਣ ਵਿਚ ਅਸੂਲ ਬਾਕੀ ਤਾਂ ਸਨ ਪਰ ਸਾਹਸ ਨਹੀ ਸੀ। ਦੇਵੀ ਉਪਾਸ਼ਕ ਵੀ ਗੁਰੂ ਸਾਹਿਬ ਦੇ ਪਰਤਾਵੇ ਵਿਚ ਕੱਚੇ ਸਨ ਕਿਉਕਿ ਉਹ ਵੀ ਕਥਨੀ ਕਰਨੀ ਦੇ ਪੱਕੇ ਨਹੀ ਸਨ ਅਤੇ ਅਸੂਲੋਂ ਕੱਚੇ ਸਨ। ਜੋਗੀ ਸਨਿਆਸੀ ਵੀ ਆਦਰਸ਼ਾਂ ਤੋਂ ਨੀਵੇ ਹੀ ਪਾਏ ਗਏ। ਜਦੋਂ ਧਰਮ ਦੇ ਆਗੂ ਪਰਤਾਏ ਗਏ ਤਾਂ ਉਨ੍ਹਾਂ ਵਿਚੋਂ ਸਾਰੇ ਹੀ ਸਾਹਸਹੀਣ ਨਿਕਲੇ ਤਾਂ ਸ੍ਰੀ ਗੁਰੂ ਜੀ ਨੇ ਸਾਹਸ ਵਾਲਿਆਂ ਦਾ ਪਰਤਾਵਾ ਲਿਆ। ਪਰ ਪਰਜਾ ਅਤੇ ਧਰਮ ਦੇ ਸੱਚ ਲਈ ਇਨ੍ਹਾਂ ਵਿਚ ਕੁਰਬਾਨੀ ਨਹੀ ਸੀ ਅਤੇ ਇਨ੍ਹਾਂ ਨੇ ਗੁਰੂ ਜੀ ਦੇ ਨਾਲ ਰਲਣ ਤੋਂ ਨਾਹ ਕਰ ਦਿਤੀ। ਧਰਮੀਆਂ ਅਤੇ ਬਲ ਪ੍ਰਾਕ੍ਰਮ ਵਾਲਿਆਂ ਦੇ ਪਰਤਾਵੇ ਤੋਂ ਬਾਦ ਗੁਰੂ ਜੀ ਨੇ ਮਸੰਦਾਂ ਵਲ ਰੁਖ ਕੀਤਾ, ਚੋਥੇ ਪਾਤਿਸ਼ਾਹ ਜੀ ਦੇ ਸਮੇ ਇਹ ਨਾਮ ਬਾਣੀ ਦੇ ਪ੍ਰੇਮੀ ਸਨ ਪਰ ਸਮੇਂ ਦੇ ਨਾਲ ਉਹ ਵੀ ਕਰਨੀ ਹੀਨ ਹੋ ਗਏ ਸਨ। ਪੂਜਾ ਦਾ ਧਾਨ ਗੁਰੂ ਦੀ ਗੋਲਕ ਵਿਚੋਂ ਹੜਪ ਕਰਨ ਲਗ ਪਏ ਸਨ। ਸੋ ਮਸੰਦ ਵੀ ਇਸ ਕਸਵੱਟੀ ਤੇ ਕੱਚੇ ਨਿਕਲੇ।

ਸੋ ਗੁਰੂ ਜੀ ਨੇ ਜੋ ਮਹਾਨ ਕਾਰਜ ਕਰਨ ਲਈ ਵਿਚਾਰ ਲਿਆ ਸੀ ਉਹਨੂ ਗੁਰੂ ਜੀ ਨੇ ਬਿਕ੍ਰਮੀ ਸਮੰਤ 1756 ਦੀ ਪਹਿਲੀ ਵਿਸਾਖ ਅਥਵਾ 30 ਮਾਰਚ 1699 ਈਸਵੀ ਦੀ ਵਿਸਾਖੀ ਵਾਲੇ ਦਿਨ ਅੰਨਦਪੁਰ ਸਾਹਿਬ ਵਿਖੇ, ਜਿਥੇ ਅੱਜ ਕੇਸਗੜ੍ਹ ਸਾਹਿਬ ਦਾ ਤਖ਼ਤ ਸੁਸ਼ੋਭਿਤ ਹੈ। ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਸਿੱਖਾਂ ਦਾ ਇਕ ਮਹਾਨ ਇਕੱਠ ਕੀਤਾ ਗਿਆ। ਦੂਰੋਂ ਨੇੜਿਓਂ ਹਰ ਥਾਂ ਦੀਆਂ ਸੰਗਤਾਂ ਨੂੰ ਉਥੇ ਪੁੱਜਣ ਦਾ ਉਚੇਚਾ ਸੱਦਾ ਦਿੱਤਾ ਗਿਆ ਸੀ। ਕੋਈ ਅੱਸੀ ਹਜ਼ਾਰ ਦੀ ਹਾਜ਼ਰੀ ਉਸ ਵਿਚ ਇਤਿਹਾਸਕਾਰਾਂ ਨੇ ਲਿਖੀ ਹੈ। ਜਦੋਂ ਦੀਵਾਨ ਪੂਰੀ ਗਹਿਮਾ ਗਹਿਮੀ ਤੇ ਸੀ ਤਾਂ ਦਾਤਾਰ ਪਿਤਾ ਦਸ਼ਮੇਸ਼ ਗੁਰੂ ਅਪਣੇ ਅਦਭੁਤ ਰੱਬੀ ਜਲਾਲ ਨਾਲ ਦਿਵਾਨ ਵਿਚ ਆਏ ਤੇ ਇਸ ਮੌਕੇ ਲਈ ਪਹਿਲਾਂ ਤੋਂ ਸਜਾਏ ਗਏ ਇਕ ਮਰਮਰੀ ਚਬੂਤਰੇ ਉਪਰ ਖਲੋ ਗਏ। ਉਹਨਾਂ ਸੰਗਤਾਂ ਨੂੰ ਇਕ ਨਵੀਂ ਅਪਣੱਤ ਨਾਲ ਵੇਖਿਆ। ਫਿਰ ਅਪਣੀ ਮਿਆਨ ਵਿਚੋਂ ਤੇਗ ਨੂੰ ਖਿਚਿਆ, ਤੇ ਉਤਾਂਹ ਨੂੰ ਉਠਾ ਕੇ ਅਤਿ ਗੰਭੀਰ ਤੇ ਬੁਲੰਦ ਸੁਰ ਵਿਚ ਆਖਿਆ,"ਮੈਨੂੰ ਇਕ ਸਿਰ ਦੀ ਲੋੜ ਹੈ। ਮੇਰਾ ਕੋਈ ਪਿਆਰਾ ਸਿੱਖ ਅੱਗੇ ਆਵੇ।" ਸੰਗਤਾਂ ਵਿਚ ਇਕ ਡੂੰਘੀ ਚੁਪ ਵਾਪਰ ਗਈ। **'ਨਿਰਭਉ ਨਿਰੰਕਾਰ'** ਦੇ ਉਪਾਸ਼ਕਾਂ ਦੀ ਨਿਰਭੈਤਾ ਦੀ ਆਜ਼ਮਾਇਸ਼ ਦਾ ਸਮਾਂ ਆ ਗਿਆ ਜਾਪਦਾ ਸੀ। ਜਸਵੰਤ ਸਿੰਘ ਨੇਕੀ ਅਨੁਸਾਰ ਇਹ ਘਟਨਾ ਕਿਸੇ ਵੱਡੇ ਇਤਿਹਾਸਿਕ ਅਉਸਰ ਦਾ ਚਿੰਨ ਸੀ, ਜਿਸ ਲਈ ਪੂਰੀ ਕੌਮ ਦੋ ਸਦੀਆਂ ਤੋਂ ਤਿਆਰੀ ਕਰ ਰਹੀ ਸੀ। ਮਰਜੀਵੜਿਆਂ ਦੀ ਕੌਮ ਦੀ ਸਾਜਨਾ ਲਈ ਦਸਮ ਪਿਤਾ ਨੇ ਮਰਨ-ਕਬੂਲ ਦਾ ਇਹ ਅਉਸਰ ਰੱਚ ਧਰਿਆ ਸੀ।ਜਿਸ ਨੇ ਅਜ ਗੁਰੂ ਦੇ ਉਪਦੇਸ਼ਾਂ ਦਾ ਪਾਲਨ ਕਰਨਾ ਹੈ ਉਹਨੂੰ **'ਪਹਿਲਾਂ ਮਰਣੁ ਕਬੂਲਿ'**[10] ਦੀ ਸ਼ਰਤ ਨੂੰ ਨਿਭਾਉਣਾ ਲਾਜ਼ਮ ਹੈ। ਅੱਜ ਇਸ ਸ਼ਰਤ ਦੇ ਪੂਰੇ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਸਤਿਗੁਰ ਦੀ ਅਪਾਰ ਬਖਸ਼ੀਸ਼ ਅਜ ਤੇਗ ਦੀ ਧਾਰ ਰਾਹੀਂ ਨਸੀਬ ਹੋਣੀ ਸੀ। ਇਹ ਸਿਰਫ ਉਸ ਦੇ ਹਿੱਸੇ ਆਉਣੀ ਸੀ ਜੋ ਸਿਰ ਤਲੀ ਤੇ ਧਰ ਕੇ ਅੱਗੇ ਨਿਤਰ ਸਕੇ। ਸਿਰ ਦਾ ਭਾਰ ਲਾਹ ਕੇ ਹੀ ਇਸ ਬਖਸ਼ੀਸ਼ ਦਾ ਭਾਰ ਉਠਾਇਆ ਜਾ ਸਕਦਾ ਸੀ। ਭਰੀ ਸੰਗਤ 'ਚੋਂ ਉਠਣਾ ਉਨ੍ਹਾਂ ਹੀ ਸੀ ਜੋ ਆਪਣੀ ਜਾਨ ਨੂੰ ਠੀਕਰਾ ਤੇ ਗੁਰੂ ਦੀ ਖੁਸ਼ੀ ਨੂੰ ਆਪਣਾ ਸੰਸਾਰ ਸਮਝਦੇ ਹੋਣ। ਉਹ ਉਠੇ, ਵਾਰੀ ਨਾਲ ਪੰਜ। ਪੰਚ ਪਰਵਾਨ! ਤੇ ਪਰਵਾਨ ਹੋ ਗਏ, ਪਰਵਾਨ ਚੜ੍ਹ ਗਏ। ਫਰਕ ਇਹ ਸੀ ਕਿ ਪਹਿਲਾਂ ਗੁਰੂ ਸਾਹਿਬਾਂ ਵੇਲੇ ਪਿਆਰੇ ਉਨ੍ਹਾਂ ਦੀ ਭਗਤੀ ਦੇ ਅਧਾਰ ਤੇ ਚੁਣੇ ਜਾਂਦੇ ਸਨ। ਇਸ ਵਾਰ ਸਤਿਗੁਰਾਂ ਭਗਤੀ- ਸ਼ਕਤੀ ਦੀ ਮਿਲਵੀ ਜੁਗਤ ਨਾਲ ਚੁਣੇ।

◆◆◆

– ਡਾ. ਮਨਪ੍ਰੀਤ ਸਿੰਘ, ਸਹਿ ਸੰਪਾਦਕ

ਹਵਾਲੇ ਅਤੇ ਟਿੱਪਣੀਆਂ :


1. ਗੁਰ ਸ਼ਬਤ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974, ਪੰਨਾ 791.
2. ਸ੍ਰੀ ਗੁਰੂ ਗ੍ਰੰਥ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995, ਪੰਨਾ 395
3. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲਿਸ਼ਰਜ਼ (ਰਜਿ.) ਜਲੰਧਰ, 1972, ਪੋਥੀ 1, ਪੰਨਾ 76.
4. ਰਾਏ ਜਸਬੀਰ ਸਿੰਘ ਡਾ., ਪੰਜ ਪਿਆਰੇ, ਭਾ. ਛਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002, ਪੰਨਾ 10.
5. ਗੁਰ ਸ਼ਬਤ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974, ਪੰਨਾ 791.
6. ਵੀਰ ਸਿੰਘ ਬਲ, ਸਿੰਘ ਸਾਗਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 98.
7. ਮਹਾਂਭਾਰਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਕਰਣ ਪਰਵ ਅਧਿਆਇ 40.
8. ਰਾਏ ਜਸਬੀਰ ਸਿੰਘ, ਪੰਜ ਪਿਆਰੇ, ਚੱਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰਨਾ 11.
9. ਮਾਰੂ ਵਾਰ ਮ: 5, ਸਲੋਕ ਮ: 5, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1102.

## ਪੁਸਤਕ ਰੀਵਿਊ :





ਪੁਸਤਕ : ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ
ਇਤਿਹਾਸ ਅਤੇ ਵਿਚਾਰਧਾਰਾ

ਲੇਖਕ : ਡਾ. ਸੁਖਦਿਆਲ ਸਿੰਘ
ਸਾਬਕਾ ਪ੍ਰੋਫੈਸਰ ਤੇ ਮੁਖੀ
ਪੰਜਾਬ ਇਤਿਹਾਸ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ

ਐਡੀਸ਼ਨ : 2021

ਪੰਨੇ : 235

ISBN : 978-93-87276-95-6


ਦੋ ਦਰਜ਼ਨਾਂ ਤੋਂ ਵੱਧ ਪੁਸਤਕਾਂ ਦਾ ਵਿਦਵਾਨ ਰਚੈਤਾ ਡਾ. ਸੁਖਦਿਆਲ ਸਿੰਘ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਤੇ ਮੁਖੀ ਆਪਣੀ ਨਵੀਂ ਪੁਸਤਕ, ਜਿਸ ਦਾ ਮੈਂ ਰੀਵਿਊ ਕਰ ਰਹੀ ਹਾਂ, 'ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ : ਇਤਿਹਾਸ ਅਤੇ ਵਿਚਾਰਧਾਰਾ' ਦੀ ਭੂਮਿਕਾ ਵਿੱਚ ਲਿਖਦੇ ਹਨ 'ਅੱਜ ਮੈਂ ਗੁਰੂ ਤੇਗ ਬਹਾਦਰ ਜੀ ਦੇ ਅਪ੍ਰੈਲ 2021 ਵਿੱਚ ਆਉਣ ਵਾਲੇ ਚਾਰ-ਸੌ-ਸਾਲਾ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਇਹ ਕਿਤਾਬ ਲਿਖ ਰਿਹਾ ਹਾਂ । ਮੇਰਾ ਰੋਮ-ਰੋਮ ਗੁਰੂ ਤੇਗ ਬਹਾਦਰ ਜੀ ਦਾ ਰਿਣੀ ਹੈ । ਅੱਜ ਮੈਂ ਇਹ ਕਿਤਾਬ ਲਿਖ ਕੇ ਗੁਰੂ ਜੀ ਦੇ ਪਵਿੱਤਰ ਚਰਨਾਂ ਵਿੱਚ ਸਮਰਪਿਤ ਕਰਨੀ ਚਾਹੁੰਦਾ ਹਾਂ । ਜਦੋਂ 1975 ਵਿੱਚ ਗੁਰੂ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਦੇ ਸੰਬੰਧ ਵਿੱਚ ਉਨ੍ਹਾਂ ਦੀਆਂ ਯਾਤਰਾਵਾਂ ਦਾ ਸਰਵੇਖਣ ਕੀਤਾ ਸੀ, ਉਸ ਵਕਤ ਮੈਂ ਇਕ ਦਮ ਅਨਜਾਣ ਸੀ । ਕਿਸੇ ਅਕਾਦਮਿਕ ਵਿਧੀ-ਵਿਧਾਨ ਦਾ ਕੁਝ ਵੀ ਪਤਾ ਨਹੀਂ ਸੀ, ਪਰ ਅੱਜ ਮੈਂ ਸਭ ਕੁਝ ਪੜ੍ਹਿਆ ਹੋਇਆ ਅਤੇ ਸਭ ਕਿਸਮ ਦੇ ਅਨੁਭੱਵ ਹੰਢਾ ਚੁੱਕਿਆ ਹੋਇਆ ਵਿਅਕਤੀ ਹਾਂ । ਉਮਰ ਦੇ 72-73ਵੇਂ ਸਾਲ ਵਿੱਚ ਸ਼ਾਮਲ ਹੋ ਰਿਹਾ ਹਾਂ ।

ਇਸ ਲਈ ਅੱਜ ਮੇਰੀ ਇਹ ਡਿਊਟੀ ਬਣ ਗਈ ਹੈ ਕਿ ਮੈਂ ਗੁਰੂ ਤੇਗ ਬਹਾਦਰ ਜੀ ਦੇ ਸੰਬੰਧ ਵਿੱਚ ਢੁੱਕਵੇਂ ਅਤੇ ਯੋਗ ਸ਼ਬਦ ਹੀ ਲਿਖਾਂ । ਇਸ ਲਈ ਮੇਰੀ ਕੋਸ਼ਿਸ਼ ਇਹੋ ਹੈ ਕਿ ਜਿਤਨਾ ਹੋ ਸਕੇ ਮੈਂ ਗੁਰੂ ਤੇਗ ਬਹਾਦਰ ਦੇ ਜੀਵਨ ਦਾ ਸੱਚ ਪਾਠਕਾਂ ਦੇ ਸਾਹਮਣੇ ਲਿਆਵਾਂ । ਗੁਰੂ ਤੇਗ ਬਹਾਦਰ ਜੀ ਮਿਹਰ ਕਰਨਗੇ । ਉਹ ਮੈਨੂੰ ਸੁਮੱਤ ਬਖ਼ਸ਼ਣਗੇ ਤਾਂ ਕਿ ਮੈਂ ਸੱਚ ਨੂੰ ਬਿਆਂ ਕਰ ਸਕਾਂ ।

ਅੱਜ ਸਿੱਖ ਇਤਿਹਾਸ ਤੇ ਲਿਖਣ ਵਾਲੇ ਵਿਦਵਾਨਾਂ ਵਿੱਚ ਡਾ. ਸੁਖਦਿਆਲ ਸਿੰਘ ਜੀ ਦਾ ਨਾਮ ਪਹਿਲੀ ਕਤਾਰ ਦੇ ਵਿਦਵਾਨਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ । ਡਾ. ਸੁਖਦਿਆਲ ਸਿੰਘ ਜੀ ਇਤਿਹਾਸ ਲਿਖਣ ਵਕਤ ਸ਼ਬਦਾਂ ਦੀ ਹੇਰਾ-ਫੇਰੀ ਕਰਕੇ ਇਤਿਹਾਸ ਦੇ ਤੱਤਾਂ ਨੂੰ ਨਾ ਤਾਂ ਛਿਪਾਂਦੇ ਹਨ ਤੇ ਨਾ ਹੀ ਜ਼ਰੂਰਤ ਤੋਂ ਵੱਧ ਕੁਝ ਲਿਖਦੇ ਹਨ । ਜਿਸ ਤਰ੍ਹਾਂ ਉਹ ਪੁਸਤਕ ਦੀ ਭੂਮਿਕਾ ਵਿੱਚ ਲਿਖਦੇ ਹਨ, ਕਿ ਉਹ ਬਿਲਕੁਲ ਸੱਚ ਲਿਖਦੇ ਹਨ, ਝੂਠ ਜਾਂ ਕਲਪਨਾ ਦਾ ਸਹਾਰਾ ਨਹੀਂ ਲੈਂਦੇ । ਇਹ ਹੀ ਇਕ ਚੰਗੇ ਇਤਿਹਾਸਕਾਰ ਦੀ ਪਹਿਚਾਨ ਹੈ ਤੇ ਫਰਜ਼ ਵੀ । ਆਪ ਜੀ ਦੀ ਇਹ ਹੱਥਲੀ ਪੁਸਤਕ, ਭੂਮਿਕਾ ਨੂੰ ਛੱਡ ਕੇ 10 ਚੈਪਟਰਾਂ ਵਿੱਚ ਵੰਡੀ ਹੋਈ ਹੈ ਤੇ ਇਸ ਲੰਮੇ ਸਫਰ ਵਿੱਚ ਜਦੋਂ


Sisganj Monthly, August 2021 39

ਆਪ ਦੀ ਲੇਖਣੀ ਕਾਗਜ਼ਾਂ ਦੇ ਸਫੇਦ ਵਰਕਿਆਂ 'ਤੇ ਚੱਲਣਾ ਸ਼ੁਰੂ ਕਰਦੀ ਹੈ ਤਾਂ ਉਹ ਕਿਧਰੇ ਸਾਹ ਲੈਂਦੀ ਪ੍ਰਤੀਤ ਨਹੀਂ ਹੁੰਦੀ ਤੇ ਸੱਚ ਦੀ ਕਹਾਣੀ ਕਹਿੰਦੀ ਅੱਣਥੱਕ ਤੁਰੀ ਜਾਂਦੀ, ਕਿਧਰੇ ਥਿੜਕਦੀ ਦਿਖਾਈ ਨਹੀਂ ਦਿੰਦੀ ।

ਪਹਿਲੇ ਚੈਪਟਰ ਵਿੱਚ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਨਾਲ ਸੰਬੰਧਤ ਸਰੋਤਾਂ ਦੀ ਚਰਚਾ ਹੋਈ ਹੈ । ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਉਪਰ ਲਿਖਣ ਤੋਂ ਪਹਿਲਾਂ ਆਪ ਜੀ ਉਸ ਸ਼ਖ਼ਸੀਅਤ ਨੂੰ ਬਿਆਂ ਕਰਦੇ ਸਰੋਤਾਂ ਤੋਂ ਪਾਠਕ ਨੂੰ ਜਾਣੂ ਕਰਾਉਣਾ ਲਾਜ਼ਮੀ ਸਮਝਦੇ ਹਨ । ਆਪ ਜੀ ਗੁਰੂ ਤੇਗ ਬਹਾਦਰ ਸਾਹਿਬ ਦੀ ਰਚਿਤ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ, ਨੂੰ ਇਤਿਹਾਸ ਦਾ ਪ੍ਰਮਾਣਿਕ ਸਰੋਤ ਮੰਨਦੇ ਹਨ । ਬੇਸ਼ਕ ਗੁਰਬਾਣੀ ਵਿਚੋਂ ਸਾਰਾਂਸ਼ਿਕ ਇਤਿਹਾਸ ਹੀ ਪ੍ਰਾਪਤ ਹੁੰਦਾ ਹੈ, ਪਰ ਜਿਤਨਾ ਵੀ ਮਿਲਦਾ ਹੈ ਉਹ ਬਹੁਤ ਹੀ ਅਰਥ ਭਰਪੂਰ ਤੇ ਸੱਚ ਬਿਆਨ ਕਰਦਾ ਹੈ । ਦੇਖੋ ਸੋਰਠ ਰਾਗ ਵਿੱਚ ਜ਼ਿੰਦਗੀ ਜੀਊਣ ਦਾ ਕਿਤਨਾ ਖ਼ੂਬਸੂਰਤ ਨਜ਼ਾਰਾ ਬੰਨ੍ਹਿਆ ਗਿਆ ਹੈ :

**ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ**
**ਕੰਚਨ ਮਾਟੀ ਮਾਨੈ ॥ ਰਹਾਉ ॥**
**ਨਹ ਨਿੰਦਿਆ ਨਹ ਉਸਤਤਿ ਜਾਕੈ**
**ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ**
**ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ**
**ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ**
**ਤਿਹ ਘਟਿ ਬ੍ਰਹਮੁ ਨਿਵਾਸਾ ॥੨॥.....**
**ਨਾਨਕ ਲੀਨ ਭਇਓ ਗੋਬਿੰਦ ਸਿਉ**
**ਜਿਉ ਪਾਨੀ ਸੰਗਿ ਪਾਨੀ ॥੩॥**

**(ਅੰਗ ੬੩੩-੩੪)**

ਗੁਰਬਾਣੀ ਤੋਂ ਇਲਾਵਾ ਗੁਰੂ ਸਾਹਿਬ ਦੇ ਹੁਕਮਨਾਮਿਆਂ ਦੀ ਮਹੱਤਤਾ ਤੇ ਉਨ੍ਹਾਂ ਤੋਂ ਮਿਲਦੇ ਇਤਿਹਾਸ ਦੀ ਭਰਪੂਰ ਚਰਚਾ ਹੋਈ ਹੈ । ਅਗਲੀ ਭਰੋਸੇਯੋਗ ਲਿਖਤ 'ਬਚਿਤ੍ਰ ਨਾਟਕ' ਵਿਚਲੇ ਵੇਰਵੇ ਹਨ । ਬੇਸ਼ਕ ਉਹ ਥੋੜੇ ਹਨ ਪਰ ਭਰੋਸੇਯੋਗ ਹਨ । ਇਹ ਵੇਰਵੇ ਪੰਜਵੇਂ ਤੇ ਸੱਤਵੇਂ ਅਧਿਆਇ ਵਿਚ ਮਿਲਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਵੀ ਆਪਣੀ ਰਚਨਾ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਿੰਦੇ ਹਨ । ਲੇਖਕ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਲਿਖਦਾ ਹੈ ਕਿ 'ਸਾਡੇ ਪਿਛਲੇਰੇ ਲੇਖਕਾਂ ਨੇ ਗੁਰੂ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਵਡਿਆਇਆ ਹੈ, ਪਰ ਸੈਨਾਪਤਿ ਨੇ ਗੁਰੂ ਜੀ ਨੂੰ ਸਮੁੱਚੀ 'ਸ੍ਰਿਸ਼ਟੀ ਦੀ ਚਾਦਰ' ਕਹਿ ਕੇ ਉਨ੍ਹਾਂ ਨੂੰ ਵਿਸ਼ਵ ਦੇ ਵਿਸ਼ਾਲ ਭਾਈਚਾਰੇ ਦਾ ਮਹਾਂਨਾਇਕ ਬਣਾ ਦਿੱਤਾ ਹੈ ।'

ਪ੍ਰਗਟ ਭਏ ਗੁਰ ਤੇਗ ਬਹਾਦਰ
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ ।

ਇਨ੍ਹਾਂ ਸਮਕਾਲੀ ਸਰੋਤਾਂ ਤੋਂ ਬਾਅਦ, ਪਿੱਛੋਂ ਲਿਖੀਆਂ ਲਿਖਤਾਂ ਆਉਂਦੀਆਂ ਹਨ ਜਿਸ ਤਰ੍ਹਾਂ ਕਿ ਕੇਸਰ ਸਿੰਘ ਛਿੱਬਰ ਦਾ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ ਜੋ 1769 ਵਿੱਚ ਲਿਖਿਆ ਗਿਆ ਸੀ, ਗੁਰਬਿਲਾਸ ਪਾਤਸ਼ਾਹੀ ਛੇਵੀਂ (1718) ਸਰੂਪ ਦਾਸ ਭੱਲਾ ਦਾ ਮਹਿਮਾ ਪ੍ਰਕਾਸ਼ (1776), ਭਾਈ ਸੰਤੋਖ ਸਿੰਘ ਜੀ ਦਾ ਸੂਰਜ ਪ੍ਰਕਾਸ਼ (1843), ਗਿਆਨੀ ਗਿਆਨ ਸਿੰਘ ਦਾ ਤਵਾਰੀਖ ਗੁਰੂ ਖਾਲਸਾ (1891), ਭੱਟ ਵਹੀਆਂ ਤੇ ਗੁਰੂ ਕੀਆਂ ਸਾਖੀਆਂ ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਮੈਕਾਲਿਫ ਸਾਹਿਬ ਦੀ ਸਿੱਖ ਰਿਲੀਜ਼ਨ ਤੋਂ ਇਲਾਵਾ 1975 ਈਸਵੀ, ਗੁਰੂ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਮੌਕੇ ਲਿਖੀਆਂ ਪੁਸਤਕਾਂ ਜਿਵੇਂ, ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ, ਡਾ. ਫੌਜਾ ਸਿੰਘ ਅਤੇ ਡਾ. ਤਾਰਨ ਸਿੰਘ, ਡਾ. ਤ੍ਰਿਲੋਚਨ ਸਿੰਘ ਦੀ ਗੁਰੂ ਤੇਗ ਬਹਾਦਰ : ਪ੍ਰੋਫਿਟ ਐਂਡ ਮਾਰਟਾਇਰ (1961) ਇਸੇ ਤਰ੍ਹਾਂ ਗੁਰੂ ਤੇਗ ਬਹਾਦਰ : ਜੀਵਨ ਸਮਾਂ ਤੇ ਰਚਨਾ, ਸੰਪਾਦਿਤ ਡਾ. ਸੁਰਿੰਦਰ ਸਿੰਘ ਕੋਹਲੀ (1976) ਇਹ ਪੁਸਤਕ ਤੇਈ ਲੇਖਾਂ ਦਾ ਸੰਗ੍ਰਹਿ ਹੈ ।

ਡਾ. ਫੌਜਾ ਸਿੰਘ ਦੀ ਸੰਪਾਦਿਤ ਪੁਸਤਕ ਗੁਰੂ ਤੇਗ ਬਹਾਦਰ ਯਾਤਰਾਵਾਂ, ਪਰੰਪਰਾਵਾਂ ਅਤੇ ਯਾਦ ਚਿੰਨ੍ਹ ਇਹ ਡਾ. ਫੌਜਾ ਸਿੰਘ ਦੀ ਸਰਵੇਖਣ ਰਿਪੋਰਟ ਹੈ, ਜਿੱਥੇ-ਜਿੱਥੇ ਗੁਰੂ ਸਾਹਿਬ ਗਏ ਸਨ । ਇਨ੍ਹਾਂ ਸਰੋਤਾਂ ਬਾਰੇ ਲੇਖਕ ਨੇ ਸਿਰਫ ਭਰਪੂਰ ਜਾਣਕਾਰੀ ਹੀ ਨਹੀਂ ਦਿੱਤੀ ਸਗੋਂ ਉਨ੍ਹਾਂ ਦਾ ਪਹਿਲਾ ਪਾਠ ਇਨ੍ਹਾਂ ਸਰੋਤਾਂ ਦਾ ਆਲੋਚਆਤਮਕ ਅਧਿਐਨ ਹੈ ਜੋ ਕਿ ਪਾਠਕਾਂ ਲਈ ਬੜਾ ਲਾਭਦਾਇਕ ਹੈ । ਡਾ. ਸੁਖਦਿਆਲ ਸਿੰਘ ਇਤਿਹਾਸਕਾਰ ਹਨ ਤੇ ਉਹ ਆਪਣੀ ਹਰ ਮੌਲਿਕ ਪੁਸਤਕ ਵਿਚ ਸਰੋਤਾਂ ਦੀ ਜਾਣਕਾਰੀ ਜ਼ਰੂਰ ਦਿੰਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਬਾਕੀ ਪੁਸਤਕ ਪੜ੍ਹਨ ਵਿਚ ਬੜੀ ਰੋਚਕ ਲਗਦੀ ਹੈ ਤੇ ਬਹੁਤ ਸਾਰੀਆਂ ਉਲਝਣਾਂ ਨੂੰ ਸਮਝਣ ਲਈ ਵੀ ਇਹ ਪੁਸਤਕਾਂ ਬਹੁਤ ਸਹਾਇਕ ਹੁੰਦੀਆਂ ਹਨ ।

ਦੂਸਰਾ ਚੈਪਟਰ ਇਤਿਹਾਸਕ ਪਿਛੋਕੜ ਤੇ ਹੈ । ਕਿਸੇ ਵੀ ਸ਼ਖ਼ਸੀਅਤ ਨੂੰ ਆਈਸੋਲੇਸ਼ਨ ਵਿਚ ਨਹੀਂ ਸਮਝਿਆ ਜਾ ਸਕਦਾ ਜਿਤਨੀ ਦੇਰ ਉਸ ਦੇ ਇਤਿਹਾਸਕ ਪਿਛੋਕੜ ਨੂੰ ਨਾ ਸਮਝਿਆ ਜਾਵੇ । ਕੋਈ ਵੀ ਇਤਿਹਾਸ ਦਾ ਵਿਦਵਾਨ ਇਤਿਹਾਸਕ ਪਿਛੋਕੜ ਤੋਂ ਬਿਨ੍ਹਾ ਕੋਈ ਇਤਿਹਾਸ ਲਿਖ ਹੀ ਨਹੀਂ ਸਕਦਾ । ਸਿੱਖ ਗੁਰੂ ਸਾਹਿਬਾਨ ਦਾ ਸਮਾਂ 1469 ਈਸਵੀ ਤੋਂ 1708 ਈਸਵੀ ਤਕ ਦਾ ਸਮਾਂ ਹੈ । ਇਸ 'ਚੋਂ ਸਿਰਫ 1605 ਈਸਵੀ ਤਕ ਦਾ ਸਮਾਂ ਯਾਨੀ

ਕਿ 136 ਸਾਲ ਦਾ ਸਮਾਂ ਹੀ ਸ਼ਾਂਤੀ ਦਾ ਸਮਾਂ ਸੀ ਤੇ 1605 ਈਸਵੀ ਤੋਂ 1708 ਈਸਵੀ ਤਕ ਦਾ 103 ਸਾਲ ਦਾ ਸਮਾਂ ਮੁਗਲਾਂ ਨਾਲ ਸੰਘਰਸ਼ ਦਾ ਸਮਾਂ ਸੀ । ਇਸੇ ਸਮੇਂ ਵਿਚ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਤੇ ਸ਼ਾਹ ਜਹਾਨ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਚਾਰ ਵੱਡੀਆਂ ਲੜਾਈਆਂ ਲੜੀਆਂ । ਨਤੀਜਾ ਇਹ ਹੋ ਗਿਆ ਕਿ ਗੁਰੂ ਸਾਹਿਬ ਨੇ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਡੇਰੇ ਲਗਾ ਲਏ । ਗੁਰੂ ਹਰਿਰਾਇ ਸਾਹਿਬ ਦੇ ਗੁਰੂ ਬਨਣ 'ਤੇ ਔਰੰਗਜ਼ੇਬ ਨੇ ਉਨ੍ਹਾਂ ਦੇ ਵੱਡੇ ਲੜਕੇ ਰਾਮ ਰਾਏ ਨੂੰ ਆਪਣੇ ਪਾਸ ਬੁਲਾ ਕੇ ਜ਼ਮਾਨਤ ਦੇ ਤੌਰ 'ਤੇ ਰੱਖ ਲਿਆ ।

ਡਾ. ਸੁਖਦਿਆਲ ਜੀ ਦਾ ਮੰਨਣਾ ਹੈ ਕਿ ਰਾਮ ਰਾਏ ਜੀ ਦਾ ਬ੍ਰੇਨਵਾਸ਼ ਕਰਕੇ ਔਰੰਗਜ਼ੇਬ ਉਸ ਨੂੰ ਅਗਲਾ ਗੁਰੂ ਦੇਖਣਾ ਚਾਹੁੰਦਾ ਸੀ ਪਰ ਜਦੋਂ ਗੁਰੂ ਹਰਿਰਾਇ ਸਾਹਿਬ ਨੇ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਛੋਟੇ ਸਪੁੱਤਰ ਨੂੰ ਗੁਰਗੱਦੀ ਸੌਂਪ ਦਿੱਤੀ ਤਾਂ ਇਹ ਵੀ ਔਰੰਗਜ਼ੇਬ ਨੂੰ ਮਨਜ਼ੂਰ ਨਹੀਂ ਸੀ ਤੇ ਬਾਲ ਗੁਰੂ ਨੂੰ ਦਿੱਲੀ ਸੱਦ ਲਿਆ ਜਿੱਥੇ ਚੇਚਕ ਨਾਲ ਉਹ ਜੋਤੀ-ਜੋਤ ਸਮਾ ਗਏ ਤੇ ਇਸ ਤੋਂ ਪਹਿਲਾਂ ਸੰਗਤ ਦੀ ਸਲਾਹ ਨਾਲ (ਬਾਬਾ ਬਕਾਲੇ) ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੌਂਪ ਗਏ । ਬਾਬਾ ਬਕਾਲੇ ਤੋਂ ਭਾਵ ਸੀ ਕਿ ਅਗਲਾ ਗੁਰੂ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਲਗਦਾ ਹੈ ਤੇ ਬਕਾਲੇ ਵਿਖੇ ਉਨ੍ਹਾਂ ਦਾ ਨਿਵਾਸ ਹੈ । ਅਗਰ ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ-ਜੋਤ ਨਾ ਸਮਾਉਂਦੇ ਤਾਂ ਪਤਾ ਨਹੀਂ ਔਰੰਗਜ਼ੇਬ ਨੇ ਰਾਮ ਰਾਏ ਨੂੰ ਗੁਰੂ ਬਨਾਉਣ ਲਈ ਕੀ ਭਾਣਾ ਵਰਤਾ ਦੇਣਾ ਸੀ । ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਗੱਦੀ ਤੋਂ ਲੈ ਕੇ ਸ਼ਹਾਦਤ ਤਕ ਦਾ ਸਾਰਾ ਸਮਾਂ ਹੀ ਸੰਕਟਮਈ ਸੀ ।

ਸ਼ਹਾਦਤ ਤੋਂ ਪਹਿਲਾਂ ਦੋ ਵਾਰ ਉਨ੍ਹਾਂ ਨੂੰ ਹਿਰਾਸਤ ਵਿਚ ਰੱਖਣਾ (ਗ੍ਰਿਫਤਾਰ ਕਰਨਾ) ਤੇ ਅੰਤ ਸਿਰ ਧੜ ਤੋਂ ਅਲਗ ਕਰ ਦੇਣਾ । 1635 ਈਸਵੀ ਤੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਖੁੱਸ ਚੁੱਕ ਸੀ ਤੇ ਉਸ ਉਪਰ ਮੇਹਰਬਾਨ ਦੀ ਔਲਾਦ ਕਾਬਜ਼ ਹੋ ਬੈਠੀ ਸੀ । ਇਹ ਸਭ ਕੁਝ ਕਿਸ ਦੀ ਸ਼ੈਅ ਤੇ ਹੋ ਰਿਹਾ ਸੀ ? ਇਹ ਦੱਸਣ ਦੀ ਲੋੜ ਨਹੀਂ ਕਿ ਇਸ ਸਭ ਦੇ ਪਿੱਛੇ ਔਰੰਗਜ਼ੇਬ ਹੀ ਸੀ । ਇਸ ਤਰ੍ਹਾਂ ਦੇ ਸੰਕਟਮਈ ਹਲਾਤਾਂ ਵਿਚ ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਸੰਭਾਲੀ ਸੀ ।

ਸੁਖਦਿਆਲ ਸਿੰਘ ਜੀ ਦਾ ਮੰਨਣਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਿਆਈ ਵਕਤ ਤੋਂ ਹੀ ਪਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ । ਜਿਹੜੇ 22 ਸੋਢੀ ਬਕਾਲਾ ਵਿਖੇ ਗੱਦੀਆਂ ਲਗਾ ਕੇ ਬੈਠੇ ਸਨ । ਉਹ ਕੌਣ ਸਨ ਉਹ ਅਸਲ ਵਿਚ ਇਕ ਕਿਸਮ ਦਾ ਗੁਰੂ ਜੀ ਦੇ ਆਸ-ਪਾਸ 22 ਸ਼ਖਸੀਅਤਾਂ ਦਾ ਘੇਰਾ ਹੀ ਸੀ ਜੋ ਧੀਰਮੱਲ ਔਰੰਗਜ਼ੇਬ ਦੀ ਸ਼ੈਅ 'ਤੇ ਗੁਰੂ ਜੀ ਦੇ ਆਸਪਾਸ ਪਾਇਆ ਸੀ। ਇਹ ਘੇਰਾ ਮੱਖਣਸ਼ਾਹ ਲੁਬਾਣਾ ਦੇ ਆਉਣ ਨਾਲ ਹੀ ਤੋੜਿਆ ਗਿਆ ਸੀ। ਫਿਰ ਦੂਸਰੀ ਗੱਲ ਕਿ ਗਰ ਹਰਿਕ੍ਰਿਸ਼ਨ ਸਾਹਿਬ ਜੀ ਆਪ ਨੂੰ ਗੁਰਿਆਈ ਦੇ ਕੇ 30 ਮਾਰਚ 1664 ਈਸਵੀ ਨੂੰ ਜੋਤੀ ਜੋਤ ਸਮਾ ਗਏ ਸਨ ਪਰ ਇਹ ਗੁਰਿਆਈ ਦੀਆਂ ਵਸਤਾਂ 11 ਅਗਸਤ 1664 ਈਸਵੀ ਤਕ ਗੁਰੂ ਤੇਗ ਬਹਾਦਰ ਜੀ ਪਾਸ ਨਹੀਂ ਸਨ ਪਹੁੰਚ ਸਕੀਆਂ । ਇਸ ਦਾ ਕਾਰਨ ਵੀ ਔਰੰਗਜ਼ੇਬ ਹੀ ਸੀ । ਉਸ ਨੇ ਗੁਰਿਆਈ ਦੀਆਂ ਵਸਤਾਂ ਲੈ ਕੇ ਆਉਣ ਵਾਲੀ ਸੰਗਤ ਨੂੰ ਦਿੱਲੀ ਵਿਖੇ ਹੀ ਰੋਕ ਰਖਿਆ ਸੀ ਨਹੀਂ ਤਾਂ ਚਾਰ ਮਹੀਨੇ ਦਿੱਲੀ ਤੋਂ ਬਕਾਲੇ ਪਹੁੰਚਣ ਲਈ ਨਹੀਂ ਸਨ ਲੱਗ ਸਕਦੇ । ਫਿਰ ਗੁਰਿਆਈ ਦੇਣ ਦਾ ਕੰਮ ਹੋਰ ਸਾਰੇ ਕੰਮਾਂ ਤੋਂ ਪਹਿਲਾ ਕਰਨ ਵਾਲਾ ਕੰਮ ਸੀ ਤੇ ਸੰਗਤ ਇਸ ਕੰਮ ਨੂੰ ਅਣਗੌਲਿਆ ਕਰਕੇ ਇਸ ਤਰ੍ਹਾਂ ਦੇਰੀ ਨਹੀਂ ਸੀ ਕਰ ਸਕਦੀ । ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਸਸਕਾਰ ਦੀਆਂ ਰਸਮਾਂ ਤੋਂ ਬਾਅਦ ਸਭ ਤੋਂ ਪਹਿਲਾ ਕਰਨ ਵਾਲਾ ਕੰਮ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੌਂਪਣੀਆਂ ਸਨ । ਸੰਗਤ ਕਦੇ ਵੀ ਇਸ ਕੰਮ ਨੂੰ ਮਾਮੂਲੀ ਕੰਮ ਸਮਝ ਕੇ ਦਿੱਲੀ ਨਹੀਂ ਸੀ ਬੈਠੀ ਰਹਿ ਸਕਦੀ । ਇਹ ਡਾ. ਸੁਖਦਿਆਲ ਸਿੰਘ ਜੀ ਦੀ ਨਵੀਂ ਵਿਆਖਿਆ ਹੈ ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਬੀ ਭਾਰਤੀ ਰਾਜਾਂ ਦੇ ਦੌਰੇ ਵਕਤ (ਚੈਪਟਰ 6) ਡਾ. ਸੁਖਦਿਆਲ ਸਿੰਘ ਜੀ ਇਹ ਮੰਨਣ ਲਈ ਉੱਕਾ ਹੀ ਤਿਆਰ ਨਹੀਂ ਕਿ ਗੁਰੂ ਜੀ ਰਾਜਾ ਰਾਮ ਸਿੰਘ ਨਾਲ ਅਸਾਮ ਵਿਚ ਗਏ ਸਨ ਕਿਉਂਕਿ ਉਨ੍ਹਾਂ ਨੇ ਜਾਦੂ-ਟੋਣਿਆਂ ਤੋਂ ਆਪਣੇ ਬਚਾਅ ਲਈ ਗੁਰੂ ਜੀ ਅੱਗੇ ਬੇਨਤੀ ਕੀਤੀ ਸੀ ਕਿ ਗੁਰੂ ਜੀ ਨੂੰ ਉਸ ਦੀ ਰੱਖਿਆ ਲਈ ਅਸਾਮ ਉਸ ਦੇ ਨਾਲ ਚੱਲਣ ਤੇ ਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ ਸੀ, ਉਹ ਵੀ ਉਸ ਵਕਤ ਜਦੋਂ ਉਹ ਢਾਕਾ ਤੋਂ ਵਾਪਸ ਪਟਨਾ ਆ ਰਹੇ ਸਨ ਤੇ ਮੁੰਗੇਰ ਵਿਖੇ ਗੁਰੂ ਜੀ ਦੀ ਤੇ ਰਾਜਾ ਰਾਮ ਦੀ ਮੁਲਾਕਾਤ ਹੋਈ ਦੱਸੀ ਜਾਂਦੀ ਹੈ (ਦੇਖੋ ਫੌਜਾ ਸਿੰਘ)

ਇਸ ਤੋਂ ਤਾਂ ਇਵੇਂ ਲਗਦਾ ਹੈ ਕਿ ਗੁਰੂ ਜੀ ਬਿਲਕੁਲ ਵਿਹਲੇ ਹੀ ਸਨ ਅਤੇ ਉਨ੍ਹਾਂ ਦਾ ਆਪਣਾ ਕੋਈ ਪ੍ਰੋਗਰਾਮ ਹੀ ਨਹੀਂ ਸੀ । ਵਾਪਸੀ ਤੇ ਰਾਮ ਸਿੰਘ ਮਿਲਦਾ ਹੈ ਤੇ ਉਸ ਨਾਲ ਤੁਰ ਪੈਂਦੇ ਹਨ । ਯਾਦ ਰਹੇ ਕਿ ਗੁਰੂ ਸਾਹਿਬ ਨੇ ਕਿਸ ਤਰ੍ਹਾਂ ਵਕਤ ਚੋਂ ਵਕਤ ਕੱਢਿਆ ਸੀ ਪੂਰਬ ਦੀ ਯਾਤਰਾ ਲਈ । ਅਨੰਦਪੁਰ ਸਾਹਿਬ ਦੀ ਉਸਾਰੀ ਅਜੇ ਸ਼ੁਰੂ ਹੀ ਹੋਈ ਸੀ ਤੇ ਉਹ ਪੂਰਬ ਦੀ ਪ੍ਰਚਾਰਕ ਯਾਤਰਾ ਤੇ ਚੱਲ ਪਏ ਸਨ । ਫਿਰ ਆਪਣੇ ਪਰਿਵਾਰ ਨੂੰ ਮਾਤਾ ਗੁਜਰੀ ਤੇ ਮਾਤਾ ਨਾਨਕੀ ਜੀ ਨੂੰ ਪਟਨਾ ਛੱਡ ਕੇ ਅੱਗੇ ਢਾਕਾ ਤੇ ਅਸਾਮ ਵੱਲ ਤੁਰ ਪਏ ਸਨ ਕਿਉਂਕਿ ਅਜੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਧਾਰਨ ਵਿਚ ਕੁਝ ਵਕਤ ਬਾਕੀ ਸੀ । ਕੀ ਉਨ੍ਹਾਂ ਪਰਿਵਾਰ ਲਈ ਕੋਈ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਸੀ । ਗੁਰੂ ਜੀ ਇਹ ਜ਼ਿੰਮੇਵਾਰੀਆਂ ਮਾਮਾ ਕ੍ਰਿਪਾਲ ਦਾਸ, ਭਾਈ ਦਿਆਲਾ ਜੀ

ਤੇ ਪਟਨੇ ਦੀ ਸੰਗਤ ਨੂੰ ਸੌਂਪ ਕੇ ਇਸ ਤੋਂ ਵੱਡੇ ਕੰਮ ਸਿੱਖ ਧਰਮ ਦੇ ਪ੍ਰਚਾਰ ਦੇ ਕੰਮ ਨੂੰ ਪੂਰਾ ਕਰਨ ਲਈ ਅੱਗੇ ਤੁਰ ਪਏ ਸਨ । ਗੁਰੂ ਤੇਗ ਬਹਾਦਰ ਉਸ ਅਸਥਾਨ ਤੇ ਜ਼ਰੂਰ ਜਾਂਦੇ ਸਨ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ ਤੇ ਉਹ ਕਿਸੇ ਵੀ ਤਰ੍ਹਾਂ ਅਸਾਮ (ਧੂਬੜੀ) ਗਏ ਬਿਨ੍ਹਾ ਢਾਕੇ ਤੋਂ ਵਾਪਸ ਨਹੀਂ ਸਨ ਆ ਸਕਦੇ ।

ਫਿਰ ਦੇਖੋ ਸਾਡੇ ਇਤਿਹਾਸਕਾਰ ਇਕ ਪਾਸੇ ਤਾਂ ਔਰੰਗਜ਼ੇਬ ਦੀ ਗੁਰੂ ਜੀ ਨਾਲ ਵਿਰੋਧਤਾ ਦਿਖਾ ਰਹੇ ਹਨ ਤੇ ਧਮਧਾਨ ਵਿਖੇ ਜਦੋਂ ਗੁਰ ਜੀ ਧਰਮ ਪ੍ਰਚਾਰ ਕਰ ਰਹੇ ਸਨ ਤੇ ਪਠਾਣ ਆਲਮ ਖ਼ਾਨ ਰੁਹੇਲੇ ਨੂੰ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਲਈ ਵਰੰਟ ਦੇ ਕੇ ਭੇਜਦਾ ਹੈ ਤੇ ਫਿਰ ਅਸਾਮ ਤੋਂ ਵਾਪਸ ਆਉਂਦੇ ਵਕਤ ਗੁਰੂ ਜੀ ਨੂੰ 2 ਮਹੀਨੇ 13 ਦਿਨ ਹਿਰਾਸਤ ਵਿਚ ਰਖਿਆ ਜਾਂਦਾ ਹੈ । ਕੀ ਇਹ ਕਦੀ ਹੋ ਸਕਦਾ ਹੈ ਕਿ ਗੁਰ ਜੀ ਤਾਂ ਉਸ ਦੀ ਅਸਾਮ ਵਿਖੇ ਅਹੋਮੀਆ ਦੇ ਖਿਲਾਫ ਮਦਦ ਕਰਦੇ ਆਏ ਹੋਣ ਤੇ ਔਰੰਗਜ਼ੇਬ ਉਨ੍ਹਾਂ ਨੂੰ ਆਉਂਦਿਆਂ ਨੂੰ ਹਿਰਾਸਤ ਵਿਚ ਲੈ ਲਵੇ । ਫਿਰ ਸੋਚੋ ਕਿ ਗੁਰੂ ਜੀ ਔਰੰਗਜ਼ੇਬ ਦੀ ਸੈਨਾ ਦੀ ਮਦਦ ਕਿਉਂ ਕਰਨਗੇ, ਜੋ ਹਿੰਦੂਆਂ ਤੇ ਇਤਨੇ ਜ਼ੁਲਮ ਕਰ ਰਿਹਾ ਸੀ । ਹਿੰਦੂਆਂ ਤੇ ਸਿੱਖਾਂ ਦੇ ਧਰਮ ਅਸਥਾਨ ਢਾਹੇ ਜਾ ਰਹੇ ਸਨ ਤੇ ਗੁਰੂ ਜੀ ਅਹੋਸੀ ਜੋ ਸੁਤੰਤਰਤਾ ਪਸੰਦ ਹਿੰਦੂ ਸਨ ਉਨ੍ਹਾਂ ਦੇ ਖਿਲਾਫ ਮੁਗਲ ਸੈਨਾ ਨੂੰ ਕਿਵੇਂ ਮਦਦ ਕਰ ਸਕਦੇ ਹਨ ? ਅਗਰ ਗੁਰੂ ਸਾਹਿਬ ਨੇ ਮੁਗਲ ਦੀ ਮਦਦ ਕੀਤੀ ਹੁੰਦੀ ਤਾਂ ਇਸ ਦਾ ਮੁਗਲ ਰਿਕਾਰਡਾਂ ਵਿਚ ਜ਼ਿਕਰ ਜ਼ਰੂਰ ਹੁੰਦਾ । ਇੱਥੋਂ ਤਕ ਕਿ ਕਿਸੇ ਸਮਝੌਤੇ ਦੀ ਗੱਲ ਦਾ ਵੀ ਮੁਗਲ ਰਿਕਾਰਡਾਂ ਵਿੱਚ ਜ਼ਿਕਰ ਨਹੀਂ ਆਉਂਦਾ ।

ਡਾ. ਸੁਖਦਿਆਲ ਸਿੰਘ ਜੀ ਨੇ ਬਹੁਤ ਸਾਰੇ ਮੁਗਲ ਫਾਰਸੀ ਦਸਤਾਵੇਜ਼ਾਂ ਤੇ ਹੋਰ ਇਤਿਹਾਸਕਾਰਾਂ ਨੂੰ ਕੋਟ ਕੀਤਾ ਹੈ ਜਿਨ੍ਹਾਂ ਨੇ ਕਿਸੇ ਰਾਮ ਸਿੰਘ ਰਾਜੇ ਦੀ ਗੱਲ ਹੀ ਨਹੀਂ ਕੀਤੀ ਚਾਹੇ ਉਹ ਸਰ ਜਾਦੂਨਾਥ ਸਰਕਾਰ ਹੋਵੇ ਜਾਂ ਫਿਰ ਮਜ਼ੂਮਦਾਰ ਦੱਤ ਸਾਹਿਬ ਜਾਂ ਚੌਧਰੀ ਸਾਹਿਬ ਹੋਣ । ਇਕ ਹੋਰ ਗੱਲ ਵੱਲ ਵੀ ਧਿਆਨ ਦੇਣਾ ਪਵੇਗਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਜੀ ਰਾਜਾ ਰਾਮ ਸਿੰਘ ਦੀ ਮਦਦ ਕਰ ਰਹੇ ਸਨ ਤੇ ਔਰੰਗਜ਼ੇਬ ਇਸ ਤੋਂ ਬੇਖਬਰ ਸੀ ਤੇ ਦਿੱਲੀ ਵਿਖੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲੈਂਦਾ ਹੈ ਜਦੋਂ ਕਿ ਉਸ ਨੂੰ ਲਗਾਤਾਰ ਅਸਾਮ ਤੋਂ ਖਬਰ-ਨਵੀਸਾਂ ਦੀਆਂ ਖਬਰਾਂ ਮਿਲ ਰਹੀਆਂ ਸਨ । ਸੋ ਰਾਜਾ ਰਾਮ ਸਿੰਘ ਵਾਲੀ ਗੱਲ ਨੂੰ ਡਾ. ਸੁਖਦਿਆਲ ਸਿੰਘ ਜੀ ਸਿਰੇ ਤੋਂ ਖਾਰਜ ਕਰਦੇ ਹਨ ਤੇ ਕਤੱਈ ਮੰਨਣ ਨੂੰ ਤਿਆਰ ਨਹੀਂ ।

ਇਸ ਪੁਸਤਕ ਦਾ ਸੱਤਵਾਂ ਚੈਪਟਰ 'ਗੁਰ ਤੇਗ ਬਹਾਦਰ ਜੀ ਦੇ ਮਾਲਵੇ ਅਤੇ ਬਾਂਗਰ ਖੇਤਰਾਂ ਦੇ ਦੌਰੇ' । ਇਹ ਚੈਪਟਰ ਡਾ. ਸਾਹਿਬ ਨੇ ਬੜੇ ਹੀ ਵਿਸਥਾਰ ਨਾਲ ਲਿਖਿਆ ਹੈ । ਹਰ ਛੋਟੇ ਤੋਂ ਛੋਟਾ ਪਿੰਡ ਜਿਥੇ ਗੁਰੂ ਸਾਹਿਬ ਨੇ ਆਪਣੇ ਪਵਿੱਤਰ ਚਰਨ ਪਾਏ ਸਨ ਉਸ ਨੂੰ ਬੜੇ ਹੀ ਸੁਚਾਰੂ ਤਰੀਕੇ ਨਾਲ ਬਿਆਨ ਕੀਤਾ ਹੈ । ਗੁਰੂ ਸਾਹਿਬ ਦੇ ਮਾਲਵੇ ਦੇ ਦੌਰਿਆਂ ਦਾ ਇਤਨਾ ਵਿਸਥਾਰ ਮੈਂ ਪਹਿਲਾਂ ਕਿਸੇ ਹੋਰ ਪੁਸਤਕ ਵਿਚ ਨਹੀਂ ਦੇਖਿਆ । ਡਾ. ਸੁਖਦਿਆਲ ਸਿੰਘ ਜੀ ਦਾ ਮੰਨਣਾ ਹੈ ਕਿ 1671 ਦੇ ਅਖੀਰ ਜਾਂ 1672 ਦੇ ਸ਼ੁਰੂ ਵਿੱਚ ਪੂਰਬ ਦੀ ਯਾਤਰਾ ਤੋਂ ਗੁਰੂ ਸਾਹਿਬ ਵਾਪਿਸ ਆ ਗਏ ਸਨ ਤੇ 1672 ਦੀ ਵਿਸਾਖੀ ਅਨੰਦਪੁਰ ਸਾਹਿਬ ਮਨਾਈ ਗਈ ਸੀ ਤੇ ਮਾਲਵੇ ਦੇ ਦੌਰੇ ਆਪ ਜੀ ਅਨੁਸਾਰ ਗੁਰੂ ਸਾਹਿਬ ਨੇ 1672-73 ਵਿੱਚ ਕੀਤੇ ਸਨ । ਆਪ ਜੀ ਅਨੁਸਾਰ ਇਨ੍ਹਾਂ ਦੌਰਿਆਂ ਨੂੰ ਨਾ ਹੀ ਮਾਲਵੇ ਦੇ ਦੌਰੇ ਕਿਹਾ ਜਾਣਾ ਠੀਕ ਹੈ ਤੇ ਨਾ ਹੀ ਇਕੱਲੇ ਪੁਆਧ ਜਾਂ ਬਾਂਗਰ ਦੇ । ਇਹ ਸਮੁੱਚੇ ਉਸ ਖੇਤਰ ਦੇ ਦੌਰੇ ਸਨ, ਜਿਹੜਾ ਸਤਲੁਜ ਤੋਂ ਲੈ ਕੇ ਜਮੁਨਾ ਦਰਿਆ ਤਕ ਫੈਲਿਆ ਹੋਇਆ ਸੀ । ਇਸ ਖੇਤਰ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਉਨ੍ਹਾਂ ਇਸ ਖੇਤਰ ਦਾ ਅਧਿਐਨ ਕੀਤਾ ਹੈ । ਉਹ ਇਸ ਪ੍ਰਕਾਰ ਹਨ :

1. ਪੁਆਧ : ਵਰਤਮਾਨ ਰੋਪੜ, ਪਟਿਆਲਾ, ਮੁਹਾਲੀ ਤੇ ਅੰਬਾਲਾ ਦਾ ਖੇਤਰ
2. ਹਰਿਆਣਾ : ਜਮੁਨਾ ਨਗਰ, ਜਗਾਧਰੀ, ਕਰਨਾਲ, ਪਾਣੀਪਤ, ਸੋਨੀਪਤ ਅਤੇ ਰੋਹਤਕ ।
3. ਬਾਂਗਰ : ਹਾਂਸੀ, ਹਿਸਾਰ, ਕੈਥਲ, ਜੀਂਦ, ਨਰਵਾਣਾ, ਟੋਹਾਣਾ, ਮੂਣਕ ਤੇ ਲਹਿਰਾਗਾਗਾ ।
4. ਮਾਲਵਾ : ਬਾਕੀ ਬੱਚਦਾ ਸਾਰਾ ਖੇਤਰ ਮਾਲਵਾ ਵਿੱਚ ਆਉਂਦਾ ਹੈ ।

ਇਨ੍ਹਾਂ ਕੁਝ-ਕੁਝ ਇਲਾਕਿਆਂ ਵਿਚ ਗੁਰ ਨਾਨਕ ਦੇਵ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਸਾਹਿਬ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਵੀ ਗਏ ਸਨ । ਪਰ ਜਿਤਨੇ ਵਿਸਥਾਰ ਰੂਪ ਅਤੇ ਜੱਥੇਬੰਧਕ ਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਇਹ ਦੌਰੇ ਕੀਤੇ ਸਨ ਉਸ ਤਰ੍ਹਾਂ ਕਿਸੇ ਹੋਰ ਗੁਰੂ ਨੇ ਨਹੀਂ ਕੀਤੇ । ਦੌਰਿਆਂ ਦੀ ਲੜੀ ਨੂੰ ਦੇਖ ਕੇ ਮਨੁੱਖੀ ਮੰਨ ਨੂੰ ਹੈਰਾਨੀ ਹੁੰਦੀ ਹੈ ਕਿ ਗੁਰੂ ਜੀ ਨੇ ਜਿਵੇਂ ਪਿੰਡ-ਪਿੰਡ ਫਿਰ ਕੇ ਰੋਹੀਆਂ, ਜੰਗਲਾਂ ਵਿੱਚੋਂ ਦੀ ਗੁਜਰ ਕੇ ਅਤੇ ਛੱਪੜਾਂ, ਢਾਬਾਂ ਦਾ ਪਾਣੀ ਪੀ-ਪੀ ਕੇ ਜਾਂ ਫਿਰ ਖੂਹਾਂ ਦੇ ਖਾਰੇ ਤੇ ਬਕਬਕੇ ਪਾਣੀ ਪੀ-ਪੀ ਕੇ ਇਹ ਦੌਰੇ ਕੀਤੇ ਸਨ ।

ਇਸ ਖਿੱਤੇ ਵਿੱਚ ਸਿਰਫ ਹਿੰਦੂ-ਸਿੱਖਾਂ ਦੀ ਹੀ ਅਬਾਦੀ ਨਹੀਂ ਸੀ ਸਗੋਂ ਮੁਸਲਮਾਨ ਅਬਾਦੀ ਵੀ ਬਰਾਬਰ ਦੀ ਸੀ । ਇਨ੍ਹਾਂ ਵਿੱਚ ਭੱਟੀ, ਪਚਾਧੇ, ਰੰਘੜ, ਸਰਵਰੀਏ ਅਤੇ ਸਰਹਿੰਦ ਦੇ ਨਕਸ਼ਬੰਦੀ ਲੋਕ ਸਨ, ਜਿਹੜੇ ਸਿੱਖਾਂ ਦੇ ਕੱਟੜ ਵਿਰੋਧੀ ਸਨ । ਇਨ੍ਹਾਂ ਦੁਆਰਾ ਕਈ ਪਿੰਡਾਂ ਵਿੱਚ ਗੁਰੂ ਜੀ ਨੂੰ ਰੋਕਿਆ-ਟੋਕਿਆ ਵੀ ਗਿਆ ਸੀ ਪਰ ਗੁਰੂ ਜੀ ਬਿਨ੍ਹਾਂ ਕਿਸੇ ਡਰ ਦੇ '**ਭੈ ਕਾਹੂ ਕਉ ਦੇਤ ਨਹਿ ਨਹਿ**

**ਭੈ ਮਾਨਤ ਆਨ ॥**' ਦਾ ਪ੍ਰਚਾਰ ਕਰ ਰਹੇ ਸਨ ਤੇ ਆਪਣੀ ਸੰਗਤ ਨੂੰ ਕਿਸੇ ਵੀ ਝਗੜੇ ਵਿਚ ਨਾ ਪੈਣ ਦੀ ਹਦਾਇਤ ਵੀ ਕਰਦੇ ਸਨ ਅਜੇ ਕਿ ਗੁਰੂ ਜੀ ਦੀ ਸੰਗਤ ਵਿੱਚ ਵੀ ਉਨ੍ਹਾਂ ਦੇ ਬਰਾਬਰ ਦੇ ਮਾਰ-ਖੋਰੇ ਜੱਟ ਸਨ ।

ਸਮੇਂ ਦੀ ਹਕੂਮਤ ਨਹੀਂ ਸੀ ਚਾਹੁੰਦੀ ਕਿ ਇਸਲਾਮੀ ਸਾਮਰਾਜ ਅੰਦਰ ਸਿਵਾਏ ਇਸਲਾਮ ਤੋਂ ਕਿਸੇ ਹੋਰ ਧਰਮ ਦਾ ਪ੍ਰਚਾਰ ਹੋਵੇ । ਨਾ ਹੀ ਨਕਸ਼ਬੰਦੀ (ਸਰਹਿੰਦੀ) ਸਿਲਸਿਲੇ ਅਤੇ ਸਰਵਰੀਏ ਹੀ ਇਹ ਚਾਹੁੰਦੇ ਸਨ । ਪਰ ਗੁਰੂ ਜੀ ਨੇ ਬਿਨ੍ਹਾਂ ਕਿਸੀ ਡਰ ਦੇ ਪੂਰੀ ਦ੍ਰਿੜ੍ਹਤਾ ਅਤੇ ਨਿਸਚੇ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਸੀ । ਡਾ. ਸੁਖਦਿਆਲ ਸਿੰਘ ਹਰਾਂ ਦਾ ਇਹ ਵਿਚਾਰ ਹੈ ਕਿ ਗੁਰੂ ਜੀ ਦੇ ਇਸ ਪ੍ਰਚਾਰ ਦੀਆਂ ਖੂਫੀਆ ਰਿਪੋਰਟਾਂ ਦੀ ਤਾਦਾਤ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਦਾ ਪ੍ਰਚਾਰ ਇਨਕਲਾਬੀ ਪੱਧਰ ਤੇ ਜਾਂ ਪਹੁੰਚਿਆ ਸੀ । ਇਤਨਾ ਪ੍ਰਚਾਰ ਇਸ ਤੋਂ ਪਹਿਲਾਂ ਨਾ ਪੰਜਾਬ ਅਤੇ ਨਾ ਹੀ ਹਿੰਦੁਸਤਾਨ ਦੇ ਕਿਸੇ ਹੋਰ ਹਿੱਸੇ ਵਿਚ ਹੀ ਹੋ ਸਕਿਆ ਸੀ । ਗੁਰੂ ਜੀ ਦੇ ਇਹ ਪ੍ਰਚਾਰ ਦੌਰੇ ਬੇਮਿਸਾਲ ਸਨ । ਇਸ ਖਿੱਤੇ ਵਿੱਚ ਜੱਟ ਕਬੀਲਿਆਂ ਦਾ ਵਸੇਬਾ ਸੀ ਜੋ ਪੂਰੇ ਮਾਰ-ਖੋਰੇ ਸਨ ।

ਮਾਲਵੇ ਅਤੇ ਬਾਂਗਰ ਵਿਚ ਰੋਜ਼ ਹੀ ਧਾੜਾ ਪੈਂਦੀਆਂ ਰਹਿੰਦੀਆਂ ਸਨ । ਧਾੜਾ ਪੈਣ ਦਾ ਮਤਲਬ ਹੈ ਜੰਗਲ ਰਾਜ (ਤਗੜੇ ਦਾ ਰਾਜ) ਇਹ ਸਾਰਾ ਇਲਾਕਾ ਰੁੱਖਾਂ ਤੇ ਬੀਆਬਾਨ ਸੀ । ਸਰਕਾਰ ਦੀ ਵੀ ਇਥੇ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਤੇ ਨਾ ਹੀ ਕਿਸੇ ਧਰਮ ਪ੍ਰਚਾਰਕ ਦੀ । ਇੱਥੋਂ ਦੇ ਲੋਕ ਅਸਭਿਅਕ ਤੇ ਅਰਧ ਜੰਗਲੀ ਸਨ । ਇਥੇ ਸਿਰਫ ਪਹਿਲਾਂ-ਪਹਿਲ ਬਾਬਾ ਫਰੀਦ ਜੀ ਨੇ ਧਰਮ ਪ੍ਰਚਾਰ ਕੀਤਾ ਸੀ ਤੇ ਫਿਰ ਗੁਰੂ ਨਾਨਕ ਦੇਵ ਜੀ ਨੇ ਪਰ ਸ਼ੇਖ ਫਰੀਦ ਜੀ ਦੇ ਪ੍ਰਚਾਰ ਨੂੰ ਲਗਾਤਾਰ ਚਾਲੂ ਨਹੀਂ ਰਖਿਆ ਗਿਆ ਤੇ ਨਾ ਹੀ ਉਨ੍ਹਾਂ ਦੀ ਕੋਈ ਜਥੇਬੰਧਕ ਸ਼ਕਤੀ ਸਥਾਪਤ ਹੋ ਸਕੀ ਸੀ । ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਨੂੰ ਬਕਾਇਦਾ ਰੂਪ ਵਿਚ ਨਾ ਹੀ ਸਿਰਫ ਜਾਰੀ ਰਖਿਆ ਗਿਆ ਸਗੋਂ ਸਿੱਖ ਸੰਗਤਾਂ ਦੇ ਰੂਪ ਵਿਚ ਜਥੇਬੰਧ ਵੀ ਕੀਤਾ ਗਿਆ ।

ਸਿੱਟੇ ਵਜੋਂ ਇੱਥੋਂ ਦੇ ਜੱਟ ਕਬੀਲੇ ਜਿਹੜੇ ਕਿ ਧਾੜਾ ਮਾਰਨ ਵਾਲੇ ਸਨ, ਸਿੱਖ ਸੰਗਤ ਦੇ ਰੂਪ ਵਿਚ ਜਥੇਬੰਦ ਹੋ ਗਏ ਸਨ । ਜਿਸ ਲਗਨ ਨਾਲ ਪਿੰਡ-ਪਿੰਡ, ਖੇਤ-ਖੇਤ ਅਤੇ ਰੁਖੀਆਂ ਰੋਹੀਆਂ ਵਿਚੋਂ ਹੀ ਫਿਰ-ਫਿਰ ਕੇ ਗੁਰੂ ਜੀ ਨੇ ਇਨ੍ਹਾਂ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ ਸੀ । ਉਨ੍ਹਾਂ ਨੇ ਇਥੋਂ ਦੇ ਸਮੂਹ ਜੱਟ ਕਬੀਲਿਆਂ ਨੂੰ ਇਕ ਜ਼ਬਰਦਸਤ ਜਥੇਬੰਧਕ ਸ਼ਕਤੀ ਬਣਾ ਦਿੱਤਾ ਸੀ । ਹਰ ਜੱਟ ਪਰਿਵਾਰ ਹਥਿਆਰਬੰਦ ਹੁੰਦਾ ਸੀ । ਹਰ ਜੱਟ ਪਰਿਵਾਰ ਕੋਲ ਘੋੜੇ ਤੇ ਊਠ ਹੁੰਦੇ ਸਨ । ਮਨੁੱਖੀ ਸ਼ਕਤੀ ਦਾ ਤਾਂ ਕੋਈ ਘਾਟਾ ਹੀ ਨਹੀਂ ਸੀ । ਇਸ ਲਈ ਧਾੜਾਂ ਮਾਰਨ ਵਾਲੇ ਜੱਟ ਧਾੜਾਂ ਵਾਲੇ ਪਾਸਿਉਂ ਮੂੰਹ ਮੋੜ ਕੇ ਆਪਣੇ ਗੁਰੂ ਨਾਲ ਹੀ ਘੋੜਿਆਂ ਤੇ ਊਠਾਂ ਉਪਰ ਸਵਾਰ ਹੋ ਕੇ ਤੁਰਨ-ਫਿਰਨ ਲੱਗ ਪਏ ਸਨ । ਇਤਨੀ ਲੋਕ ਸ਼ਕਤੀ ਉਹ ਵੀ ਹਥਿਆਰਬੰਦ ਅਤੇ ਘੋੜ-ਸਵਾਰ ਹੋਈ ਦੇਖ ਕੇ ਨਕਸ਼ਬੰਦੀਆਂ ਤੇ ਸਰਵਰੀਆਂ ਵੱਲੋਂ ਵਿਰੋਧਤਾ ਵੀ ਹੋਈ ਪਰ ਡਾ. ਸਾਹਿਬ ਕਹਿੰਦੇ ਹਨ ਕਿ ਇਕ ਗੱਲ ਨਿਸ਼ਚਿਤ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਪ੍ਰਚਾਰ ਇਕ ਦਮ ਸਫਲ ਸੀ ।

ਗੁਰੂ ਜੀ ਦੇ ਪ੍ਰਚਾਰ ਦੀ ਸਫਲਤਾ ਦੇ ਦੋ ਮੁੱਖ ਪੱਖ ਸਨ : ਇਕ ਘੋੜ-ਸਵਾਰ ਸੰਗਤਾਂ ਦੀ ਬਹੁਤਾਤ ਅਤੇ ਦੂਜਾ ਚੜ੍ਹਾਵੇ ਦਾ ਪੈਸਾ ਅਨਜਾਣ ਜਾਂ ਸ਼ਰਾਰਤੀ ਲੋਕਾਂ ਲਈ ਇਹ ਦੋਵੇਂ ਪੱਖ ਹੀ ਬਹੁਤ ਭੁਲੇਖਾ ਪਾਊ ਹੁੰਦੇ ਹਨ । ਇਸ ਲਈ ਜਿਹੜੇ ਸਰਕਾਰੀ ਰੂਪ ਵਿਚ ਖੂਫੀਆ ਰਿਪੋਰਟਾਂ ਭੇਜਣ ਵਾਲੇ ਸੂਹੀਏ ਹੁੰਦੇ ਸਨ ਉਨ੍ਹਾਂ ਦੀਆਂ ਰਿਪੋਟਾਂ ਉਪਰੋਕਤ ਦੋਹਾਂ ਪੱਖਾਂ ਨੂੰ ਆਪੋ-ਆਪਣੀ ਸ਼ਬਦਾਵਲੀ ਅਨੁਸਾਰ ਜ਼ਰੂਰ ਹੀ ਵਿਗਾੜ ਕੇ ਪੇਸ਼ ਕਰਦੀਆਂ ਸਨ । ਖੂਫੀਆ ਰਿਪੋਟਾਂ ਇਕ ਕਿਸਮ ਦੀ ਚੁਗਲੀ ਜਾਂ ਸ਼ਿਕਾਇਤ ਹੀ ਹੁੰਦੀ ਹੈ । ਚੁਗਲੀ ਜਾਂ ਸ਼ਿਕਾਇਕ ਗੱਲ ਨੂੰ ਵਿਗਾੜ ਕੇ ਪੇਸ਼ ਕਰਦੀ ਹੈ । ਇਸ ਤਰ੍ਹਾਂ ਦੀਆਂ ਸੂਚਨਾਵਾਂ ਕਦੇ ਵੀ ਚੰਗਾ ਪੱਖ ਦੱਸਣ ਵਾਲੀਆਂ ਨਹੀਂ ਹੁੰਦੀਆਂ । ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧਰਮ ਪ੍ਰਚਾਰ ਬਾਰੇ ਵੀ ਜੋ ਖੂਫੀਆ ਰਿਪੋਟਾਂ ਔਰੰਗਜ਼ੇਬ ਨੂੰ ਮਿਲੀਆਂ ਸਨ, ਉਹ ਉਨ੍ਹਾਂ ਦੇ ਮਿਸ਼ਨ ਨੂੰ ਵਿਗਾੜ ਕੇ ਹੀ ਪੇਸ਼ ਕਰਨ ਵਾਲੀਆਂ ਸਨ । ਉਸ ਵਿਗੜੇ ਹੋਏ ਰੂਪ ਨੂੰ ਮਿਸਾਲ ਵਜੋਂ ਮੁਨਸ਼ੀ ਗੁਲਾਮ ਹੁਸੈਨ ਦੀ ਲਿਖੀ ਗਈ ਆਪਣੀ ਲਿਖਤ ਮਿਆਰ-ਉਲ-ਮਤਖਾਰੀਨ ਤੋਂ ਸਮਝਿਆ ਜਾ ਸਕਦਾ ਹੈ ।

ਗੁਲਾਮ ਹੁਸੈਨ ਲਿਖਦਾ ਹੈ ਕਿ ਅੱਠਵੇਂ ਨਾਨਕ ਗੁਰੂ ਹਰਿਕ੍ਰਿਸ਼ਨ ਜੀ ਦੇ ਗੱਦੀ ਨਸ਼ੀਨ ਨੇ ਜਿਸ ਦਾ ਨਾਮ ਤੇਗ ਬਹਾਦਰ ਸੀ, ਉਸ ਨੇ ਬਹੁਤ ਸਾਰੇ ਪੈਰੋਕਾਰ ਪੈਦਾ ਕਰ ਲਏ ਸਨ ਤੇ ਬੜੀ ਤਾਕਤ ਦਾ ਮਾਲਕ ਬਣ ਗਿਆ ਸੀ । ਕਈ ਹਜ਼ਾਰ ਲੋਕ ਹਰ ਵਕਤ ਉਸ ਦੇ ਨਾਲ ਰਹਿੰਦੇ ਸਨ । ਉਸ ਦੇ ਇਕ ਸਮਕਾਲੀ ਫਕੀਰ, ਰਾਫਿਜ਼ ਆਦਮ ਨੇ ਵੀ ਜਿਹੜਾ ਸ਼ੇਖ ਅਹਿਮਦ ਸਰਹੱਦੀ ਦੇ ਸ਼ਰੀਕ ਦੀ ਢਾਣੀ ਵਿਚੋਂ ਸੀ ਆਪਣੇ ਦੁਆਲੇ ਮੁਰੀਦਾ ਤੇ ਨਾਮ ਲੇਵਾ ਦੀ ਚੌਥੀ ਭੀੜ ਇਕੱਠੀ ਕਰ ਲਈ ਹੋਈ ਸੀ । ਇਨ੍ਹਾਂ ਦੋਹਾਂ ਵਿਅਕਤੀਆਂ ਨੇ ਜ਼ੁਲਮ ਅਤੇ ਧੱਕੇ ਨਾਲ ਪੈਸੇ ਖੋਹਣ ਦਾ ਰਾਹ ਪਕੜਿਆ ਹੋਇਆ ਸੀ । ਦੋਵੇਂ ਪੰਜਾਬ ਦੇਸ਼ (ਮਾਲਵੇ) ਵਿਚ ਫਿਰਦੇ ਸਨ ਤੇਗ ਬਹਾਦਰ ਹਿੰਦੂਆਂ ਕੋਲੋਂ ਪੈਸੇ ਖੋਹੰਦਾ ਸੀ ਤੇ ਹਾਫਿਜ਼ ਆਦਮ ਮੁਸਲਮਾਨਾਂ ਪਾਸੋਂ ।

ਗੁਲਾਮ ਹੁਸੈਨ ਨੇ ਸ਼ਰਧਾਲੂਆਂ ਦੀ ਭੀੜ ਨੂੰ 'ਵੱਡੀ ਤਾਕਤ' ਦਾ ਮਾਲਕ ਬਣਿਆ ਲਿਖ ਦਿੱਤਾ ਹੈ ਅਤੇ ਚੜ੍ਹਾਵੇ (ਦਸਵੰਧ) ਨੂੰ 'ਜ਼ੁਲਮ ਤੇ ਧੱਕੇ' ਨਾਲ ਪੈਸੇ ਖੋਹਣਾ ਬਣਾ ਦਿੱਤਾ ਹੈ । ਇਸ ਇਕੋ ਤਰ੍ਹਾਂ ਦੇ ਦੋਸ਼ ਬਦਲੇ ਹਾਫਿਜ਼ ਆਦਮ ਨੂੰ ਤਾਂ ਦੇਸ਼ ਨਿਕਾਲਾ ਦਿੱਤਾ ਗਿਆ ਤੇ ਗੁਰੂ ਜੀ ਨੂੰ ਕਤਲ ਕਰ ਦੇਣ ਦਾ ਹੁਕਮ ਦਿੱਤਾ

ਗਿਆ । ਬਾਕੀ ਦਾ ਕਥਨ ਵੀ ਸਾਰਾ ਹੀ ਗਲਤ ਹੈ । ਗੁਰੂ ਜੀ ਨੂੰ ਅਗਰ ਚੜ੍ਹਾਵਾ ਚੜ੍ਹਦਾ ਸੀ ਤਾਂ ਉਹ ਸਾਰਾ ਲੋਕ ਭਲਾਈ ਲਈ ਖਰਚ ਕਰ ਦਿੱਤਾ ਜਾਂਦਾ ਸੀ । ਖਾਸ ਕਰਕੇ ਮਾਲਵੇ ਦੇਸ਼ ਵਿੱਚ ਜੋ ਇਲਾਕਾ ਬਹੁਤ ਪਛੜਿਆ ਹੋਇਆ ਸੀ ਜਿੱਥੇ ਦੀ ਜ਼ਮੀਨ ਵੀ ਉਪਜਾਊ ਨਹੀਂ ਸੀ । ਪੀਣ ਵਾਲਾ ਪਾਣੀ ਵੀ ਉਨ੍ਹਾਂ ਨੂੰ ਸਾਫ ਨਹੀਂ ਸੀ ਮਿਲਦਾ । ਮਾਲਵੇ ਵਿਚ ਦਿਲ ਖੋਲ੍ਹ ਕੇ ਗੁਰੂ ਸਾਹਿਬ ਲੋਕ ਭਲਾਈ ਤੇ ਪੁੰਨਦਾਨ ਤੇ ਖਰਚ ਕੀਤਾ । ਪਿੰਡ-ਪਿੰਡ ਖੂਹ ਲਵਾਏ, ਪੁਰਾਣੇ ਖੂਹ ਜਿਨ੍ਹਾਂ ਦਾ ਪਾਣੀ ਖਾਰਾ ਸੀ ਉਨ੍ਹਾਂ ਨੂੰ ਡੂੰਘਾ ਕਰਵਾਇਆ ਤਾਂ ਕਿ ਪਾਣੀ ਪੀਣਯੋਗ ਹੋ ਜਾਵੇ । ਇਕ ਪਿੰਡ ਵਿਖੇ ਤਾਂ ਉਨ੍ਹਾਂ ਨੇ 9 ਖੂਹ ਲਗਵਾ ਦਿੱਤੇ । ਬਣੀ ਬਦਰਪੁਰ ਵਿਖੇ ਉਨ੍ਹਾਂ ਥੈਲਾ ਭਰ ਕੇ ਮਾਇਆ ਦਾ ਦਿੱਤਾ ਤਾਂ ਕਿ ਉਹ ਉਸ ਪਿੰਡ ਦਾ ਵਿਕਾਸ ਕਰ ਸਕਣ । ਉਥੇ ਦਰਖ਼ਤ ਲਗਾਉਣ ਤੇ ਖੂਹ ਪੁੱਟਵਾਉਣ, ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ ਕਈ ਢਾਬਾ ਨੂੰ ਡੂੰਘਾ ਕਰਵਾਇਆ ਤਾਂ ਕਿ ਉਨ੍ਹਾਂ ਢਾਬਾ ਦਾ ਪਾਣੀ ਸਾਫ ਆਵੇ । ਉਨ੍ਹਾਂ ਕਈ ਸਰੋਵਰ ਪੁੱਟਵਾਏ ਤਾਂ ਕਿ ਲੋਕਾਂ ਨੂੰ ਪਾਣੀ ਦੀ ਕਮੀ ਨਾ ਰਹੇ ਤੇ ਉਹ ਸਾਫ-ਸੁਥਰੇ ਰਹਿਣ । ਉਨ੍ਹਾਂ ਨੂੰ ਇਸ਼ਨਾਨ ਕਰਨ ਲਈ ਤੇ ਖਾਣਾ ਬਨਾਉਣ ਲਈ ਸਾਫ-ਸੁਥਰਾ ਪਾਣੀ ਮਿਲ ਸਕੇ ।

ਜਿਨ੍ਹਾਂ ਪਿੰਡਾਂ ਵਿਚ ਲੋਕ ਬੀਮਾਰ ਸਨ ਜਾਂ ਮਹਾਮਾਰੀ ਨਾਲ ਪੀੜ੍ਹਤ ਸਨ ਗੁਰੂ ਜੀ ਨੇ ਆਪਣੇ ਕਾਫਿਲੇ ਦੇ ਵੈਦਾਂ ਤੇ ਹਕੀਮਾਂ ਤੋਂ ਉਨ੍ਹਾਂ ਦਾ ਇਲਾਜ ਕਰਵਾਇਆ ਤੇ ਉਨ੍ਹਾਂ ਨੂੰ ਸਫਾਈ ਰੱਖਣ ਲਈ ਖਾਸ ਕਰਕੇ ਸ਼ਰੀਰ ਦੀ ਸਫਾਈ ਲਈ ਹਰ ਰੋਜ਼ ਇਸ਼ਨਾਨ ਕਰਨ ਦੀ ਪ੍ਰੇਰਣਾ ਦਿੱਤੀ । ਬੀਮਾਰੀ ਦਾ ਘਰ ਤਮਾਕੂ ਸੇਵਨ ਦੀ ਸਖਤ ਮਨਾਹੀ ਕੀਤੀ ਜਿਸ ਨਾਲ ਬਿਨ੍ਹਾਂ ਕਿਸੇ ਦਵਾਦਾਰੂ ਦੇ ਉਨ੍ਹਾਂ ਦੀਆਂ ਬਹੁਤੀਆਂ ਬੀਮਾਰੀਆਂ ਦੂਰ ਹੋ ਗਈਆਂ ਸਨ । ਇਸ ਤਰ੍ਹਾਂ ਦੀ ਸ਼ਖ਼ਸੀਅਤ ਦੇ ਮਾਲਕ ਗੁਰੂ ਜੀ ਨੂੰ ਅਗਰ ਕੋਈ ਲੁਟੇਰਾ ਕਹੇ ਤਾਂ ਕੀ ਇਹ ਗੱਲ ਮੰਨੀ ਜਾ ਸਕਦੀ ਹੈ ? ਗੁਰੂ ਜੀ ਦੀ ਸਮੁੱਚੀ ਬਾਣੀ, ਉਨ੍ਹਾਂ ਦਾ ਤਿਆਗੀ ਅਤੇ ਤਪੱਸਵੀ ਜੀਵਨ ਅਤੇ ਤਿੰਨ ਕੱਪੜਿਆਂ ਤੋਂ ਬਿਨ੍ਹਾਂ ਸਭ ਕੁਝ ਗਰੀਬ ਗੁਰਬੇ ਨੂੰ ਲੁਟਾ ਦੇਣ ਵਾਲਾ ਪਰਉਪਕਾਰੀ ਸੁਭਾਅ ਇਹ ਸਭ ਗੱਲਾਂ ਦੱਸਦੀਆਂ ਹਨ ਕਿ ਗੁਰੂ ਜੀ ਲੁੱਟਣ ਵਾਲੇ ਨਾਲੋਂ ਲੁੱਟੇ ਜਾਣ ਵਿੱਚ ਤੇ ਕਤਲ ਕਰਨ ਨਾਲੋਂ ਕਤਲ ਹੋਣ ਵਿੱਚ ਵਧੇਰੇ ਵਡਿਆਈ ਸਮਝਦੇ ਸਨ । ਫਿਰ ਹਾਫਿਜ਼ ਆਦਮ ਦਾ ਗੁਰੂ ਜੀ ਦਾ ਸਮਕਾਲੀ ਵੀ ਨਹੀਂ ਸੀ ਉਸ ਨੂੰ ਤਾਂ 1632 ਵਿਚ ਸ਼ਾਹਜਹਾਨ ਨੇ ਮੱਕੇ ਭੇਜ ਦਿੱਤਾ ਸੀ ਤੇ ਉਥੇ ਹੀ ਉਸ ਦੀ ਮੌਤ ਹੋ ਗਈ ਸੀ । ਉਸ ਦੀ ਕਬਰ ਵੀ ਮੱਕੇ ਵਿਖੇ ਹੀ ਹੈ ।

ਅਸਲ ਵਿਚ ਸਾਰਾ ਭੁਲੇਖਾ ਹਥਿਆਰਬੰਦ ਅਤੇ ਘੋੜ-ਸਵਾਰ ਸਿੱਖਾਂ ਤੋਂ ਹੀ ਪੈਂਦਾ ਹੈ । ਇਨ੍ਹਾਂ ਵਿਚ ਕੋਈ ਫੌਜੀ ਨਹੀਂ ਸੀ ਤੇ ਨਾ ਹੀ ਕੋਈ ਸਰਕਾਰ ਦਾ ਬਾਗੀ ਹੋਇਆ ਜਰਨੈਲ ਦਾ ਕਰਨੈਲ ਸੀ । ਸਭ ਤੋਂ ਵੱਡੀ ਗੱਲ ਆਪ ਜੀ ਦਾ ਸੈਨਿਕ ਕੰਮ ਕਰਨ ਦਾ ਕੋਈ ਮਿਸ਼ਨ ਹੀ ਨਹੀਂ ਸੀ ਉਨ੍ਹਾਂ ਦਾ ਮੁੱਖ ਕੰਮ ਤਾਂ ਧਰਮ ਪ੍ਰਚਾਰ ਸੀ, ਉਹ ਵੀ ਸ਼ਾਂਤਮਈ ਤਰੀਕੇ ਨਾਲ । ਗੁਰੂ ਜੀ ਪਾਸ ਆਪਣੇ 2000 ਸਵਾਰ, ਗੁਰੂ ਹਰਿਰਾਇ ਸਾਹਿਬ ਦੇ ਵਕਤ ਦੇ ਸਨ ਪਰ ਉਹ ਸਿਰਫ ਸਵੈ-ਰੱਖਿਆ ਲਈ ਸਨ ਨਾ ਕਿ ਕੋਈ ਸੈਨਾ ਮਾਰਨ ਜਾਂ ਲੜਾਈ-ਝਗੜੇ ਲਈ ਜਾਂ ਕਿਸੀ ਰਾਜਨੀਤਕ ਉਦੇਸ਼ ਲਈ ।

ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਗੁਰੂ ਜੀ ਦੇ ਸਤਲੁਜ-ਜਮਨਾ ਵਿਚਲੇ ਵਿਸ਼ਾਲ ਖੇਤਰ ਦੇ ਦੌਰੇ ਆਪਣੇ-ਆਪ ਵਿੱਚ ਇਕ ਇਨਕਲਾਬ ਦੀ ਤਰ੍ਹਾਂ ਸਨ । ਮੁਸਲਮਾਨ ਲੇਖਕਾਂ ਨੇ ਇਨ੍ਹਾਂ ਦੌਰਿਆਂ ਦੀਆਂ ਪ੍ਰਾਪਤੀਆਂ ਨੂੰ ਵਿਗਾੜ ਕੇ ਪੇਸ਼ ਕੀਤਾ ਹੈ । ਪਰ ਇਕ ਗੱਲ ਪੱਕੀ ਹੈ ਕਿ ਜਿਸ ਤੀਬਰਤਾ ਅਤੇ ਪਰਚੰਡਤਾ ਨਾਲ ਗੁਰੂ ਜੀ ਨੇ ਇਹ ਦੌਰੇ ਕੀਤੇ ਸਨ, ਉਸ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਅਤੇ ਹੋਰ ਇਸਲਾਮੀ ਤਾਕਤਾਂ ਨੂੰ ਬੇਚੈਨ ਜ਼ਰੂਰ ਕਰ ਦਿੱਤਾ ਸੀ । ਇਸੇ ਪ੍ਰਚਾਰ ਦਾ ਸਿੱਟਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਹ ਸਾਰਾ ਇਲਾਕਾ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕਾ ਸੀ ਜਾਂ ਸਿੱਖਾਂ ਦਾ ਹਮਦਰਦ ਬਣ ਬੈਠਾ ਸੀ । ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਦੀ ਸਫਲ ਲੜਾਈ ਇਸ ਦਾ ਪ੍ਰਤੱਖ ਪ੍ਰਮਾਣ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਜੰਗਨਾਮੇ ਨੇ ਤਾਂ ਇਸ ਪ੍ਰਮਾਣ ਉਪਰ ਮੋਹਰ ਲਗਾ ਦਿੱਤੀ ਸੀ ਜਦੋਂ ਉਹ ਔਰੰਗਜ਼ੇਬ ਨੂੰ ਲਲਕਾਰ ਕੇ ਲਿਖਦੇ ਹਨ । ਤੂੰ ਦੱਖਣ ਦੇ ਪਹਾੜਾਂ ਨੂੰ ਸਰ ਕਰਨ ਵਿੱਚ ਅਸਫਲ ਰਿਹਾ ਹੈਂ ਤੇ ਮੇਵਾੜ ਨੂੰ ਵੀ ਸਰ ਨਹੀਂ ਕਰ ਸਕਿਆ ਇਸ ਲਈ ਹੁਣ ਤੇਰੀ ਨਿਗਾਹ ਇਧਰ ਪੰਜਾਬ ਤੇ ਹੈ । ਤੂੰ ਸਮਝਦਾ ਹੈਂ ਕਿ ਤੇਰੀਆਂ ਉਧਰ ਦੀਆਂ ਅਸਫਲਤਾਵਾਂ ਇਧਰ ਜਿੱਤ ਵਿੱਚ ਬਦਲ ਜਾਣਗੀਆਂ, ਪਰ ਤੂੰ ਯਾਦ ਰੱਖੀਂ ਮੈਂ ਤੇਰੇ ਘੋੜਿਆਂ ਦੇ ਸੁਮਾਂ ਥੱਲੇ ਅੱਗ ਦੇ ਐਸੇ ਅੰਗਿਆਰ ਵਿਛਾ ਦੇਵਾਂਗਾ ਕਿ ਤੈਨੂੰ ਪੰਜਾਬ ਵਿਚੋਂ ਪਾਣੀ ਦਾ ਘੁੱਟ ਵੀ ਨਹੀਂ ਪੀਣ ਦਿਆਂਗਾ ।

ਗੁਰੂ ਗੋਬਿੰਦ ਸਿੰਘ ਜੀ ਦੀ ਇਸ ਲਲਕਾਰ ਪਿੱਛੇ ਗੁਰੂ ਤੇਗ ਬਹਾਦਰ ਜੀ ਦਾ ਉਹ ਧਰਮ ਪ੍ਰਚਾਰ ਹੀ ਬੋਲ ਰਿਹਾ ਸੀ ਜਿਹੜਾ ਉਨ੍ਹਾਂ ਨੇ ਇਸ ਖੇਤਰ ਦੇ ਪਿੰਡ-ਪਿੰਡ ਵਿਚ ਫਿਰ ਕੇ ਕੀਤਾ ਸੀ । ਇਸੇ ਵਿਸ਼ਾਲ ਖੇਤਰ ਵਿਚ ਹੀ ਪਿੱਛੋਂ ਮੁਗਲ ਹਕੂਮਤ ਨੂੰ ਉਲਟ ਕੇ ਸਿੱਖ ਮਿਸਲਾਂ ਅਤੇ ਸਿੱਖ ਰਿਆਸਤਾਂ ਬਣੀਆਂ ਸਨ । ਇਨ੍ਹਾਂ ਮਿਸਲਾਂ ਅਤੇ ਰਿਆਸਤਾਂ ਨੇ ਕਈ ਵਾਰ ਦਿੱਲੀ ਨੂੰ ਜਿੱਤਿਆ ਸੀ ।

ਡਾ. ਸੁਖਦਿਆਲ ਸਿੰਘ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਹੋਈ ਗ੍ਰਿਫਤਾਰੀ ਮਲਿਕਪੁਰ ਰੰਘੜਾ ਤੋਂ ਹੋਈ ਠੀਕ ਮੰਨਦੇ ਹਨ । ਪਰ ਉਹ ਇਸ ਦਾ ਸਰੋਤ ਭੱਟ ਵਹੀਆ ਨਹੀਂ ਸਗੋਂ ਕੇਸਰ ਸਿੰਘ ਛਿੱਬਰ ਦਾ ਬੰਸਾਵਲੀ ਨਾਮਾ ਦੱਸਦੇ ਹਨ । ਆਪ ਜੀ ਇਸ ਗੱਲ ਤੋਂ ਪੂਰੀ ਤਰ੍ਹਾਂ ਇਨਕਾਰੀ ਹਨ ਕਿ ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕੀਤਾ ਗਿਆ । ਮਲਿਕਪੁਰ ਰੰਘੜਾ ਵਿਖੇ ਸਿੱਖ ਜੱਟਾਂ ਤੇ

ਰੰਘੜਾਂ ਦਾ ਝਗੜਾ ਵੀ ਹੋਇਆ ਸੀ ਪਰ ਕਿਉਂਕਿ ਰੰਘੜ ਗਿਣਤੀ ਵਿਚ ਬਹੁਤ ਸਨ ਤੇ ਸਿੱਖ ਬਹੁਤ ਘੱਟ ਇਸ ਲਈ ਸਿੱਖ ਗੁਰੂ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰੀ ਤੋਂ ਬਚਾ ਨਾ ਸਕੇ । ਆਪ ਜੀ ਨੂੰ ਤਿੰਨਾਂ ਸਿੱਖਾਂ ਨਾਲ ਪਹਿਲਾਂ ਰੋਪੜ ਦੀ ਕੋਤਵਾਲੀ ਤੇ ਫਿਰ ਸਰਹਿੰਦ ਲਿਆਂਦਾ ਗਿਆ । ਸਰਹਿੰਦ ਵਿਖੇ ਗ੍ਰਿਫਤਾਰੀ ਦੀ ਪੂਰੀ ਤਫਸ਼ੀਲ ਤਿਆਰ ਕਰਕੇ ਬੱਸੀ ਪਠਾਣਾ ਦੀ ਜੇਲ੍ਹ ਵਿਚ ਚਾਰ ਮਹੀਨਿਆਂ ਤਕ ਕੈਦ ਰਖਿਆ ਗਿਆ । ਬੱਸੀ ਪਠਾਣਾ ਤੋਂ ਆਪ ਜੀ ਨੂੰ ਦਿੱਲੀ ਲਿਆਂਦਾ ਗਿਆ ਜਿੱਥੇ ਔਰੰਗਜ਼ੇਬ ਦੇ ਹੁਕਮ ਨਾਲ ਪਹਿਲਾ ਆਪ ਜੀ ਦੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਤੇ ਫਿਰ ਆਪ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ਗਿਆ ।

ਸ਼ਹਾਦਤ ਤੋਂ ਇਕ ਦਮ ਬਾਅਦ ਡਾ. ਸੁਖਦਿਆਲ ਸਿੰਘ ਜੀ ਲਿਖਦੇ ਹਨ ਕਿ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੇ ਵਣਜਾਰੇ ਸਾਥੀ ਭਾਈ ਜੈਤਾ ਜੀ ਵਗੈਰਾ ਸੂਰਬੀਰ ਸਿੰਘ ਬਾਲ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਮੁਤਾਬਕ ਹੀ ਦਿੱਲੀ ਪਹੁੰਚੇ ਹੋਏ ਸਨ ਜਿਹੜੇ ਕਿ ਆਪਣੀ-ਆਪਣੀ ਯੁੱਧ ਨੀਤੀ ਨਾਲ ਚਾਂਦਨੀ ਚੌਂਕ ਵਿਖੇ ਤਾਇਨਾਤ ਸਨ । ਆਪ ਜੀ ਨੂੰ ਬਾਲ ਗੁਰੂ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੁਕਮ ਸੀ ਕਿ ਜਿਉਂ ਹੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਜਾਵੇਗਾ ਤਾਂ ਤੁਰੰਤ ਹੀ ਹੱਲਾ ਬੋਲ ਕੇ ਗੁਰੂ ਜੀ ਦੇ ਪਾਵਨ ਸੀਸ ਅਤੇ ਸਰੀਰ ਨੂੰ ਚੁੱਕ ਲੈਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੇ ਪਾਵਨ ਸਰੀਰ ਨੂੰ ਕਿਸੇ ਤਰ੍ਹਾਂ ਪਲੀਤ ਨਾ ਕੀਤਾ ਜਾ ਸਕੇ । ਇਸ ਲਈ ਜਿਉਂ ਹੀ ਗੁਰੂ ਤੇਗ ਬਹਾਦਰ ਜੀ ਨੂੰ ਜੱਲਾਦ ਨੇ ਸ਼ਹੀਦ ਕੀਤਾ ਤਾਂ ਉਥੇ ਭੀੜ ਵਿਚ ਖੜੇ ਸਿੱਖਾਂ ਨੇ ਤੁਰੰਤ ਹੱਲਾ ਬੋਲ ਦਿੱਤਾ । ਹੱਲਾ ਬੋਲਣ ਵਾਲੇ ਸਰਕਾਰੀ ਅਧਿਕਾਰੀਆਂ ਨਾਲ ਹੱਥੋਂ-ਪਾਈ ਹੋ ਪਏ ਅਤੇ ਲੱਖੀ ਸ਼ਾਹ ਵਣਜਾਰੇ ਦੇ ਸਾਥੀ ਆਪੋ-ਆਪਣੇ ਟਾਂਡੇ ਲੈ ਕੇ ਪਹੁੰਚ ਗਏ ਸਨ । ਇਸ ਹੱਥੋ-ਪਾਈ ਵਿਚ ਕਈ ਵਿਅਕਤੀ ਮਾਰੇ ਗਏ ਸਨ ਤੇ ਸਿੱਖ ਆਪਣੇ ਸ਼ਹੀਦ ਗੁਰੂ ਦਾ ਸੀਸ ਤੇ ਸਰੀਰ ਚੁੱਕ ਕੇ ਲੈ ਗਏ ਸਨ ।

ਸੀਸ ਨੂੰ ਭਾਈ ਜੈਤਾ ਜੀ, ਭਾਈ ਨਾਨੂ ਜੀ ਅਤੇ ਭਾਈ ਉਦਾ ਰਠੌਰ ਜੀ ਚੁੱਕ ਕੇ ਦਿੱਲੀ ਤੋਂ ਬਾਹਰ ਨਿਕਲ ਗਏ ਤੇ ਪਾਵਨ ਸਰੀਰ ਨੂੰ ਭਾਈ ਲੱਖੀ ਸ਼ਾਹ ਜੀ ਲੈ ਕੇ ਰਕਾਬ ਗੰਜ ਵਾਲੀ (ਥਾਂ) ਬਸਤੀ (ਰਾਇਸੀਨਾ) ਵਿੱਚ ਪਹੁੰਚ ਗਏ ਸਨ । ਜਿੱਥੇ ਉਨ੍ਹਾਂ ਨੇ ਆਪਣੇ ਘਰ ਵਿਚ ਹੀ ਅੰਗੀਠਾ ਬਣਾ ਕੇ ਗੁਰੂ ਜੀ ਦੇ ਪਾਵਨ ਸਰੀਰ ਦਾ ਸਸਕਾਰ ਕਰ ਦਿੱਤਾ । ਉਸ ਸਥਾਨ ਤੇ ਅੱਜਕਲ੍ਹ ਗੁਰਦੁਆਰਾ ਰਕਾਬ ਗੰਜ ਸਾਹਿਬ ਸਸ਼ੋਭਿਤ ਹੈ । ਜਿੱਥੇ ਆਪ ਜੀ ਨੂੰ ਸ਼ਹੀਦ ਕੀਤਾ ਸੀ ਉਥੇ ਗੁਰਦੁਆਰਾ ਸੀਸ ਗੰਜ ਸਾਹਿਬ ਤੇ ਅਨੰਦਪੁਰ ਸਾਹਿਬ ਜਿੱਥੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ ਉਥੇ ਵੀ ਗੁਰਦੁਆਰਾ ਸੀਸ ਗੰਜ ਸਾਹਿਬ ਸਸ਼ੋਭਿਤ ਹੈ ।

'ਇਤਿਹਾਸ ਤੇ ਵਿਚਾਰਧਾਰਾ' ਚੈਪਟਰ ਵਿਖੇ ਡਾ. ਸਾਹਿਬ ਨੇ ਇਕ ਕਿਸਮ ਨਾਲ ਸਾਰੀ ਪੁਸਤਕ ਦਾ ਸਾਰਾਂਸ਼ ਦੇ ਦਿੱਤਾ ਹੈ । ਗੁਰੂ ਸਾਹਿਬ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ, ਉਹ (59 ਸ਼ਬਦ ਤੇ 57 ਸਲੋਕ) ਉਹ ਇਤਿਹਾਸ ਦਾ ਪਰਿਮਾਣਿਕ ਸਰੋਤ ਹੈ । ਆਪ ਜੀ ਲਿਖਦੇ ਹਨ ਕਿ ਇਤਿਹਾਸ ਕੀਤੇ ਗਏ ਕੰਮਾਂ ਨੂੰ ਵਰਨਣ ਕਰਦਾ ਹੈ ਤੇ ਵਿਚਾਰਧਾਰਾ ਪ੍ਰਚਾਰੇ ਗਏ ਵਿਚਾਰਾਂ ਨੂੰ ਦਰਸਾਉਂਦੀ ਹੈ । ਜਦੋਂ ਇਤਿਹਾਸ ਅਤੇ ਵਿਚਾਰਧਾਰਾ ਵਿਚ ਸੁਮੇਲਤਾ ਨਹੀਂ ਹੁੰਦੀ ਤਾਂ ਸਮਝੋ ਕਿ ਜਾਂ ਤਾਂ ਕੀਤੇ ਕੰਮਾਂ ਦਾ ਵੇਰਵਾ ਹੀ ਠੀਕ ਨਹੀਂ ਤੇ ਜਾਂ ਵਿਚਾਰਧਾਰਾ ਦਰੁੱਸਤ ਨਹੀਂ ਹੈ । ਇਸ ਤਰ੍ਹਾਂ ਇਤਿਹਾਸ ਤੇ ਵਿਚਾਰਧਾਰਾ ਇਕ-ਦੂਜੇ ਦੇ ਪੂਰਕ ਹੁੰਦੇ ਹਨ । ਦੋਹਾਂ ਦੀ ਸੁਮੇਲਤਾ ਬਹੁਤ ਜ਼ਰੂਰੀ ਹੈ । ਇਤਿਹਾਸ ਤੇ ਵਿਚਾਰਧਾਰਾ ਵਿਚਲੀ ਸੁਮੇਲਤਾ ਹੀ ਅਸਲੀਅਤ (ਸੱਚ) ਦੀ ਪ੍ਰਤੀਕ ਹੁੰਦੀ ਹੈ । ਆਪ ਜੀ ਦੀ ਬਾਣੀ ਮਨੁੱਖੀ ਜੀਵਨ ਤੇ ਸੱਚ ਨੂੰ ਬਿਆਨ ਕਰਦੀ ਹੈ । ਗੁਰੂ ਜੀ ਦੇ ਜੀਵਨ ਦਾ ਅੰਤਮ ਸੱਚ ਉਨ੍ਹਾਂ ਦੀ ਸ਼ਹਾਦਤ ਹੈ । ਉਨ੍ਹਾਂ ਦੀ ਸ਼ਹਾਦਤ ਹੀ ਉਨ੍ਹਾਂ ਦੇ ਅਸਲੀ ਜੀਵਨ ਦੇ ਸੱਚ ਨੂੰ ਬਿਆਨ ਕਰਦੀ ਹੈ । ਅਗਰ ਉਨ੍ਹਾਂ ਇਹ ਕਿਹਾ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
**ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥੫॥**

ਜਾਂ

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ ॥੪੯॥**

ਤਾਂ ਸੱਚ-ਮੁੱਚ ਹੀ ਉਨ੍ਹਾਂ ਇਸ ਸਰੀਰ ਨੂੰ ਠੀਕਰੇ ਦੀ ਤਰ੍ਹਾਂ ਔਰੰਗਜ਼ੇਬ ਦੇ ਸਿਰ ਤੋੜ ਦਿੱਤਾ ਤੇ ਦੱਸ ਦਿੱਤਾ ਕਿ ਉਹ ਕਥਨੀ ਤੇ ਕਰਨੀ ਦੇ ਪੂਰੇ ਹਨ । ਆਪਣੀ ਸ਼ਰਤਾਂ ਦੇ 11 ਸਾਲਾਂ ਵਿਚ ਗੁਰੂ ਜੀ 8 ਸਾਲਾਂ ਤਕ ਫਿਰ-ਫਿਰ ਕੇ ਧਰਮ ਪ੍ਰਚਾਰ ਕਰਦੇ ਰਹੇ ਸਨ ਤੇ ਲੋਕਾਂ ਨੂੰ ਇਹ ਉਪਦੇਸ਼ ਦੇ ਰਹੇ ਸਨ 'ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ' ਕਿਉਂਕਿ ਲੋਕ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਡਰੇ ਹੋਏ ਸਨ ।

ਉਨ੍ਹਾਂ ਆਪਣੇ ਪ੍ਰਚਾਰ ਦੌਰੇ ਵੀ ਉਸ ਵਕਤ ਕੀਤੇ ਜਦੋਂ ਔਰੰਗਜ਼ੇਬ ਨੇ ਆਪਣੀ ਧਾਰਮਕ ਨੀਤੀ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਸੀ । ਬੜੇ-ਬੜੇ ਮੰਦਰ ਨੂੰ ਢਾਹੁਣ ਦੇ ਹੁਕਮ ਹੋ ਗਏ ਸਨ । ਸਿੱਖਾਂ ਦੇ ਗੁਰਦੁਆਰਿਆਂ ਨੂੰ ਵੀ ਛੱਡਿਆ ਨਹੀਂ ਜਾ ਰਿਹਾ ਸੀ । ਮਥੁਰਾ ਦਾ ਕੇਸ਼ਵ ਰਾਓ ਮੰਦਰ ਤੋੜ ਕੇ ਮਸੀਤ ਉਸਾਰੀ ਗਈ ਤੇ ਸ਼ਹਿਰ ਦਾ ਨਾਮ ਬਦਲ ਕੇ ਇਸਲਾਮਾਬਾਦ ਰੱਖ ਦਿੱਤਾ ਗਿਆ ਸੀ । ਬਨਾਰਸ ਵਿਖੇ ਵਿਸ਼ਵਨਾਥ ਮੰਦਰ ਢਾਹ-ਢੇਰੀ ਕਰਕੇ ਮਸਜਿਦ ਬਣਾਈ ਗਈ । ਇਸੇ ਤਰ੍ਹਾਂ ਪ੍ਰਯਾਗ ਤੇ ਅਯੁੱਧਿਆ ਦੇ ਮੰਦਰ ਵੀ ਸੁਰੱਖਿਅਤ ਨਾ ਰਹਿ ਸਕੇ ਤੇ ਗੁਜਰਾਤ ਵਿਖੇ ਸੋਮਨਾਥ ਦਾ ਪੁਰਾਤਨ ਮੰਦਰ ਵੀ ਢਾਹ ਦਿੱਤਾ ਗਿਆ । ਮੰਦਰ ਤਾਂ ਬਹੁਤ ਢਾਹੇ ਗਏ ਸਨ ਪਰ ਇਹ ਕੁਝ ਵੱਡੇ ਮੰਦਰ ਸਨ ਜਿਨ੍ਹਾਂ ਨੂੰ ਵੀ ਔਰੰਗਜ਼ੇਬ ਦੇ

ਹੁਕਮ ਨਾਲ ਢਾਹ-ਢੇਰੀ ਕਰ ਦਿੱਤਾ ਗਿਆ । ਗੁਰੂ ਤੇਗ ਬਹਾਦਰ ਸਾਹਿਬ ਉਸ ਵਕਤ ਹਿੰਦੂ ਅਸਥਾਨਾਂ ਤੇ ਗਏ ਜਦੋਂ ਮੰਦਰ ਤੋੜੇ ਜਾ ਰਹੇ ਸਨ ।

ਇਹੀ ਕਾਰਨ ਹੈ ਕਿ ਗੁਰੂ ਜੀ ਜਿਹੜੇ ਵੀ ਤੀਰਥ ਅਸਥਾਨ ਤੇ ਜਾਂਦੇ ਸਨ ਉਥੇ ਸਾਰਾ ਸਥਾਨਕ ਹਿੰਦੂ ਜਗਤ ਇਕੱਠਾ ਹੋ ਜਾਂਦਾ ਸੀ । ਇਨ੍ਹਾਂ ਮੰਦਰਾਂ ਦੇ ਪੰਡਿਤਾਂ ਤੇ ਬ੍ਰਾਹਮਣਾਂ ਨੂੰ ਗੁਰੂ ਜੀ ਦੇ ਪ੍ਰਚਾਰ ਵਿਚ ਹਿੰਦੂ ਧਰਮ ਦਾ ਪ੍ਰਚਾਰ ਹੀ ਦਿਖਾਈ ਪੈਂਦਾ ਸੀ । ਪੂਰਬੀ ਭਾਰਤੀ ਰਾਜਾਂ ਦੇ ਸਾਰੇ ਸਥਾਨਕ ਹਿੰਦੂ ਰਾਜੇ ਗੁਰੂ ਜੀ ਨੂੰ ਆਪਣੀ-ਆਪਣੀ ਰਿਆਸਤ ਦੇ ਦੌਰੇ ਆਪ ਨਾਲ ਜਾ-ਜਾ ਕੇ ਕਰਵਾਉਂਦੇ ਸਨ । ਇਸ ਦਾ ਜ਼ਿਕਰ ਉਨ੍ਹਾਂ ਦੇ ਹੁਕਮਨਾਮਿਆਂ ਵਿਚ ਵੀ ਆਉਂਦਾ ਹੈ । ਰਾਜਾ ਰਾਮ ਰਾਇ ਆਪਣੀ ਰਿਆਸਤ ਜੋ ਕੂਚ-ਬਿਹਾਰ ਵਿਚ ਸੀ ਉਹ ਧੂਬੜੀ ਤੋਂ ਆਪ ਗੁਰੂ ਜੀ ਨੂੰ ਆਪਣੀ ਰਿਆਸਤ ਦੇ ਦੌਰੇ ਲਈ ਲੈ ਕੇ ਗਿਆ ਸੀ । ਅਹੋਮ ਰਾਜਾ ਚਕਰਧ੍ਰਜ ਵੀ ਗੁਰੂ ਜੀ ਨੂੰ ਧੂਬੜੀ ਵਿਖੇ ਮਿਲਣ ਆਇਆ ਤੇ ਆਪਣੀ ਰਿਆਸਤ ਵਿਚ ਲੈ ਕੇ ਗਿਆ ਸੀ ।

ਇਸ ਵਕਤ ਕੇਵਲ ਤੇ ਕੇਵਲ ਗੁਰੂ ਤੇਗ ਬਹਾਦਰ ਹੀ ਸਨ ਜਿਹੜੇ ਹਿੰਦੂ ਲੋਕਾਂ ਨੂੰ ਧੀਰਜ ਵੀ ਦੇ ਰਹੇ ਸਨ ਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨ ਲਈ ਨਿਰਭਓ ਤੇ ਨਿਰਵੈਰ ਹੋਣ ਦਾ ਪ੍ਰਚਾਰ ਵੀ ਕਰ ਰਹੇ ਸਨ । ਸਿਰ ਨੂੰ ਤਲੀ ਤੇ ਰੱਖਣਾ, ਜ਼ੁਲਮ ਦੇ ਖਿਲਾਫ ਲੜਨਾ ਇਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤਕ ਸਿੱਖਾਂ ਨੂੰ ਸਿਖਾਇਆ ਜਾਂਦਾ ਸੀ । ਇਹੀ ਕਾਰਨ ਹੈ ਕਿ ਹਿੰਦੂ ਗੁਰੂ ਤੇਗ ਬਹਾਦਰ ਨੂੰ ਆਪਣਾ ਮਹਾਂਨਾਇਕ ਸਮਝਣ ਲੱਗ ਪਏ ਸਨ ਤੇ ਜਦੋਂ ਕਸ਼ਮੀਰ ਦੇ ਬ੍ਰਾਹਮਣਾ ਨੂੰ ਧਰਮ ਬਦਲੀ ਕਰਨ ਲਈ ਕਿਹਾ ਗਿਆ ਤਾਂ ਉਹ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਆਏ ਉਨ੍ਹਾਂ ਨੂੰ ਹੋਰ ਕੋਈ ਉਨ੍ਹਾਂ ਦੇ ਬਚਾਅ ਵਾਸਤੇ ਦਿਖਾਈ ਨਾ ਦਿੱਤਾ । ਉਹ ਨਾ ਸ਼ਿਵਾਜੀ ਪਾਸ ਗਏ ਤੇ ਨਾ ਹੀ ਕਿਸੇ ਹੋਰ ਰਾਜਪੂਤ ਰਾਜਾ ਪਾਸ । ਉਨ੍ਹਾਂ ਨੂੰ ਇਸ ਭਿਆਨਕ ਸਮੇਂ ਵਿਚ ਉਨ੍ਹਾਂ ਦਾ ਮਦਦਗਾਰ, ਉਨ੍ਹਾਂ ਦੇ ਹੱਕਾਂ ਲਈ ਆਪਣੀ ਜਾਨ ਦੇਣ ਵਾਲਾ ਸਿਰਫ ਤੇ ਸਿਰਫ ਗੁਰੂ ਤੇਗ ਬਹਾਦਰ ਸਾਹਿਬ ਹੀ ਦਿਖਾਈ ਦਿੱਤੇ ਤੇ ਆਪ ਜੀ ਨੇ ਉਨ੍ਹਾਂ ਦੀ ਬਾਂਹ ਫੜੀ, ਸਿਰ ਦੇ ਦਿੱਤਾ ਪਰ ਬਾਂਹ ਨਹੀਂ ਛੱਡੀ ।

ਆਪ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਤੇ ਧਰਮ ਦੀ ਆਜ਼ਾਦੀ ਲਈ ਹੋਈ ਸੀ । ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਨੇ ਜੋ ਪ੍ਰਚਾਰ ਕੀਤਾ, ਉਸ ਨੂੰ ਅਮਲੀ ਤੌਰ 'ਤੇ ਆਪਣੇ ਤਨ ਤੇ ਹੰਢਾਇਆ ਵੀ । ਆਪ ਜੀ ਦੀ ਸ਼ਹਾਦਤ ਨੇ ਉਨ੍ਹਾਂ ਦੀ ਸਿੱਖਿਆ ਉਪਰ ਮੋਹਰ ਲਾ ਕੇ ਸਮੁੱਚੀ ਲੋਕਾਈ ਨੂੰ ਦੱਸ ਦਿੱਤਾ ਕਿ ਜਿਸ ਤਰ੍ਹਾਂ ਦੀ ਸਿੱਖਿਆ ਲੋਕਾਂ ਨੂੰ ਦਿੱਤੀ ਗਈ ਹੈ ਉਸ ਸਿੱਖਿਆ ਅਨੁਸਾਰ ਆਪਣਾ ਸੀਸ ਵੀ ਕੁਰਬਾਨ ਕਰਨਾ ਪੈਂਦਾ ਹੈ । ਗੁਰੂ ਜੀ ਦੀ ਸ਼ਹਾਦਤ ਨੇ ਗੁਰੂ ਜੀ ਦੇ ਇਤਿਹਾਸ (ਜੀਵਨ) ਅਤੇ ਵਿਚਾਰਧਾਰਾ ਨੂੰ ਇਕ-ਦੂਜੇ ਵਿਚ ਅਭੇਦ ਕਰ ਦਿੱਤਾ ।

ਅਖੀਰ ਵਿਚ ਵਿਦਵਾਨ ਲੇਖਕ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ 57 ਸਲੋਕਾਂ ਦਾ ਪਾਠ ਦਰਜ਼ ਕੀਤਾ ਹੈ । ਆਪ ਆਪਣਾ ਵਿਚਾਰ ਦਿੰਦੇ ਹੋਏ ਲਿਖਦੇ ਹਨ ਕਿ 59 ਪਦਿਆਂ ਵਿਚ, ਵਿਚਾਰ ਖੁੱਲ੍ਹੇ ਰੂਪ ਵਿਚ ਬਿਆਨ ਹੋਏ ਹਨ ਜਦੋਂ ਕਿ ਸਲੋਕ ਸੰਖੇਪ ਰੂਪ ਅਤੇ ਇਕ ਲੜੀ ਵਿਚ ਪਰੋ ਕੇ ਬਿਆਨ ਕੀਤੇ ਗਏ ਹਨ । ਆਪ ਜੀ ਲਿਖਦੇ ਹਨ ਕਿ ਸਿੱਖ ਸੰਗਤਾਂ ਵਿਚ ਇਹ ਵਿਸ਼ਵਾਸ ਹੈ ਕਿ ਇਹ ਸਲੋਕ ਗੁਰੂ ਜੀ ਨੇ ਉਸ ਸਮੇਂ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿਚ ਰਹਿੰਦਿਆ ਰਚੇ ਸਨ ਜਦੋਂ ਕਿ ਉਨ੍ਹਾਂ ਨੂੰ ਸ਼ਹੀਦ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ । ਸਿਆਣਿਆਂ ਦਾ ਵਿਸ਼ਵਾਸ ਹੈ ਕਿ ਅੰਤਮ ਸਮੇਂ ਦੇ ਬੋਲਾਂ ਵਿਚ ਇਕ ਐਸੀ ਸੱਚਾਈ ਹੁੰਦੀ ਹੈ ਜਿਹੜੀ ਅਕਾਲ ਪੁਰਖ ਦੇ ਆਪਣੇ ਪ੍ਰਗਟਾਵੇ ਦੀ ਪ੍ਰਤੀਕ ਬਣ ਜਾਂਦੀ ਹੈ । ਇਸ ਲਈ ਉਹ ਆਪਣੇ ਨਾਮ ਲੇਵਾ ਪਾਠਕਾਂ ਨੂੰ ਬੇਨਤੀ ਕਰਦੇ ਹਨ ਕਿ ਇਨ੍ਹਾਂ ਸਲੋਕਾਂ ਦਾ ਪਾਠ ਪੂਰੀ ਤਰ੍ਹਾਂ ਅੰਤਰ ਧਿਆਨ ਹੋ ਕੇ ਕਰੋ । ਗੁਰੂ ਤੇਗ ਬਹਾਦਰ ਸਾਹਿਬ ਸਾਨੂੰ ਸਾਡੇ ਅੰਗ-ਸੰਗ ਬੈਠੇ ਮਹਿਸੂਸ ਹੋਣਗੇ ।

ਆਪਣੇ ਵਿਚਾਰਾਂ ਨੂੰ ਵਿਰਾਮ ਦੇਣ ਤੋਂ ਪਹਿਲਾਂ ਮੈਂ ਇਕ ਗੱਲ ਕਹਿਣਾ ਚਾਹਾਂਗੀ ਕਿ ਪੁਸਤਕ ਦੇ ਸਾਰੇ ਵੇਰਵੇ ਤੱਥਾਂ ਤੇ ਅਧਾਰਤ ਤਾਂ ਹਨ ਹੀ ਪਰ ਆਪ ਜੀ ਆਪਣੇ ਨਿਜੀ ਤਜ਼ਰਬਿਆਂ ਦੀ ਵੀ ਭਰਪੂਰ ਵਰਤੋਂ ਕੀਤੀ ਹੈ ਕਿਉਂਕਿ ਆਪ ਜੱਟ ਸਿੱਖ ਹਨ ਤੇ ਉਹ ਵੀ ਮਾਲਵੇ ਦੇ । ਆਪ ਜੀ ਲੌਂਗੋਵਾਲ ਪਿੰਡ ਦੇ (ਵਸਨੀਕ) ਜੰਮ-ਪਲ ਤੇ ਇਸ ਇਲਾਕੇ ਨੂੰ ਬਹੁਤ ਅੱਛੀ ਤਰ੍ਹਾਂ ਜਾਣਦੇ ਤੇ ਸਮਝਦੇ ਹਨ । ਇਹੋ ਕਾਰਨ ਹੈ ਕਿ ਆਪ ਜੀ ਮਾਲਵੇ ਦੇ ਗੁਰੂ ਸਾਹਿਬ ਦੇ ਦੌਰਿਆਂ ਦੀ ਬਿਹਤਰੀਨ ਵਿਆਖਿਆ ਦੇ ਸਕੇ ਹਨ ।

ਇਸੇ ਲਈ ਤੱਥਾਂ ਦੇ ਵੇਰਵੇ ਦੇਣ ਲੱਗਿਆਂ ਉਨ੍ਹਾਂ ਸਥਾਨਕ ਪਰੰਪਰਾਵਾਂ ਦਾ ਵਿਸ਼ੇਸ਼ ਧਿਆਨ ਰਖਿਆ ਹੈ । ਆਪ ਜੀ ਨੌਵੇਂ ਚੈਪਟਰ 'ਇਤਿਹਾਸ ਤੇ ਵਿਚਾਰਧਾਰਾ' ਵਿਖੇ ਇਸ ਨਿਰਣੇ ਤੇ ਪਹੁੰਚਦੇ ਹਨ ਕਿ ਆਪ ਜੀ ਦੀ 'ਵਿਚਾਰਧਾਰਾ' (ਬਾਣੀ) ਤੇ ਆਪ ਜੀ ਦੇ ਕੀਤੇ ਕੰਮ ਯਾਨੀ ਕਿ ਉਨ੍ਹਾਂ ਦੇ 'ਇਤਿਹਾਸ' ਵਿਚ ਪੂਰਨ ਸੁਮੇਲ ਦਿਖਾਈ ਦਿੰਦਾ ਹੈ। ਉਨ੍ਹਾਂ ਨੇ 11 ਨਵੰਬਰ 1675 ਈਸਵੀ ਵਿਚ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਉਹ ਕਥਨੀ ਤੇ ਕਰਨੀ ਦੇ ਪੂਰੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਜੋ ਪ੍ਰਚਾਰ ਕੀਤਾ ਉਸ ਨੂੰ ਆਪਣੀ ਜ਼ਿੰਦਗੀ ਵਿਚ ਪਹਿਲਾਂ ਢਾਲਿਆ ਤੇ ਜ਼ਿੰਦਗੀ ਨੂੰ ਅਗਰ ਸੁਪਨਾ ਕਿਹਾ :

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈਂ ਕਛੁ ਸਾਚੋ ਨਹੀ ਨਾਨਕ ਬਿਨ ਭਗਵਾਨ ॥੨੩॥**

ਅਤੇ

'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

ਤਾਂ ਅਖੀਰ ਆਪਣੀ ਦੇਹ ਰੂਪੀ ਮਟਕੇ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਔਰੰਗਜ਼ੇਬ ਦੇ ਸਿਰ ਤੋੜ ਦਿੱਤਾ :

**ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥**

ਡਾ. ਸੁਖਦਿਆਲ ਸਿੰਘ ਜੀ ਦੀ ਇਹ ਪੁਸਤਕ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ 'ਇਤਿਹਾਸ ਤੇ ਵਿਚਾਰਧਾਰਾ' ਉਨ੍ਹਾਂ ਦੀ ਪ੍ਰੋੜ ਰਚਨਾ ਹੈ, ਜਿਵੇਂ ਕਿ ਉਹ ਖੁਦ ਇਸ ਦੀ ਭੂਮਿਕਾ ਵਿੱਚ ਦਰਜ਼ ਕਰਦੇ ਹਨ। ਸੱਚ-ਮੁੱਚ ਇਹ ਪੁਸਤਕ ਉਨ੍ਹਾਂ ਦੀਆਂ ਸਾਰੀਆਂ ਹੀ ਖੂਬਸੂਰਤ ਰਚਨਾਵਾਂ ਵਿਚੋਂ ਇਹ ਰਚਨਾ ਸਿਰਕੱਢ ਰਚਨਾ ਤੇ ਪ੍ਰੋੜ੍ਹ ਵਿਚਾਰਾਂ ਦੀ ਲਖਾਇਕ ਹੈ। ਪੁਸਤਕ ਦੀ ਭਾਸ਼ਾ ਬੜੀ ਹੀ ਸੂਖੈਨ ਹੈ ਤੇ ਇਤਿਹਾਸ ਵਰਗੇ ਰੁੱਖੇ-ਸੁੱਖੇ ਮਜ਼ਬੂਨ ਨੂੰ ਵੀ ਰੋਚਕ ਬਣਾ ਦਿੰਦੀ ਹੈ। ਪਰ ਆਪ ਜੀ ਸੂਖੈਨ ਭਾਸ਼ਾ ਵਿਚ ਹੀ ਡੂੰਘੇ ਤੋਂ ਡੂੰਘੇ ਵਿਚਾਰ ਪ੍ਰਗਟ ਕਰ ਜਾਂਦੇ ਹਨ। ਇਹ ਇਕ ਚੰਗੇ ਲਿਖਾਰੀ ਦੀ ਪਹਿਚਾਨ ਹੈ ਖਾਸ ਕਰਕੇ ਇਤਿਹਾਸਕਾਰ ਦੀ। ਉਹ ਆਪਣੇ ਪਾਠਕਾਂ ਨੂੰ ਸ਼ਬਦਾਂ ਦੀਆਂ ਗੁੰਝਲਾਂ ਵਿਚ ਨਹੀਂ ਉਲਝਣ ਦਿੰਦੇ, ਸੂਖੈਨ ਸ਼ਬਦਾਂ ਦਾ ਪ੍ਰਯੋਗ ਕਰਕੇ, ਉਨ੍ਹਾਂ ਦੇ ਵਿਚਾਰ ਪਾਠਕਾਂ ਦੇ ਧੁਰ ਹਿਰਦੇ ਵਿੱਚ ਵੱਸ ਜਾਂਦੇ ਹਨ। ਆਪ ਜੀ ਦੀ ਪੁਸਤਕ ਵਿਚ ਹਰ ਤੱਥ ਦੀ ਨਵੀਂ ਵਿਆਖਿਆ ਸਾਹਮਣੇ ਆਈ ਹੈ ਜੋ ਬਿਲਕੁਲ ਉਨ੍ਹਾਂ ਦੀ ਆਪਣੀ ਵਿਆਖਿਆ ਹੈ।

ਵਿਦਵਾਨ ਲੇਖਕ ਡਾ. ਸੁਖਦਿਆਲ ਸਿੰਘ ਜੀ ਦੀ ਇਸ ਪ੍ਰੋੜ੍ਹ ਰਚਨਾ ਦਾ ਗੁਰੂ ਸਾਹਿਬ ਦੀ ਚੌਥੀ ਜਨਮ ਸ਼ਤਾਬਦੀ ਤੇ ਭਰਮਾ ਸੁਆਗਤ ਹੈ ਤੇ ਆਪ ਜੀ ਦੀਆਂ ਬਾਕੀ ਰਚਨਾਵਾਂ ਦੀ ਤਰ੍ਹਾਂ ਇਸ ਪੁਸਤਕ ਨੂੰ ਵੀ ਪਾਠਕਾਂ ਤੋਂ ਭਰਮਾ ਹੁੰਗਾਰਾ ਮਿਲੇਗਾ। ਇਹ ਪੁਸਤਕ ਇਤਿਹਾਸ ਤੇ ਖੋਜ ਵਿਦਿਆਰਥੀਆਂ ਲਈ ਤਾਂ ਲਾਭਦਾਇਕ ਹੈ ਹੀ ਪਰ ਇਹ ਪੁਸਤਕ ਆਮ ਪਾਠਕਾਂ ਲਈ ਵੀ ਬੜੀ ਰੋਚਕ ਤੇ ਗਿਆਨਵਰਧਕ ਹੈ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਅਸੀਂ ਉਨ੍ਹਾਂ ਦੇ ਇਤਿਹਾਸ ਨੂੰ ਵੀ ਪੜ੍ਹੀਏ ਤਾਂ ਹੀ ਉਨ੍ਹਾਂ ਨੂੰ ਸਾਡੀ ਇਹ ਸੱਚੀ ਸ਼ਰਧਾਂਜਲੀ ਹੋਵੇਗੀ। ਬਹੁਤ-ਬਹੁਤ ਵਧਾਈ ਹੈ ਡਾ. ਸਾਹਿਬ ਨੂੰ, ਉਨ੍ਹਾਂ ਦੀ ਇਸ ਨਵੀਂ ਪੁਸਤਕ ਦੇ ਪ੍ਰਕਾਸ਼ਨ ਤੇ, ਜਿਸ ਦੇ ਉਹ ਪੂਰੇ-ਪੂਰੇ ਹੱਕਦਾਰ ਹਨ। ਇਸ ਪੁਸਤਕ ਤੇ ਉਨ੍ਹਾਂ ਬਹੁਤ ਮਿਹਨਤ ਕੀਤੀ ਹੈ ਤੇ ਆਪਣੇ ਪ੍ਰੋੜ੍ਹ ਤਜ਼ੁਰਬਿਆਂ ਦਾ ਵੀ ਭਰਪੂਰ ਲਾਭ ਪਾਠਕਾਂ ਤਕ ਪਹੁੰਚਾਇਆ ਹੈ।

◆◆◆

– ਡਾਕਟਰ ਹਰਬੰਸ ਕੌਰ ਸਾਗੂ
ਡਾਇਰੈਕਟਰ
ਇੰਟਰਨੈਸ਼ਨਲ ਸੈਂਟਰ ਫ਼ਾਰ ਸਿੱਖ ਸਟੱਡੀਜ਼
(ਦਿੱ. ਸਿੱ. ਗੁ. ਪ੍ਰ. ਕਮੇਟੀ)

## ਪ੍ਰਸ਼ਨੋਤਰੀ

1. ਸੁਖਮਨੀ ਸਾਹਿਬ ਬਾਣੀ ਕਿਹੜੇ ਗੁਰੂ ਸਾਹਿਬ ਜੀ ਦੀ ਉਚਾਰਨ ਕੀਤੀ ਹੈ ?
2. ਸੁਖਮਨੀ ਸਾਹਿਬ ਬਾਣੀ ਵਿੱਚ ਕਿੰਨੇ ਸਲੋਕ ਅਤੇ ਕਿੰਨੀਆਂ ਅਸਟਪਦੀਆਂ ਹਨ ?
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਖਮਨੀ ਸਾਹਿਬ ਕਿਹੜੇ ਅੰਗ ਤੋਂ ਕਿਹੜੇ ਅੰਗ ਤੱਕ ਦਰਜ਼ ਹੈ ?
4. ਸ੍ਰੀ ਸੁਖਮਨੀ ਸਾਹਿਬ ਬਾਣੀ ਵਿੱਚ ਰਹਾਉ ਕਿੰਨੇ ਹਨ ?
5. ਭਾਈ ਲਾਲੋ ਜੀ ਕਿਹੜੇ ਸ਼ਹਿਰ ਦੇ ਵਸਨੀਕ ਸਨ ?
6. ਭਾਈ ਲਾਲੋ ਜੀ ਦੀ ਕਿਰਤ ਦਾ ਸਾਧਨ ਕੀ ਸੀ ?
7. ਭਾਈ ਲਾਲੋ ਜੀ ਦਾ ਜਨਮ ਕਿਹੜੇ ਸੰਨ ਦਾ ਹੈ ?
8. ਭਾਈ ਲਾਲੋ ਜੀ ਅਤੇ ਮਲਿਕ ਭਾਗੋ ਦੀ ਕਿਰਤ ਕਮਾਈ ਵਿੱਚ ਕੀ ਫ਼ਰਕ ਸੀ ?
9. ਬਾਬਰ ਨੇ ਐਮਨਾਬਾਦ ਨੂੰ ਕਿਹੜੇ ਸੰਨ ਵਿੱਚ ਉਜਾੜਿਆ ਸੀ ?
10. ਲੁਧਿਆਣਾ ਦਾ ਪੁਰਤਾਨ ਨਾਮ ਕੀ ਸੀ ?
11. ਸੰਗਰੂਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੇਰੀ ਦੀ ਯਾਦ ਵਿੱਚ ਕਿਹੜਾ ਗੁਰਦੁਆਰਾ ਸਥਿਤ ਹੈ ?
12. ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਚਾਨਣ ਮਲ ਦੇ ਘਰ ਕਦੋਂ ਬਿਰਾਜੇ ?
13. ਭਾਈ ਬੰਨੋ ਜੀ ਨੇ ਕਿਹੜੀ ਵੱਡੀ ਸੇਵਾ ਨਿਭਾਈ ?
14. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸ਼ ਹੋ ਕੇ ਭਾਈ ਬੰਨੋ ਨੂੰ ਕਿਹੜਾ ਮਾਣ ਬਖਸ਼ਿਆ ?
15. ਪੰਜ ਪਿਆਰਿਆਂ ਦੇ ਨਾਮ ਦੱਸੋ ?
16. ਖਾਲਸੇ ਦੀ ਜਨਮ ਭੂਮੀ ਦਾ ਨਾਮ ਦੱਸੋ ?
17. ਭਾਈ ਮੋਹਕਮ ਸਿੰਘ ਜੀ ਦਾ ਜਨਮ ਸਥਾਨ ਦੱਸੋ ?

– ਜਤਿੰਦਰਪਾਲ ਸਿੰਘ ਨਰੂਲਾ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# 125 ਬੈਡ ਵਾਲੇ ਕੋਵਿਡ ਹਸਪਤਾਲ ਲਈ



# ਆਸਟ੍ਰੇਲੀਆ ਸਰਕਾਰ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਨੂੰ 3 ਲੱਖ ਡਾਲਰ ਭੇਟ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰੋਨਾ ਦੀ ਤੀਜੀ ਲਹਿਰ ਦੇ ਖ਼ਤਰੇ ਨੂੰ ਵੇਖਦਿਆਂ ਸਥਾਪਿਤ ਕੀਤੇ ਜਾ ਰਹੇ 125 ਬੈਡਾਂ ਦੇ ਹਸਪਤਾਲ ਲਈ ਫਰਾਂਸ ਸਰਕਾਰ ਵੱਲੋਂ ਆਕਸੀਜਨ ਪਲਾਂਟ ਭੇਜਣ ਤੋਂ ਬਾਅਦ ਹੁਣ ਆਸਟਰੇਲੀਆ ਸਰਕਾਰ ਨੇ 3 ਲੱਖ ਡਾਲਰ ਦੀ ਰਾਸ਼ੀ ਦਿੱਲੀ ਗੁਰਦੁਆਰਾ ਕਮੇਟੀ ਨੂੰ ਭੇਜੀ। ਇਸ ਦੌਰਾਨ ਹੀ ਸੋਨੀ ਪਿਕਚਰਜ਼ ਇੰਡੀਆ ਨੇ ਵੀ ਹਸਪਤਾਲ ਵਿਚ ਸੀਟੀ ਸਕੈਨ ਮਸ਼ੀਨ ਸਥਾਪਤ ਕਰਨ ਲਈ 1 ਕਰੋੜ 11 ਲੱਖ ਰੁਪਏ ਦੀ ਰਾਸ਼ੀ ਭੇਜੀ। ਇਹ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ

## ਸੋਨੀ ਪਿਕਚਰਜ਼ ਇੰਡੀਆ ਨੇ ਵੀ ਦਿੱਤੇ 1 ਕਰੋੜ 11 ਲੱਖ ਰੁਪਏ



ਦੱਸਿਆ ਆਸਟਰੇਲੀਆ ਸਰਕਾਰ ਨੇ 3 ਲੱਖ ਆਸਟਰੇਲੀਅਨ ਡਾਲਰ ਦੀ ਰਾਸ਼ੀ ਹਸਪਤਾਲ ਦੀ ਸਥਾਪਨਾ ਵਿਚ ਸਹਿਯੋਗ ਵਜੋਂ ਭੇਜੀ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਨੂੰ ਵੇਖਦਿਆਂ ਹੁਣ ਦੇਸ਼ ਦੀ ਰਾਜਧਾਨੀ ਦੀ ਸੰਗਤ ਤੇ ਦੇਸ਼ ਦੀਆਂ ਸੰਗਤਾਂ ਤੋਂ ਇਲਾਵਾ ਵਿਦੇਸ਼ਾਂ ਦੀਆਂ ਸਰਕਾਰਾਂ ਨੇ ਵੀ ਹੱਥ ਅੱਗੇ ਵਧਾਏ ਹਨ। ਉਨ੍ਹਾਂ ਪਰਥ ਦੇ ਪ੍ਰੀਮੀਅਰ ਮਾਰਕ ਮੈਕਗੋਵਾਨ, ਮੰਤਰੀ ਟੋਨੀ ਬੂਟੀ ਅਤੇ ਸਿੱਖ ਐਸੋਸੀਏਸ਼ਨ, ਗੁਰਦੁਆਰਾ ਸਾਹਿਬ ਕਨਿੰਗ ਵੇਲ ਦੇ ਪ੍ਰਧਾਨ ਦੇਵਰਾਜ ਸਿੰਘ ਤੇ ਆਸਟਰੇਲੀਆ ਦੀ ਸਮੁੱਚੀ ਸਿੱਖ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਗੱਲ ਸਿਰਫ ਪੈਸੇ ਦੀ ਨਹੀਂ ਬਲਕਿ ਕੌਮਾਂਤਰੀ ਪੱਧਰ 'ਤੇ ਸੰਗਤਾਂ ਵੱਲੋਂ ਦਿੱਤੇ ਜਾ ਰਹੇ ਆਸ਼ੀਰਵਾਦ ਤੇ ਉਤਸ਼ਾਹ ਦੀ ਹੈ। ਆਗੂਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕਿ 125 ਬੈੱਡਾਂ ਦੇ ਹਸਪਤਾਲ ਵਿਚ ਫਿਲਿਪਸ ਸੀਟੀ ਸਕੈਨ ਮਸ਼ੀਨ ਸਥਾਪਤ ਕਰਨ ਲਈ ਸੋਨੀ ਪਿਕਚਰਜ਼ ਇੰਡੀਆ ਦੇ ਐੱਨਪੀ ਸਿੰਘ ਵੱਲੋਂ 1 ਕਰੋੜ 11 ਲੱਖ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ ਹੈ। ਦਿੱਲੀ ਕਮੇਟੀ ਨੇ ਐਲਾਨ ਕੀਤਾ ਹੋਇਆ ਹੈ ਕਿ ਜਿਵੇਂ 400 ਬੈੱਡਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਕਰੋਨਾ ਕੇਅਰ ਸੈਂਟਰ ਰਿਕਾਰਡ ਸਮੇਂ ਵਿਚ ਤਿਆਰ ਹੋਇਆ ਸੀ, ਉਸੇ ਤਰੀਕੇ ਨਾਲ ਇਹ 125 ਬੈੱਡਾਂ ਦਾ ਹਸਪਤਾਲ ਵੀ ਰਿਕਾਰਡ 60 ਦਿਨਾਂ ਵਿਚ ਤਿਆਰ ਕੀਤਾ ਜਾ ਰਿਹਾ ਹੈ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਏ ਜਾ ਰਹੇ 125 ਬੈਡਾਂ ਦੇ ਹਸਪਤਾਲ ਲਈ ਫਰਾਂਸ ਸਰਕਾਰ ਵੱਲੋਂ ਭੇਜਿਆ ਆਕਸੀਜ਼ਨ ਪਲਾਂਟ ਕਮੇਟੀ ਕੋਲ ਪਹੁੰਚ ਗਿਆ ਹੈ।

ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਫਰਾਂਸ ਨੇ ਨਵਾਂ ਆਕਸੀਜ਼ਨ ਜਨਰੇਟਰ ਭੇਜਿਆ ਹੈ ਜੋ 125 ਬੈਡਾਂ ਦੇ ਹਸਪਤਾਲ ਵਾਸਤੇ ਫਿੱਟ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਫਰਾਂਸ ਦੀ ਸਰਕਾਰ ਨੇ ਦੋ ਆਕਸੀਜ਼ਨ ਪਲਾਂਟ ਭੇਜੇ ਹਨ ਜਿਹਨਾਂ ਵਿਚੋਂ ਇਕ ਏਮਜ਼ ਲਈ ਭੇਜਿਆ ਗਿਆ ਹੈ ਤੇ ਦੂਜਾ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬਣਾਏ ਜਾ ਰਹੇ ਹਸਪਤਾਲ ਵਾਸਤੇ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਸੀਂ ਨਾ ਤਾਂ ਫਰਾਂਸ ਸਰਕਾਰ ਕੋਲ ਤੇ ਨਾ ਹੀ ਇਥੇ ਕਿਸੇ ਫਰਾਂਸੀਸੀ ਅਧਿਕਾਰੀ ਕੋਲ ਪਹੁੰਚ ਕੀਤੀ ਸੀ। ਫਰਾਂਸ ਸਰਕਾਰ ਨੇ ਦਿੱਲੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਲੋਕਾਂ ਦੀ ਕੀਤੀ ਜਾ ਰਹੀ ਸੇਵਾ ਨੂੰ ਵੇਖਦਿਆਂ ਆਪ ਇਹ ਪਲਾਂਟ ਭੇਜਣ ਦਾ ਫੈਸਲਾ ਕੀਤਾ। ਸ. ਸਿਰਸਾ ਨੇ ਦੱਸਿਆ ਕਿ ਜਿਵੇਂ ਕਮੇਟੀ ਨੇ ਪਹਿਲਾਂ ਗੁਰੂ ਤੇਗ ਬਹਾਦਰ ਕੋਰੋਨਾ ਕੇਅਰ ਸੈਂਟਰ ਰਿਕਾਰਡ 12 ਦਿਨਾਂ ਦੇ ਅੰਦਰ ਅੰਦਰ ਤਿਆਰ ਕੀਤਾ ਸੀ, ਇਸੇ ਤਰੀਕੇ ਇਹ ਹਸਪਤਾਲ ਰਿਕਾਰਡ 60 ਦਿਨਾਂ ਅੰਦਰ ਤਿਆਰ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪਹਿਲਾ ਸੰਗਤਾਂ ਵੱਲੋਂ ਦਿੱਤਾ ਆਕਸੀਜ਼ਨ ਪਲਾਂਟ ਫਿੱਟ ਹੋ ਗਿਆ ਹੈ ਤੇ ਹੁਣ ਫਰਾਂਸ ਤੋਂ ਆਇਆ ਇਹ ਪਲਾਂਟ ਵੀ ਜਲਦੀ ਹੀ ਫਿੱਟ ਕੀਤਾ ਜਾਵੇਗਾ । ਇਹ 125 ਬੈਡਾਂ ਦਾ ਹਸਤਾਲ ਪਹਿਲਾਂ ਕੋਰੋਨਾ ਹਸਪਤਾਲ ਵਜੋਂ ਕੰਮ ਕਰੇਗਾ ਤੇ ਫਿਰ ਹਾਲਾਤ ਆਮ ਵਰਗੇ ਹੋਣ ’ਤੇ ਜਨਰਲ ਹਸਪਤਾਲ ਬਣ ਜਾਵੇਗਾ। ਉਹਨਾਂ ਦੱਸਿਆ ਕਿ ਇਸ ਵਿਚ 35 ਕਮਰੇ ਆਈ.ਸੀ.ਯੂ. ਦੇ ਹੋਣਗੇ ਤੇ ਬੱਚਿਆਂ ਲਈ ਵਿਸ਼ੇਸ਼ ਵਾਰਡ ਬਣਾਏ ਜਾਣਗੇ। ਉਹਨਾਂ ਦੱਸਿਆ ਕਿ ਹਸਪਤਾਲ ਵਿਚ ਹੀ ਟੈਸਟਾਂ ਦੀਆਂ ਸਾਰੀਆਂ ਸਹੂਲਤਾਂ ਹੋਣਗੀਆਂ।

# ਫਰਾਂਸ ਸਰਕਾਰ ਦਾ ਆਕਸੀਜਨ ਪਲਾਂਟ ਕਮੇਟੀ ਕੋਲ ਪੁੱਜਿਆ



# 13 ਅਗਸਤ ਨੂੰ ਹੋਵੇਗਾ ਉਦਘਾਟਨ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਬਾਲਾ ਸਾਹਿਬ ਵਿਖੇ ਬਣ ਰਿਹਾ 125 ਬੈਡੱ ਦਾ ਕੋਵਿਡ ਹਸਪਤਾਲ ਬਹੁਤ ਤੇਜ਼ ਰਫਤਾਰ ਨਾਲ ਤਿਆਰ ਕੀਤਾ ਜਾ ਰਿਹਾ ਹੈ ਤੇ ਕਮੇਟੀ ਵੱਲੋਂ ਇਸ ਦਾ ਉਦਘਾਟਨ 13 ਅਗਸਤ ਨੂੰ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ । ਇਸ ਹਸਪਤਾਲ ਵਿਚ ਅਪਰੇਸ਼ਨ ਥੀਏਟਰ ਸਮੇਤ ਹੋਰ ਆਧੁਨਿਕ ਸਹੂਲਤਾਂ ਤਿਆਰ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੀਤੇ ਐਲਾਨ ਅਨੁਸਾਰ ਸਿੰਘ ਸਭਾਵਾਂ ਦੀ ਸਿਫਾਰਸ਼ ’ਤੇ ਆਉਣ ਵਾਲੇ ਮਰੀਜ਼ਾਂ ਨੂੰ ਇਲਾਜ ਵਾਸਤੇ 50 ਫ਼ੀਸਦੀ ਰਿਆਇਤ ਦਿੱਤੀ ਜਾਵੇਗੀ । ਐੱਮਆਰਆਈ ਸੈਂਟਰ ਦੀ ਗੱਲ ਕਰਦਿਆਂ ਸ. ਕਾਲਕਾ ਨੇ ਦੱਸਿਆ ਕਿ ਸਾਢੇ ਚਾਰ ਮਹੀਨੇ ਪਹਿਲਾਂ ਸ਼ੁਰੂ ਕੀਤੇ ਗਏ ਇਸ ਐੱਮਆਰਆਈ ਤੇ ਸੀਟੀ ਸਕੈਨ ਡਾਇਗਨੋਸਟਿਕ ਸੈਂਟਰ ਵਿਚ ਹੁਣ ਤੱਕ 5 ਹਜ਼ਾਰ ਤੋਂ ਵੱਧ ਮਰੀਜ਼ ਸਸਤੀ ਦਰ ’ਤੇ ਟੈਸਟ ਦੀ ਸਹੂਲਤ ਲੈ ਚੁੱਕੇ ਹਨ।




# ਸਰਗਰਮੀਆਂ...

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਸਾਹਿਬਾਨ ਭਾਰਤ 'ਚ ਆਸਟ੍ਰੇਲੀਆਈ ਹਾਈ ਕਮਿਸ਼ਨਰ ਸ੍ਰੀ ਬੈਰੀ ਓ ਫੈਰਲ ਦਾ ਸਨਮਾਨ ਕਰਦੇ ਹੋਏ। ਆਸਟ੍ਰੇਲੀਆਈ ਸਰਕਾਰ ਵੱਲੋਂ ਦਿੱਲੀ ਕਮੇਟੀ ਦੇ ਉਪਰਾਲਿਆਂ ਨਾਲ ਗੁ: ਬਾਲਾ ਸਾਹਿਬ ਵਿਖੇ ਬਣਾਏ ਜਾ ਰਹੇ 125 ਬੈਡੱ ਦੇ ਕੋਵਿਡ ਹਸਪਤਾਲ ਲਈ 3 ਲੱਖ ਡਾਲਰ ਭੇਟ ਕੀਤੇ ਜਾਣ ਲਈ ਆਸਟ੍ਰੇਲੀਆਈ ਹਾਈ ਕਮਿਸ਼ਨ ਦੇ ਵਫ਼ਦ ਦਾ ਗੁ: ਰਕਾਬ ਗੰਜ ਸਾਹਿਬ ਪੁੱਜਣ 'ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਰੋਪਾਓ, ਯਾਦਗਾਰੀ ਸਿੱਕਾ ਅਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।









# ਦੁਨੀਆਂ ਜਦੋਂ ਵੀ ਸੰਕਟ ਵਿੱਚ ਹੁੰਦੀ ਹੈ, ਸਿੱਖ ਮਦਦ ਲਈ ਅੱਗੇ ਆ ਜਾਂਦੇ ਨੇ : ਫੈਰਲ

ਦੁਨੀਆਂ ਜਦੋਂ ਵੀ ਸੰਕਟ ਵਿਚ ਹੁੰਦੀ ਹੈ, ਉਦੋਂ ਸਿੱਖ ਭਾਈਚਾਰਾ ਸਹੀ ਫ਼ੈਸਲੇ ਲੈ ਕੇ ਮਦਦ ਵਾਸਤੇ ਅੱਗੇ ਆ ਜਾਂਦਾ ਹੈ ਇਹ ਵਿਚਾਰ ਇਥੇ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਦਰਸ਼ਨ ਲਈ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਦਫਤਰ ਵਿਚ ਆਏ ਭਾਰਤ ਵਿਚ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ ਬੈਰੀ ਓ ਫੈਰਲ ਨੇ ਪ੍ਰਗਟਾਏ । ਉਨ੍ਹਾਂ ਕਿਹਾ ਕਿ ਸਿੱਖ ਆਸਟਰੇਲੀਆ ਵਿਚ ਵੱਡਾ ਯੋਗਦਾਨ ਪਾ ਰਹੇ ਹਨ ਤੇ ਜੋ ਵੀ ਪੱਛਮੀ ਆਸਟਰੇਲੀਆ ਸਰਕਾਰ ਨੇ ਦਿੱਲੀ ਕਮੇਟੀ ਨੂੰ ਹਸਪਤਾਲ ਦੇ ਨਿਰਮਾਣ ਲਈ ਯੋਗਦਾਨ ਦਿੱਤਾ, ਉਹ ਸਿਰਫ਼ ਪਿਆਰ ਦਾ ਮੋੜਵਾਂ ਛੋਟਾ ਰਿਹਾ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸੰਕਟ ਹੁੰਦਾ ਭਾਵੇਂ ਆਸਟਰੇਲੀਆ ਵਿਚ ਹੋਵੇ, ਭਾਰਤ ਜਾਂ ਕਿਤੇ ਵੀ ਹੋਰ, ਸਿੱਖ ਭਾਈਚਾਰੇ ਦੇ ਮੈਂਬਰ ਤਰਕ ਸੰਗਤ ਫ਼ੈਸਲੇ ਲੈ ਕੇ ਮਦਦ ਲਈ ਅੱਗੇ ਆ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖੀ ਪੀੜ੍ਹੀਆਂ ਨੂੰ ਬਚਾਉਣ ਲਈ ਹਸਪਤਾਲ ਬਣਾਉਣ ਦਾ ਫੈਸਲਾ ਬਹੁਤ ਵੱਡਾ ਫੈਸਲਾ ਹੈ ਜਿਸ ਲਈ ਉਹ ਸਿੱਖ ਲੀਡਰਸ਼ਿਪ ਨੂੰ ਵਧਾਈ ਦਿੰਦੇ ਹਨ।

ਉਨ੍ਹਾਂ ਨੇ ਦੁਨੀਆਂ ਭਰ ਵਿਚ ਖਾਸ ਤੌਰ 'ਤੇ ਆਸਟਰੇਲੀਆ ਵਿਚ ਲੋਕਾਂ ਦੀ ਮਦਦ ਕਰਨ ਲਈ ਸਿੱਖਾਂ ਦੇ ਅੱਗੇ ਆਉਣ ਵਾਸਤੇ ਪ੍ਰੇਰਿਤ ਕਰਨ ਲਈ ਸਿੱਖ ਲੀਡਰਸ਼ਿਪ ਦੀ ਵਡਿਆਈ ਕੀਤੀ ਤੇ ਨਾਲ ਹੀ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਵੀ ਸ਼ਲਾਘਾ ਕੀਤੀ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਆਸਟਰੇਲੀਆ ਸਰਕਾਰ, ਪਰਥ ਦੇ ਪ੍ਰੀਮੀਅਰ ਮਾਰਕ ਮੈਕਗੋਵਾਨ, ਮੰਤਰੀ ਟੋਨੀ ਬਿਊਟੀ ਤੇ ਸਿੱਖ ਐਸੋਸੀਏਸ਼ਨ ਗੁਰਦੁਆਰਾ ਸਾਹਿਬ ਕਨਿੰਗ ਵੇਲ ਪਰਥ ਦੇ ਪ੍ਰਧਾਨ ਦੇਵਰਾਜ ਸਿੰਘ ਤੇ ਆਸਟਰੇਲੀਆ ਦੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ 3 ਲੱਖ ਡਾਲਰ ਦਾ ਯੋਗਦਾਨ ਦਿੱਲੀ ਗੁਰਦੁਆਰਾ ਕਮੇਟੀ ਨੂੰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਸਟਰੇਲੀਆ ਸਰਕਾਰ ਵੱਲੋਂ 3 ਲੱਖ ਡਾਲਰ ਦਾ ਯੋਗਦਾਨ ਦੇਣਾ ਹੀ ਇਹ ਦਰਸਾਉਂਦਾ ਹੈ ਕਿ ਦਿੱਲੀ ਕਮੇਟੀ ਦੀ ਮੌਜੂਦਾ ਟੀਮ ਕਿਵੇਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਦੀ ਸਿੱਖ ਸੰਗਤ ਆਸਟਰੇਲੀਆ ਦੀ ਧੰਨਵਾਦੀ ਹੈ। ਇਸ ਮੌਕੇ ਸ੍ਰੀ ਫੈਰਲ ਨੂੰ ਦਿੱਲੀ ਕਮੇਟੀ ਵੱਲੋਂ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸ੍ਰੀ ਫੈਰਲ ਨੂੰ 125 ਬੈੱਡਾਂ ਦੇ ਹਸਪਤਾਲ ਦੇ ਉਦਘਾਟਨੀ ਸਮਾਗਮ ਵਿਚ 13 ਅਗਸਤ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ।

**ਸਿੱਖ ਆਸਟਰੇਲੀਆ ਵਿਚ ਵੱਡਾ ਯੋਗਦਾਨ ਪਾ ਰਹੇ ਹਨ ਤੇ ਜੋ ਵੀ ਪੱਛਮੀ ਆਸਟਰੇਲੀਆ ਸਰਕਾਰ ਨੇ ਦਿੱਲੀ ਕਮੇਟੀ ਨੂੰ ਹਸਪਤਾਲ ਦੇ ਨਿਰਮਾਣ ਲਈ ਯੋਗਦਾਨ ਦਿੱਤਾ, ਉਹ ਸਿਰਫ਼ ਪਿਆਰ ਦਾ ਛੋਟਾ ਰਿਹਾ ਮੋੜਵਾਂ ਤੋਹਫ਼ਾ ਹੈ। ਜਦੋਂ ਵੀ ਸੰਕਟ ਹੁੰਦਾ ਭਾਵੇਂ ਆਸਟਰੇਲੀਆ ਵਿਚ ਹੋਵੇ, ਭਾਰਤ ਜਾਂ ਕਿਤੇ ਵੀ ਹੋਰ, ਸਿੱਖ ਭਾਈਚਾਰੇ ਦੇ ਮੈਂਬਰ ਤਰਕ ਸੰਗਤ ਫ਼ੈਸਲੇ ਲੈ ਕੇ ਮਦਦ ਲਈ ਅੱਗੇ ਆ ਜਾਂਦੇ ਹਨ। ਭਵਿੱਖੀ ਪੀੜ੍ਹੀਆਂ ਨੂੰ ਬਚਾਉਣ ਲਈ ਹਸਪਤਾਲ ਬਣਾਉਣ ਦਾ ਫੈਸਲਾ ਬਹੁਤ ਵੱਡਾ ਫੈਸਲਾ ਹੈ ਜਿਸ ਲਈ ਅਸੀਂ ਸਿੱਖ ਲੀਡਰਸ਼ਿਪ ਨੂੰ ਵਧਾਈ ਦਿੰਦੇ ਹਾਂ। –ਬੈਰੀ ਓ ਫੈਰਲ**











ਜੰਤਰ ਮੰਤਰ ਵਿਖੇ 'ਕਿਸਾਨ ਸੰਸਦ' ਲਾਉਣ ਆਏ ਕਿਸਾਨਾਂ ਤੇ ਹੋਰ ਸਮਰਥਕਾਂ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ।



ਕਮੇਟੀ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਜਿਸ ਦਿਨ ਤੋਂ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨ ਸੰਘਰਸ਼ ਸ਼ੁਰੂ ਹੋਇਆ ਹੈ , ਉਸ ਦਿਨ ਤੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਕਿਸਾਨਾਂ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ ਹੈ ਅਤੇ ਜਦੋਂ ਤੱਕ ਕਿਸਾਨ ਸੰਘਰਸ਼ ਦਿੱਲੀ ਦੇ ਬਾਰਡਰਾਂ 'ਤੇ ਚਲਦਾ ਰਹੇਗਾ ਤੇ ਜਿੱਥੇ-ਜਿੱਥੇ ਵੀ ਕੋਈ ਵੀ ਮੀਟਿੰਗ ਜਾਂ ਪ੍ਰੋਗਰਾਮ ਕਿਸਾਨਾਂ ਵੱਲੋਂ ਕੀਤਾ ਜਾਵੇਗਾ, ਉਥੇ ਲੰਗਰ ਦੀ ਜ਼ਿੰਮੇਵਾਰੀ ਦਿੱਲੀ ਗੁਰਦੁਆਰਾ ਕਮੇਟੀ ਆਪ ਨਿਭਾਏਗੀ। ਉਹਨਾਂ ਕਿਹਾ ਕਿ ਅਸੀਂ ਹਮੇਸ਼ਾ ਕਿਸਾਨਾਂ ਦੀ ਡੱਟ ਕੇ ਸੇਵਾ ਕੀਤੀ ਹੈ ਤੇ ਕਰਦੇ ਰਹਾਂਗੇ।










ਦਿੱਲੀ ਕਮੇਟੀ ਵੱਲੋਂ ਗੁ: ਬਾਲਾ ਸਾਹਿਬ ਵਿਖੇ ਬਣਾਏ ਜਾ ਰਹੇ 125 ਬੈਡੱ ਵਾਲੇ ਕੋਵਿਡ ਹਸਪਤਾਲ ਲਈ ਪੰਜਾਬ ਨੈਸ਼ਨਲ ਬੈਂਕ ਵੱਲੋਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਐਂਬੂਲੈਂਸ ਭੇਟ ਕੀਤੀ ਗਈ।

# ਦਿੱਲੀ ਕਮੇਟੀ ਦੇ ਸਖਤ ਇਤਰਾਜ਼ ਮਗਰੋਂ ਗੁਰਦੁਆਰਿਆਂ ਵਿੱਚ ਸ਼ਰਧਾਲੂਆਂ ਦੇ ਦਾਖਲੇ ਤੇ ਪਾਬੰਦੀ ਵਾਲੇ ਹੁਕਮ ਰੱਦ

ਦਿੱਲੀ ਸਰਕਾਰ ਵੱਲੋਂ ਡਿਜ਼ਾਸਟਰ ਮੈਨੇਜਮੈਂਟ ਐਕਟ ਦਾ ਹਵਾਲਾ ਦੇ ਕੇ ਗੁਰਦੁਆਰਿਆਂ ਵਿੱਚ ਸ਼ਰਧਾਲੂਆਂ ਦਾ ਦਾਖਲਾ ਰੋਕਣ ਬਾਰੇ ਜਾਰੀ ਕੀਤੇ ਗਏ ਹੁਕਮਾਂ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਰੋਧ ਕਰਨ ਤੋਂ ਬਾਅਦ ਦਿੱਲੀ ਸਰਕਾਰ ਨੇ ਆਪਣਾ ਫੈਸਲਾ ਰੱਦ ਕਰ ਦਿੱਤਾ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਦੇ ਸਬ ਡਿਵੀਜ਼ਨਲ ਮੈਜਿਸਟਰੇਟ ਵਸੰਤ ਵਿਹਾਰ ਅੰਕੁਰ ਪ੍ਰਕਾਸ਼ ਮੇਸ਼ਰਾਮ ਨੇ ਚਾਰ ਵੱਖ ਵੱਖ ਹੁਕਮ ਜਾਰੀ ਕਰ ਕੇ ਦਿੱਲੀ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ, ਐਕਟ ਤੇ ਸਰਕੁਲਰ ਦਾ ਹਵਾਲਾ ਦੇ ਕੇ ਗੁਰਦੁਆਰਾ ਸਾਹਿਬ ਅੰਦਰ ਸ਼ਰਧਾਲੂਆਂ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਸੀ। ਜਾਰੀ ਹੁਕਮਾਂ ਵਿਚ ਵੱਖ ਵੱਖ ਗੁਰਦੁਆਰਿਆਂ ਦੇ ਪ੍ਰਧਾਨ, ਸਕੱਤਰ, ਜੁਆਇੰਟ ਸਕੱਤਰ ਤੇ ਸੇਵਾਦਾਰਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਦਿੱਲੀ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਮੁਤਾਬਕ ਦਿੱਲੀ ਵਿੱਚ ਗੁਰਦੁਆਰਾ ਸਾਹਿਬ ਤਾਂ ਖੁੱਲ੍ਹੇ ਰਹਿ ਸਕਦੇ ਹਨ ਪਰ ਇਨ੍ਹਾਂ ਵਿੱਚ ਕੋਈ ਸ਼ਰਧਾਲੂ ਪ੍ਰਵੇਸ਼ ਨਹੀਂ ਕਰ ਸਕਦਾ। ਇਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਜੇਕਰ ਕੋਈ ਸ਼ਰਧਾਲੂ ਗੁਰਦੁਆਰਾ ਸਾਹਿਬਾਨ ਅੰਦਰ ਗਿਆ ਤਾਂ ਫਿਰ ਪ੍ਰਧਾਨ, ਸਕੱਤਰ, ਜੁਆਇੰਟ ਸਕੱਤਰ ਤੇ ਸੇਵਾਦਾਰ ਦੇ ਖਿਲਾਫ ਸਖ਼ਤ ਸਜ਼ਾਵਾਂ ਤੇ ਫੌਜਦਾਰੀ ਐਕਟ ਤਹਿਤ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਅਹੁਦੇਦਾਰਾਂ ਦੇ ਖਿਲਾਫ ਵਿਅਕਤੀਗਤ ਤੌਰ 'ਤੇ ਵੀ ਕਾਰਵਾਈ ਕੀਤੀ ਜਾਵੇਗੀ ਤੇ ਗੁਰਦੁਆਰਾ ਵੀ ਸੀਲ ਕਰ ਦਿੱਤਾ ਜਾਵੇਗਾ।

**ਦਿੱਲੀ ਸਰਕਾਰ ਵੱਲੋਂ ਡਿਜ਼ਾਸਟਰ ਮੈਨੇਜਮੈਂਟ ਐਕਟ ਦਾ ਹਵਾਲਾ ਦੇ ਕੇ ਸਿੱਖ ਸ਼ਰਧਾਲੂਆਂ ਦਾ ਰੋਕਿਆ ਗਿਆ ਸੀ ਗੁਰਦੁਆਰਿਆਂ ਵਿੱਚ ਦਾਖਲਾ ਰੋਕਣ**

ਇਨ੍ਹਾਂ ਹੁਕਮਾਂ ਦਾ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵਿਰੋਧ ਕੀਤਾ ਤਾਂ ਅੱਜ ਦੇਰ ਸ਼ਾਮ ਪਹਿਲਾਂ ਜਾਰੀ ਕੀਤੇ ਚਾਰੇ ਹੁਕਮ ਰੱਦ ਕਰਨ ਦਾ ਨਵਾਂ ਹੁਕਮ ਆ ਗਿਆ। ਸ. ਸਿਰਸਾ ਨੇ ਦੱਸਿਆ ਕਿ ਇਹ ਬਹੁਤ ਹੀ ਗੰਭੀਰ ਮਾਮਲਾ ਹੈ ਜਿਸ ਵਿੱਚ ਸਿਰਫ ਗੁਰਦੁਆਰਾ ਸਾਹਿਬਾਨ ਨੂੰ ਨਿਸ਼ਾਨਾ ਬਣਾਇਆ ਗਿਆ।

# ਹੋਲਾ ਮਹੱਲਾ ਤੇ ਗ੍ਰਿਫ਼ਤਾਰ ਕੀਤੇ 24 ਸਿੱਖਾਂ ਦੀ ਰਿਹਾਈ ਲਈ ਨਾਂਦੇੜ ਦੇ ਆਈ.ਜੀ. ਨੂੰ ਮਿਲਿਆ ਦਿੱਲੀ ਕਮੇਟੀ ਦਾ ਵਫ਼ਦ



ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ 'ਚ ਆਈ.ਜੀ. ਨਿਸਾਰ ਤੰਬੋਲੀ ਨਾਲ ਮੁਲਾਕਾਤ ਕਰਨ ਗਿਆ ਵਫ਼ਦ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਅਤੇ ਬਾਬਾ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਦਿੱਲੀ ਕਮੇਟੀ ਅਤੇ ਸਥਾਨਕ ਸਿੱਖ ਆਗੂਆਂ ਦੇ ਸਾਂਝੇ ਵਫਦ ਵੱਲੋਂ ਨਾਂਦੇੜ ਸਾਹਿਬ ਦੇ ਆਈ.ਜੀ. ਨਿਸਾਰ ਤੰਬੋਲੀ ਨਾਲ ਮੁਲਾਕਾਤ ਕੀਤੀ ਗਈ। ਵਫ਼ਦ ਨੇ ਸ੍ਰੀ ਤੰਬੋਲੀ ਨੂੰ ਦੱਸਿਆ ਕਿ ਸਿੱਖ ਕੌਮ ਤਾਂ ਧੱਕੇਸ਼ਾਹੀ ਦੇ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਕੌਮ ਹੈ ਤੇ ਇਸ ਕੇਸ ਵਿਚ 24 ਸਿੱਖ ਨੌਜਵਾਨ ਨਜਾਇਜ਼ ਗ੍ਰਿਫਤਾਰ ਕੀਤੇ ਗਏ ਹਨ। ਆਈ.ਜੀ. ਕਿਹਾ ਕਿ ਉਹ ਨਜਾਇਜ਼ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੇ ਨਾਂ ਤੇ ਸਬੂਤ ਉਨ੍ਹਾਂ ਨੂੰ ਪ੍ਰਦਾਨ ਕਰਨ, ਅਜਿਹੇ ਨੌਜਵਾਨਾਂ ਤੇ ਹੋਰਨਾਂ ਦੀ ਰਿਹਾਈ ਤੁਰੰਤ ਯਕੀਨੀ ਬਣਾਈ ਜਾਵੇਗੀ। ਸ. ਸਿਰਸਾ ਨੇ ਦੱਸਿਆ ਕਿ ਸਾਡੀ ਟੀਮ ਇਹ ਸੂਚੀ ਤਿਆਰ ਕਰ ਰਹੀ ਹੈ ਤੇ ਟੀਮ ਵਿਚ ਯੂਨਾਈਟਡ ਸਿੱਖਸ ਦੇ ਅਮਨਦੀਪ ਪਾਲ ਸਿੰਘ ਵਿਸ਼ੇਸ਼ ਯਤਨ ਕਰ ਰਹੇ ਹਨ। ਨਜਾਇਜ਼ ਗ੍ਰਿਫਤਾਰ ਕੀਤੇ ਨੌਜਵਾਨਾਂ ਵਿਚ ਇਕ ਫੋਟੋਗ੍ਰਾਫਰ ਵੀ ਹੈ ਜਿਸਦਾ ਨਵਾਂ ਵਿਆਹ ਹੋਇਆ ਹੈ, ਇਕ ਨਵੀਨਾ ਘਾਟ ਦੇ ਗ੍ਰੰਥੀ ਪਰਮਜੀਤ ਸਿੰਘ ਵੀ ਹਨ ਇਸੇ ਤਰੀਕੇ ਇਕ ਹੋਰ ਨੌਜਵਾਨ ਤੇ ਉਸਦੇ ਪਿਤਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਜੋ ਨਾਜਾਇਜ਼ ਹਨ ।

# ਜ਼ਬਰੀ ਧਰਮ ਬਦਲੀ ਦੀ ਸ਼ਿਕਾਰ ਕਸ਼ਮੀਰੀ ਕੁੜੀ ਅਤੇ ਉਸ ਦੇ ਪਤੀ ਨੂੰ ਦਿੱਲੀ ਕਮੇਟੀ 'ਚ ਮਿਲੀ ਨੌਕਰੀ ਤੇ ਰਿਹਾਇਸ਼



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਸ਼ਮੀਰ ਦੀ ਸਿੱਖ ਲੜਕੀ ਮਨਮੀਤ ਕੌਰ ਤੇ ਉਸਦੇ ਪਤੀ ਸੁਖਪ੍ਰੀਤ ਸਿੰਘ ਨੂੰ ਕਮੇਟੀ ਵਿਚ ਨੌਕਰੀ ਦੇ ਦਿੱਤੀ ਗਈ ਹੈ । ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਸਿੱਖ ਬੱਚੀ ਮਨਮੀਤ ਕੌਰ ਨੂੰ ਬਤੌਰ ਕਲਰਕ ਕਮੇਟੀ ਵਿਚ ਨਿਯੁਕਤ ਕੀਤਾ ਗਿਆ ਹੈ ਜਦਕਿ ਉਸਦੇ ਪਤੀ ਸੁਖਪ੍ਰੀਤ ਸਿੰਘ ਨੂੰ ਜੇ.ਈ. ਏ.ਸੀ. ਵਜੋਂ ਨਿਯੁਕਤ ਕੀਤਾ ਗਿਆ ਹੈ। ਦੋਵਾਂ ਦਾ ਪ੍ਰੋਬੇਸ਼ਨ ਪੀਰੀਅਡ ਇਕ ਸਾਲ ਦਾ ਹੋਵੇਗਾ। ਇਸ ਜੋੜੇ ਦੀ ਰਿਹਾਇਸ਼ ਗੁ: ਰਕਾਬ ਗੰਜ ਸਾਹਿਬ ਕੰਪਲੈਕਸ ਵਿਚਲੇ ਸਟਾਫ ਕੁਆਰਟਰਾਂ ਵਿਚ ਹੋਵੇਗੀ। ਸ. ਸਿਰਸਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਸਿੱਖ ਲੜਕੀ ਮਨਮੀਤ ਕੌਰ ਦਾ ਘਰ ਵੀ ਵੱਸ ਗਿਆ ਹੈ ਤੇ ਨੌਕਰੀ ਵੀ ਮਿਲ ਗਈ ਹੈ। ਉਹਨਾਂ ਕਿਹਾ ਕਿ ਆਪਣੀਆਂ ਧੀਆਂ ਦਾ ਖਿਆਲ ਰੱਖਣਾ ਸਾਡਾ ਸਭ ਦਾ ਫਰਜ਼ ਹੈ ਤੇ ਅਕਾਲ ਪੁਰਖ ਨੇ ਬਖਸ਼ਿਸ਼ ਕੀਤੀ ਹੈ ਕਿ ਅਸੀਂ ਇਹ ਜ਼ਿੰਮੇਵਾਰੀ ਨਿਭਾਉਣ ਵਿਚ ਸਫਲ ਹੋਏ ਹਾਂ। ਇਥੇ ਦੱਸਣਯੋਗ ਹੈ ਕਿ ਸਿੱਖ ਲੜਕੀ ਮਨਮੀਤ ਕੌਰ ਨੂੰ ਕਸ਼ਮੀਰ ਵਿਚ ਬੰਦੂਕ ਦੀ ਨੋਕ 'ਤੇ ਅਗਵਾ ਕਰ ਕੇ ਜਬਰੀ ਧਰਮ ਬਦਲੀ ਕੀਤਾ ਗਿਆ ਸੀ। ਜਦੋਂ ਕਸ਼ਮੀਰੀ ਸਿੱਖਾਂ ਨੇ ਇਸਦਾ ਵਿਰੋਧ ਕੀਤਾ ਤਾਂ ਪੁਲਿਸ ਨੇ ਇਹ ਲੜਕੀ ਪਰਿਵਾਰ ਹਵਾਲੇ ਕਰ ਦਿੱਤੀ ਸੀ ਜਿਸਦਾ ਸੁਖਪ੍ਰੀਤ ਸਿੰਘ ਨਾਲ ਗੁਰ ਮਰਿਆਦਾ ਅਨੁਸਾਰ ਵਿਆਹ ਕਰ ਦਿੱਤਾ ਗਿਆ ਸੀ। ਫਿਰ ਇਸ ਲੜਕੀ ਤੇ ਉਸਦੇ ਪਤੀ ਨੂੰ ਸ੍ਰ. ਸਿਰਸਾ ਸੁਰੱਖਿਅਤ ਦਿੱਲੀ ਲੈ ਆਏ ਸਨ।

### ਕਰੋਨਾ ਕਾਲ ਵਿੱਚ ਆਰਥਿਕ ਸੰਕਟ ਵਿੱਚ ਘਿਰੇ ਸਿੱਖ ਪਰਿਵਾਰਾਂ ਲਈ

# ਦਿੱਲੀ ਕਮੇਟੀ ਵੱਲੋਂ ਵੱਡੀ ਆਰਥਿਕ ਸਹਾਇਤਾ ਦਾ ਐਲਾਨ

**2500 ਰੁਪਏ ਮਾਸਿਕ ਪੈਨਸ਼ਨ, ਧੀਆਂ ਦੇ ਵਿਆਹ ਲਈ 21000 ਰੁਪਏ ਸ਼ਗਨ, ਬੱਚਿਆਂ ਦੀ ਸਕੂਲ/ਕਾਲਜ ਪੱਧਰ ਦੀ ਮੁਫ਼ਤ ਪੜ੍ਹਾਈ ਅਤੇ ਬੇਰੁਜ਼ਗਾਰ ਹੋਏ ਰਾਗੀ/ਢਾਡੀਆਂ ਦੀ ਮਾਲੀ ਸਹਾਇਤਾ ਕਰਨ ਦਾ ਐਲਾਨ**



ਕਰੋਨਾ ਕਾਲ ਵਿੱਚ ਆਰਥਿਕ ਸੰਕਟ ਵਿੱਚ ਘਿਰੇ ਸਿੱਖ ਪਰਿਵਾਰਾਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਡੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਕਰੋਨਾ ਕਾਲ ਵਿਚ ਜਿਹੜੇ ਰਾਗੀ, ਢਾਡੀ, ਕੀਰਤਨੀਏ ਜਾਂ ਗ੍ਰੰਥੀ ਸਿੰਘਾਂ ਨੇ ਆਪਣਾ ਰੁਜ਼ਗਾਰ ਗੁਆਇਆ ਹੈ, ਸਿੰਘ ਸਭਾਵਾਂ ਦੀ ਸਿਫਾਰਸ਼ 'ਤੇ ਉਨ੍ਹਾਂ ਦੀ ਲੋੜ ਅਨੁਸਾਰ ਆਰਥਿਕ ਮਦਦ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਲੰਗਰ ਲਈ ਰਸਦ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜਿਹੜੇ ਸਿੱਖ ਬੱਚਿਆਂ ਦੇ ਸਿਰ ਤੋਂ ਪਿਤਾ ਦਾ ਸਾਇਆ ਕਰੋਨਾ ਕਾਲ ਵਿਚ ਉੱਠ ਗਿਆ ਹੈ, ਉਨ੍ਹਾਂ ਬੱਚਿਆਂ ਨੂੰ ਕਮੇਟੀ ਦੇ ਸਕੂਲਾਂ ਵਿੱਚ 12ਵੀਂ ਤੱਕ ਮੁਫ਼ਤ ਵਿੱਦਿਆ ਦਿੱਤੀ ਜਾਵੇਗੀ। ਅਜਿਹੇ ਬੱਚੇ ਜੇਕਰ ਦੂਜੇ ਸਕੂਲਾਂ ਤੋਂ ਕਮੇਟੀ ਦੇ ਸਕੂਲਾਂ ਵਿਚ ਸ਼ਿਫਟ ਹੋਣਗੇ ਤਾਂ ਉਨ੍ਹਾਂ ਨੂੰ ਵੀ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਾਲਜਾਂ ਵਿੱਚ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਦਿੱਲੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਮੇਟੀ ਦੇ ਕਾਲਜਾਂ ਵਿੱਚ ਮੁਫ਼ਤ ਵਿਦਿਆ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਇਨ੍ਹਾਂ ਦੀ ਫੀਸ ਕਮੇਟੀ ਭਰੇਗੀ।

ਸ੍ਰ. ਸਿਰਸਾ ਤੇ ਸ੍ਰ. ਕਾਲਕਾ ਨੇ ਦੱਸਿਆ ਕਿ ਕਰੋਨਾ ਨਾਲ ਜਿਹੜੇ ਲੋੜਵੰਦ ਸਿੱਖ ਪਰਿਵਾਰਾਂ ਦੇ ਮੁਖੀਆ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਨੂੰ 2500 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਰੋਨਾ ਨਾਲ ਜਿਹੜੀਆਂ ਸਿੱਖ ਧੀਆਂ ਦੇ ਪਿਤਾ ਦੀ ਮੌਤ ਹੋਈ ਹੈ, ਉਨ੍ਹਾਂ ਧੀਆਂ ਦੇ ਵਿਆਹ ਵੇਲੇ ਕਮੇਟੀ ਵੱਲੋਂ 21 ਹਜ਼ਾਰ ਰੁਪਏ ਸ਼ਗਨ ਦਿੱਤਾ ਜਾਵੇਗਾ ਤੇ ਗੁਰਦੁਆਰਾ ਸਾਹਿਬ ਵਿੱਚ ਇਨ੍ਹਾਂ ਦੇ ਆਨੰਦ ਕਾਰਜ ਦਾ ਪ੍ਰਬੰਧ ਵੀ ਕਮੇਟੀ ਕਰੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਰਾਗੀ, ਢਾਡੀ, ਕੀਰਤਨੀਏ ਤੇ ਗ੍ਰੰਥੀ ਹੀ ਬੇਰੁਜ਼ਗਾਰ ਹੋ ਕੇ ਰੁਲ ਗਏ ਤਾਂ ਸਾਡੀਆਂ ਜਾਂ ਹੋਰ ਗੁਰਦੁਆਰਾ ਕਮੇਟੀਆਂ ਜਾਂ ਸਿੰਘ ਸਭਾਵਾਂ ਦੀਆਂ ਸੇਵਾਵਾਂ ਕਦੇ ਵੀ ਪ੍ਰਵਾਨ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਕਿਸੇ ਵੀ ਸਿੱਖ ਪਰਿਵਾਰ ਦਾ ਬੱਚਾ ਵਿਦਿਆ ਤੋਂ ਵਾਂਝਾ ਨਾ ਰਹੇ, ਕੋਈ ਧੀ ਵਿਆਹੁਣ ਤੋਂ ਨਾ ਰਹਿ ਜਾਵੇ ਤੇ ਕੋਈ ਵੀ ਰਾਗੀ, ਢਾਡੀ, ਕੀਰਤਨੀਆ ਜਾਂ ਗ੍ਰੰਥੀ ਆਰਥਿਕ ਸੰਕਟ ਨਾਲ ਨਾ ਜੂਝੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਵੀ ਐਲਾਨ ਕੀਤਾ ਕਿ ਕਮੇਟੀ ਵੱਲੋਂ ਜਿਹੜਾ 125 ਬੈੱਡਾਂ ਦਾ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ, ਸਿੰਘ ਸਭਾਵਾਂ ਵੱਲੋਂ ਮਰੀਜ਼ਦੀ ਸਿਫਾਰਸ਼ ਕਰਨ 'ਤੇ ਉਸ ਨੂੰ ਇਲਾਜ ਵਾਸਤੇ 50 ਫੀਸਦ ਰਿਆਇਤ ਦਿੱਤੀ ਜਾਵੇਗੀ ਤੇ ਅਜਿਹੇ ਮਰੀਜ਼ਦੇ ਐੱਮਆਰਆਈ ਤੇ ਸੀਟੀ ਸਕੈਨ ਮੁਫ਼ਤ ਕੀਤੇ ਜਾਣਗੇ।

## ਚੜੂਨੀ ਖਿਲਾਫ ਫਿਰਕੂ ਟਿੱਪਣੀਆਂ ਕਰਨ ਵਾਲੇ ਭਾਜਪਾ ਆਗੂ ਗੁਨੀ ਪ੍ਰਕਾਸ਼ ਖਿਲਾਫ ਕੇਸ ਦਰਜ਼ ਕਰਵਾਏਗੀ ਦਿੱਲੀ ਕਮੇਟੀ

ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਖਿਲਾਫ ਫਿਰਕੂਵਾਦੀ ਸੋਚ ਦੇ ਮਾਲਕ ਭਾਜਪਾ ਆਗੂ ਗੁਨੀ ਪ੍ਰਕਾਸ਼ ਵੱਲੋਂ ਕੀਤੀਆਂ ਟਿੱਪਣੀਆਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਖਿਲਾਫ਼ ਕੇਸ ਦਰਜ ਕਰਵਾਏਗੀ। ਦਿੱਲੀ ਕਮੇਟੀ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਸ ਨੂੰ ਜੇਲ੍ਹ ਵੀ ਛੱਡ ਕੇ ਆਵਾਂਗੇ ਤੇ ਐਸਾ ਸਬਕ ਸਿਖਾਵਾਂਗੇ ਕਿ ਉਸ ਦੀਆਂ ਪੁਸ਼ਤਾਂ ਵੀ ਯਾਦ ਰੱਖਣਗੀਆਂ। ਇਥੇ ਜਾਰੀ ਕੀਤੇ ਇਕ ਬਿਆਨ ਵਿੱਚ ਸ. ਸਿਰਸਾ ਨੇ ਕਿਹਾ ਕਿ ਗੁਰਨਾਮ ਸਿੰਘ ਚੜੂਨੀ ਖਿਲਾਫ਼ ਜੋ ਗੁਨੀ ਪ੍ਰਕਾਸ਼ ਨੇ ਘਟੀਆ ਕਿਸਮ ਦੀ ਬਿਆਨਬਾਜ਼ੀ ਕੀਤੀ ਹੈ, ਉਸਦੀ ਅਸੀਂ ਸਖ਼ਤ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਹ ਨਸਲੀ ਟਿੱਪਣੀ ਅਚਾਨਕ ਹੀ ਨਹੀਂ ਕੀਤੀ ਗਈ ਬਲਕਿ ਇਕ ਗਿਣੀ-ਮਿਥੀ ਸਾਜਿਸ਼ ਤਹਿਤ ਅਜਿਹਾ ਬਿਆਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਇਸ ਬਿਆਨ ਵਿਰੁੱਧ ਕੇਸ ਦਰਜ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਤੇ ਦੁਨੀਆਂ ਵਿਚ ਕਿਸੇ ਦੀ ਜ਼ੁਰੱਅਤ ਨਹੀਂ ਹੈ ਕਿ ਖਾਲਸਾ ਦੀ ਦਸਤਾਰ ਨੂੰ ਹੱਥ ਪਾ ਸਕੇ। ਸ. ਸਿਰਸਾ ਨੇ ਕਿਹਾ ਕਿ ਇਹ ਬਿਆਨ ਹਿੰਦੂ ਤੇ ਸਿੱਖਾਂ ਅੰਦਰ ਪਾੜਾ ਪਾਉਣ ਦੇ ਮਨਸ਼ੇ ਨਾਲ ਉਸੇ ਤਰੀਕੇ ਦਿੱਤਾ ਗਿਆ ਹੈ ਜਿਵੇਂ 26 ਜਨਵਰੀ ਦੇ ਸੰਘਰਸ਼ ਨੂੰ ਸਰਕਾਰ ਨੇ ਸਿਰਫ ਸਿੱਖਾਂ ਦਾ ਸੰਘਰਸ਼ ਦੱਸ ਕੇ ਸਿੱਖਾਂ ਦੀ ਦੁਨੀਆਂ ਭਰ ਵਿਚ ਬਦਨਾਮੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰ ਫੇਲ੍ਹ ਹੋਈ, ਉਸੇ ਤਰੀਕੇ ਗੁਨੀ ਪ੍ਰਕਾਸ਼ ਵੀ ਫੇਲ੍ਹ ਹੋਵੇਗਾ। ਉਨ੍ਹਾਂ ਕਿਹਾ ਕਿ ਅਸੀਂ ਇੰਨੇ ਕਮਜ਼ੋਰ ਨਹੀਂ ਹਾਂ ਕਿ ਕੋਈ ਸਿੱਖਾਂ ਦੀ ਦਸਤਾਰ ਨੂੰ ਹੱਥ ਪਾ ਲਵੇ।

# ਕਕਾਰਾਂ ਸਮੇਤ ਸਿੱਖ ਬੱਚੀ ਨੂੰ ਪ੍ਰੀਖਿਆ ਦੇਣ ਤੋਂ ਰੋਕਣਾ ਮੰਦਭਾਗਾ : ਸਿਰਸਾ

ਅੰਮ੍ਰਿਤਧਾਰੀ ਸਿੱਖ ਬੱਚੀ ਨੂੰ ਕਕਾਰਾਂ ਸਮੇਤ ਦਿੱਲੀ ਸੁਬਾਰਡੀਨੇਟ ਸਰਵਿਸਿਜ਼ ਬੋਰਡ (ਡੀ.ਐਸ.ਐਸ.ਬੀ.) ਦੀ ਪ੍ਰੀਖਿਆ ਦੇਣ ਤੋਂ ਰੋਕੇ ਜਾਣ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਵਿਰੋਧ ਜਤਾਇਆ ਹੈ। ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਬੋਰਡ ਦੇ ਚੇਅਰਮੈਨ ਵਿਰੁੱਧ ਕਾਰਵਾਈ ਦੀ ਮੰਗ ਕਰਨ ਦੀ ਮੰਗ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੋ ਰਿਹਾ ਜਦੋਂ ਡੀ.ਐਸ.ਐਸ.ਬੀ. ਬੋਰਡ ਦੀ ਪ੍ਰੀਖਿਆ ਦੌਰਾਨ ਸਿੱਖ ਬੱਚਿਆਂ ਨੂੰ ਕਕਾਰ ਸਮੇਤ ਪ੍ਰੀਖਿਆ ਕੇਂਦਰ 'ਚ ਜਾਣ ਤੋਂ ਰੋਕਿਆ ਗਿਆ ਹੋਵੇ। ਇਸ ਤੋਂ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆ ਚੁਕੇ ਹਨ ਜਿਸ 'ਤੇ ਦਿੱਲੀ ਕਮੇਟੀ ਦੇ ਲੀਗਲ ਸੈਲ ਵੱਲੋਂ ਬੱਚਿਆਂ ਨੂੰ ਕਕਾਰ ਸਮੇਤ ਪ੍ਰੀਖਿਆ ਦੇਣ ਦੀ ਇਜਾਜ਼ਤ ਦੁਆਈ ਗਈ।




# ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ



ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 182ਵੀਂ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਕਮੇਟੀ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਵੱਲੋਂ ਬਾਰਾ ਖੰਬਾ ਰੋਡ ਸਥਿਤ ਰਣਜੀਤ ਸਿੰਘ ਜੀ ਦੇ ਬੁੱਤ 'ਤੇ ਜਾ ਕੇ ਸ਼ਰਧਾ ਦੇ ਫ਼ੁੱਲ ਭੇਟ ਕੀਤੇ ਗਏ। ਸ. ਕਾਲਕਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਜੋ ਕਿ ਕਾਬੂਲ, ਕੰਧਾਰ ਤੋਂ ਲੈ ਕੇ ਸਤਲੁਜ ਤੱਕ ਫ਼ੈਲਿਆ ਹੋਇਆ ਸੀ ਉਨ੍ਹਾਂ ਦੇ ਰਾਜ 'ਚ ਸਾਰੇ ਵਰਗ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਸਨ ਕਿਸੇ ਨਾਲ ਵੀ ਕੋਈ ਧੱਕੇਸ਼ਾਹੀ ਨਹੀਂ ਸੀ ਹੁੰਦੀ ਅਤੇ ਨਾ ਹੀ ਕਿਸੇ ਨੂੰ ਭੁੱਖਾ ਰਹਿਣਾ ਪੈਂਦਾ ਸੀ।

ਉਨ੍ਹਾਂ ਕਿਹਾ ਕਿ ਜਿਵੇਂ ਅੱਜ ਕਸ਼ਮੀਰ 'ਚ ਸਿੱਖਾਂ ਨਾਲ ਜਿਸ ਤਰ੍ਹਾਂ ਦੀ ਧੱਕੇਸ਼ਾਹੀ ਹੋ ਰਹੀ ਹੈ ਅਜਿਹਾ ਰਣਜੀਤ ਸਿੰਘ ਜੀ ਦੇ ਰਾਜ 'ਚ ਹੋ ਹੀ ਨਹੀਂ ਸੀ ਸਕਦਾ ਕਿ ਕੋਈ ਕਿਸੇ ਦੀ ਧੀ-ਭੈਣ ਨਾਲ ਅਜਿਹਾ ਕਰਨ ਦੀ ਹਿੰਮਤ ਕਰੇ। ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਸਿਰਫ਼ ਨਿਆਂ ਦੀ ਪ੍ਰਤੀਕ ਸੀ ਅਤੇ ਇਹੀ ਕਾਰਣ ਹੈ ਕਿ ਅੱਜ ਇੰਨ੍ਹਾਂ ਲੰਮਾ ਸਮਾਂ ਲੰਘਣ ਤੋਂ ਬਾਅਦ ਵੀ ਲੋਕੀਂ ਉਨ੍ਹਾਂ ਦੇ ਰਾਜ ਨੂੰ ਯਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰ ਧਰਮ ਦੇ ਲੋਕਾਂ ਨਾਲ ਭਾਵੇਂ ਹਿੰਦੂ ਹੋਵੇ, ਮੁਸਲਿਮ ਜਾਂ ਸਿੱਖ ਸਾਰਿਆਂ ਨਾਲ ਇਕੋ ਜਿਹਾ ਵਿਹਾਰ ਕੀਤਾ ਜਾਂਦਾ ਸੀ। ਉਨ੍ਹਾਂ ਨੇ ਆਪਣੇ ਰਾਜ 'ਚ ਨਾ ਸਿਰਫ਼ ਲੋਕਾਂ ਦੀ ਸੇਵਾ ਕੀਤੀ ਸਗੋਂ ਗੁਰਦੁਆਰਾ ਸਾਹਿਬਾਨਾਂ ਦੀ ਰੱਖਿਆ ਵੀ ਕੀਤੀ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਫਰਵਰੀ 2021 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 3839520 | 4561 | 17023408 | 158530 | 323050 | --- | 1059 | 481720 | 867532 | 2450 | 2647831 | 540514 | --- | 9152500 | 211200 | 1100 | 12256568 | --- | --- | --- | --- |
| ਲੰਗਰ | --- | 69712 | 15331 | 11021315 | 21040 | 189920 | --- | 19200 | 7465 | 177062 | 5800 | 582638 | 855630 | --- | 2016338 | --- | 3000 | 3651970 | --- | --- | --- | --- |
| ਪ੍ਰਸ਼ਾਦਿ | --- | 180854 | 29314 | 7459277 | 14550 | 405643 | --- | 5785 | 43200 | 666196 | 128821 | 473003 | 1125432 | --- | 1704154 | 8400 | 600 | 2359126 | --- | --- | --- | --- |
| ਸ੍ਰੀ ਆਖੰਡ ਪਾਠ | --- | 67100 | 24400 | 1609400 | 18300 | 85400 | --- | --- | --- | 18300 | 24400 | 146400 | 384300 | --- | 103700 | --- | 6100 | 878400 | --- | --- | --- | --- |
| ਕਿਊ.ਐਮ.ਸੀ. | 875 | 22043 | 645 | --- | 690 | 2557 | 550 | 780 | 1455 | 8640 | 13176 | 7148 | 15672 | 300 | 31263 | 750 | --- | 18810 | --- | --- | --- | --- |
| ਸਰਾਂ | --- | 4000 | --- | 950400 | --- | 19500 | --- | --- | --- | --- | --- | 263200 | --- | --- | 101600 | --- | --- | 295525 | --- | --- | --- | --- |
| ਬਿਲਡਿੰਗ | --- | --- | 200 | 161200 | 4100 | 21000 | --- | --- | --- | --- | --- | --- | --- | --- | 29720 | 1200 | 6300 | 405000 | --- | --- | --- | --- |
| ਫੁਟਕਲ | --- | --- | --- | --- | --- | --- | --- | --- | --- | --- | --- | --- | --- | --- | 8270 | 10400 | --- | 85880 | --- | --- | 323275 | --- |
| ਅਨੰਦ ਕਾਰਜ ਭੇਟਾ | --- | --- | --- | --- | --- | 24100 | --- | --- | --- | --- | --- | --- | 46100 | --- | 1409500 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਡੋਨੇਸ਼ਨ ਕੋਰੋਨਾ | --- | --- | --- | 2846828 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ/ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 100 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1897267 | --- | --- |
| 1984 ਕਤਲੇਆਮ ਮੈਮੋਰੀਅਲ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁਰਮਤਿ ਅਤੇ ਗੁਰਬਾਣੀ ਅਕਾਦਮੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਕੈਰੀਅਰ ਗਾਇਡੈਂਸ ਕੈਂਪ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਫਤਿਹ ਮਾਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1498391 | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5230 | --- | --- | --- |
| ਗੁਰਦੁਆਰਾ ਮਿਲਾਪ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 260 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 18014 | --- | --- | --- |
| ਸਿੱਖਿਆ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 544929 |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 171410 | --- | --- | --- |
| ਪਿੰਨੀ ਪ੍ਰਸ਼ਾਦ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 358000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 150650 | --- | --- | --- |
| ਰਿਲੀਫ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਜੋੜ | 875 | 4183229 | 74451 | 41071828 | 217210 | 1071170 | 550 | 26824 | 533840 | 1737730 | 174647 | 4120220 | 2967648 | 300 | 14557045 | 231950 | 17100 | 19951279 | 2202055 | 1897267 | 323275 | 544929 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਫਰਵਰੀ 2021 (ਖਰਚ ਭਾਗ)

| ਅਕਾਊਂਟਸ ਖਰਚ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ | ਹੋਰ ਖਰਚ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 32372 | 191365 | 15043 | 1733483 | 2963 | 23900 | 5332 | 27013 | 8481 | 335414 | 62424 | 573712 | 897126 | 1218480 | 5288 | 6583 | 968542 | --- | --- | --- | --- | --- |
| ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ | 16860 | 304029 | --- | 1396518 | 12620 | 240891 | 9246 | 25425 | 40268 | 588689 | 42066 | 172903 | 574125 | 654419 | 16995 | --- | 1616972 | --- | --- | --- | --- | --- |
| ਸ੍ਰੀ ਅਖੰਡ ਪਾਠ | --- | 66361 | 16800 | 1491403 | 29400 | 45943 | --- | --- | --- | 365 | 17348 | 205127 | 358796 | 174065 | 4200 | 12600 | 439042 | --- | --- | --- | --- | --- |
| ਬਿਜਲੀ / ਪਾਣੀ | 9671 | 452905 | 12371 | 1147368 | 17470 | 118191 | 4050 | 6580 | 51119 | 115600 | 36040 | 314151 | 422915 | 1495268 | 34230 | 7701 | 586720 | --- | --- | --- | --- | --- |
| ਫੁਟਕਲ | 25560 | 97285 | 100 | 911080 | 6000 | 48454 | 13055 | 935 | 47200 | 83483 | 56851 | 114920 | 640336 | 407313 | 4486 | 6677 | 309239 | --- | --- | --- | --- | --- |
| ਟੈਲੀਫੋਨ | --- | 667 | --- | 7094 | 667 | 690 | --- | --- | 667 | 1102 | 693 | 984 | 860 | 667 | --- | --- | 667 | --- | --- | --- | --- | --- |
| ਸਫਾਈ ਤੇ ਰੱਖਰਖਾਵ | --- | 70800 | --- | 383500 | --- | 71775 | --- | --- | 429 | 70800 | 71580 | 88590 | 93375 | 476882 | --- | 117 | 3314 | --- | --- | --- | 38350 | --- |
| ਕਨਵੈਂਸ ਚਾਰਜਿਸ | 2610 | 3050 | 840 | 1560 | 200 | --- | 150 | 720 | --- | 5650 | 1000 | 300 | 2550 | --- | 250 | 840 | 1810 | --- | --- | --- | --- | --- |
| ਬਿਲਡਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਰਿਪੇਅਰ ਤੇ ਰੱਖਰਖਾਵ | --- | 97742 | --- | 129088 | --- | 38265 | --- | 1400 | --- | 71592 | 26462 | 54805 | 181864 | 318593 | 3805 | 16000 | 86655 | --- | --- | --- | 65630 | --- |
| ਲੰਗਰ ਅਤੇ ਫੁਟਕਲ (ਕੋਵਿਡ 19) | --- | --- | --- | 15000 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਕਿਰਾਇਆ ਟੈਂਟ | --- | --- | --- | 946219 | --- | --- | --- | --- | --- | --- | --- | --- | 40474 | --- | --- | --- | --- | --- | --- | --- | --- | --- |
| ਇੰਸ਼ੋਰੈਂਸ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 37199 | --- | --- | --- | --- |
| 1984 ਦੰਗਾ ਪੀੜਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | 5250 | --- | --- | --- | --- |
| ਐਡਵਰਟਾਇਜਮੈਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | 325400 | --- | --- | --- | --- |
| ਬੈਂਕ ਚਾਰਜਿਜ | --- | --- | --- | --- | --- | --- | --- | --- | --- | --- | --- | --- | --- | --- | --- | --- | --- | 18624 | --- | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | 33669 | --- | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 963207 | --- |
| ਮੁਲਾਜਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 810566 | --- | --- | --- | --- |
| ਗੁ: ਬਾਬਾ ਬੁੱਢਾ ਜੀ T.D.I City | --- | --- | --- | --- | --- | --- | --- | --- | --- | --- | --- | --- | --- | --- | --- | --- | --- | 131941 | --- | --- | --- | --- |
| ਗੁ: ਬੈਕੁੰਠ ਧਾਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1632 | --- | --- | --- | --- |
| ਗੁ: ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | 34453 | --- | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 9024 | --- | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 99054 | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1013542 | --- | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 2448551 | --- | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 705940 | --- | --- | --- | --- |
| ਮੈਡੀਕਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 673904 | --- | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1854762 | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 2721004 | --- | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | 248114 | --- | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | 194003 | --- | --- | --- | --- |
| ਪ੍ਰਿਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 8420 | --- | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 166595 | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 502438 | --- | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | 680171 | --- | --- | --- | --- |
| ਤਨਖ਼ਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | 32562983 | --- | --- | --- | --- |
| ਸਕਾਲਰਸ਼ਿਪ | --- | --- | --- | --- | --- | --- | --- | --- | --- | --- | --- | --- | --- | --- | --- | --- | --- | 670226 | --- | --- | --- | --- |
| ਵੈਬਸਾਈਟ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 273170 | --- | --- | --- | --- |
| ਸਟੀਚਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | 6797 | --- | --- | --- | --- |
| ਜੋੜ | 87073 | 1284204 | 45154 | 8162313 | 69320 | 588109 | 31833 | 62073 | 148164 | 1272695 | 314464 | 1525492 | 3212421 | 4745687 | 69254 | 50518 | 4012961 | 45396934 | 673904 | 166595 | 1067187 | |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਾਰਚ 2021 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | 62100 | 2908286 | 141800 | 24935555 | 2620 | 552000 | --- | 134145 | 7950 | 457263 | 578900 | 1038823 | 3292479 | --- | 2370308 | 12530 | 194000 | 16057030 | --- | --- | --- | --- |
| ਲੰਗਰ | 1851 | 175225 | 701 | 14091910 | 21735 | 191855 | --- | 16200 | 1656 | 308403 | 35929 | 674112 | 1009241 | --- | 2582387 | 100 | 1995 | 6867672 | --- | --- | --- | --- |
| ਪ੍ਰਸ਼ਾਦਿ | --- | 493724 | --- | 12173341 | 17700 | 728228 | 4501 | 9601 | 31550 | 696282 | 77932 | 855212 | 1954565 | --- | 1080049 | 5000 | 2400 | 4186292 | --- | --- | --- | --- |
| ਸ੍ਰੀ ਆਖੰਡ ਪਾਠ | 6100 | 109800 | 6100 | 2635200 | 36600 | 67100 | --- | --- | 6100 | 48800 | 73200 | 237900 | 658800 | --- | 408700 | 6100 | --- | 1055300 | --- | --- | --- | --- |
| ਕਿਊ.ਐਮ.ਸੀ. | 875 | 25101 | 645 | 360 | 690 | 3057 | 550 | 780 | 1455 | 9640 | 15091 | 7148 | 16860 | 300 | 36950 | 750 | --- | 19138 | --- | --- | --- | --- |
| ਸਰਾਂ | --- | 2300 | --- | 1059650 | --- | 24600 | --- | --- | --- | 42250 | --- | 353750 | --- | --- | 182700 | --- | --- | 517000 | --- | --- | --- | --- |
| ਬਿਲਡਿੰਗ | 3723 | --- | --- | 292900 | 500 | --- | --- | 500 | --- | --- | 500 | 1100 | --- | --- | 181380 | 3200 | --- | 207953 | --- | --- | --- | --- |
| ਫੁਟਕਲ | --- | 1275 | --- | 335869 | --- | --- | --- | --- | --- | --- | --- | 1528 | 50938 | --- | 50938 | --- | --- | 708033 | --- | --- | 439973 | --- |
| ਅਨੰਦ ਕਾਰਜ ਭੇਟਾ | --- | --- | --- | --- | --- | 68000 | --- | --- | --- | --- | --- | --- | 75400 | --- | 990000 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 55869 | --- | --- | --- |
| ਡੋਨੇਸ਼ਨ ਕੋਰੋਨਾ | --- | --- | --- | 8927713 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ/ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 134474 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2301042 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 699500 | --- | --- | --- |
| ਗੁਰਦੁਆਰਾ ਮਿਲਾਪ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 73110 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 34032 | --- | --- | --- |
| ਸੀ.ਐਸ.ਆਰ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 11272722 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 258785 |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1693827 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 721980 | --- | --- | --- |
| ਪਿੰਨੀ ਪ੍ਰਸ਼ਾਦ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 550000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 194550 | --- | --- | --- |
| ਜੋੜ | 74649 | 3715711 | 149246 | 64452498 | 79845 | 1634840 | 5051 | 161226 | 48711 | 1562638 | 781552 | 3169573 | 7058283 | 300 | 7883412 | 27680 | 198395 | 29618418 | 15430064 | 2301042 | 439973 | 258785 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਾਰਚ 2021 (ਖਰਚ ਭਾਗ)

| ਅਕਾਊਂਟਸ ਖਰਚ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ | ਹੋਰ ਖਰਚ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 25768 | 541713 | 34920 | 5611120 | --- | 101349 | 3111 | 8310 | 25884 | 320666 | 105114 | 722153 | 946903 | 2259777 | 2520 | 6123 | 1479424 | --- | --- | --- | --- | --- |
| ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ | 16860 | 390154 | 16995 | 1651110 | 21389 | 567113 | 8430 | 34716 | 40383 | 446566 | 71341 | 204887 | 701921 | 488372 | 16995 | 8565 | 2313074 | --- | --- | --- | --- | --- |
| ਸ੍ਰੀ ਆਖੰਡ ਪਾਠ | --- | 51169 | 8400 | 1378738 | 12600 | 44192 | --- | --- | 4200 | 17676 | 25748 | 160115 | 552258 | 147431 | 4200 | --- | 985438 | --- | --- | --- | --- | --- |
| ਬਿਜਲੀ / ਪਾਣੀ | --- | 787828 | 7990 | 2635367 | 16740 | 161741 | 2720 | 2337 | 50700 | 178757 | 150321 | 456830 | 688535 | 1332472 | --- | 4840 | 1099815 | --- | --- | --- | --- | --- |
| ਫੁਟਕਲ | 41607 | 83451 | 34522 | 1843555 | 7043 | 50514 | 14423 | 2354 | 19705 | 149026 | 71772 | 139373 | 483888 | 502618 | 69813 | 14576 | 396244 | --- | --- | --- | --- | --- |
| ਟੈਲੀਫੋਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸਫਾਈ ਤੇ ਰੱਖਰਖਾਵ | 482 | 39036 | 460 | 414034 | --- | 147176 | 163 | 245 | 195 | 37850 | 35940 | 263820 | 178470 | 254315 | --- | 157 | 554600 | --- | --- | --- | 85904 | --- |
| ਕਨਵੈਂਸ ਚਾਰਜਿਸ | 980 | 2800 | 1180 | 800 | 400 | --- | 150 | 1250 | 1000 | 2800 | --- | 350 | 2020 | 410 | 250 | 860 | 3790 | --- | --- | --- | --- | --- |
| ਬਿਲਡਿੰਗ | --- | --- | --- | 1962998 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਰਿਪੇਅਰ ਤੇ ਰੱਖਰਖਾਵ | --- | 205636 | 414 | 487668 | --- | 63330 | --- | --- | --- | 71390 | 64040 | 99797 | 446576 | 1479911 | --- | --- | 284742 | --- | --- | --- | 37145 | --- |
| ਲੰਗਰ ਅਤੇ ਫੁਟਕਲ (ਕੋਵਿਡ 19) | --- | --- | --- | 52440 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਕਿਰਾਇਆ ਟੈਂਟ | --- | --- | 43711 | 2101243 | --- | --- | --- | --- | --- | --- | --- | --- | 15694 | --- | --- | --- | 24324 | --- | --- | --- | --- | --- |
| 1984 ਦੰਗਾ ਪੀੜ੍ਹਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | 10280 | --- | --- | --- | --- |
| 1984 ਸਿੱਖ ਕਤਲੇਆਮ ਯਾਦਗਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 43128 | --- | --- | --- | --- |
| ਐਡਵਰਟਾਇਜਮੈਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1007310 | --- | --- | --- | --- |
| ਆਡਿਟ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 601800 | --- | --- | --- | --- |
| ਬੈਂਕ ਚਾਰਜਿਜ | --- | --- | --- | --- | --- | --- | --- | --- | --- | --- | --- | --- | --- | --- | --- | --- | --- | 49474 | --- | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | 75000 | --- | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3206367 | --- |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 2324122 | --- | --- | --- | --- |
| ਕਨਸਲਟੈਂਸੀ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 236000 | --- | --- | --- | --- |
| ਗੁ: ਬਾਬਾ ਬੁੱਢਾ ਜੀ T.D.I City | --- | --- | --- | --- | --- | --- | --- | --- | --- | --- | --- | --- | --- | --- | --- | --- | --- | 107060 | --- | --- | --- | --- |
| ਗੁ: ਬੈਂਕੁੰਠ ਧਾਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | 3726 | --- | --- | --- | --- |
| ਗੁ: ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | 19956 | --- | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 20028 | --- | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 118455 | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | 35345569 | --- | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 4689517 | --- | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 4949996 | --- | --- | --- | --- |
| ਮੈਡੀਕਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6864769 | --- | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | 2200152 | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 21200128 | --- | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | 1699187 | --- | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | 344638 | --- | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 92949 | --- | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 647241 | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 689625 | --- | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | 411487 | --- | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | 49312788 | --- | --- | --- | --- |
| ਸਕਾਲਰਸ਼ਿਪ | --- | --- | --- | --- | --- | --- | --- | --- | --- | --- | --- | --- | --- | --- | --- | --- | --- | 181000 | --- | --- | --- | --- |
| ਸੋਲਰ ਸਿਸਟਮ ਪਲਾਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਵੈਬਸਾਈਟ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 441320 | --- | --- | --- | --- |
| ਸਟੀਚਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | 10338 | --- | --- | --- | --- |
| ਜੋੜ | 85697 | 2101787 | 148592 | 18139073 | 58172 | 1135415 | 28997 | 49212 | 142067 | 1224731 | 524276 | 2047325 | 4016265 | 9539446 | 93778 | 35121 | 7141451 | 126185033 | 6864769 | 647241 | 3329416 | |

Note : The information in this documents in unaudited, therefore these are subject to change without notice and should not be construed as a commitment by DSGMC.

# Agsq mhIn dIAW isK ieiqhwsk GtnwvW

**1 ਅਗਸਤ**

**1863 ਈ.** ਮਹਾਰਾਣੀ ਜਿੰਦਾਂ ਦਾ ਅਕਾਲ ਚਲਾਣਾ ਹੋਇਆ।

**3 ਅਗਸਤ**

**1930 ਈ.** ਸ੍ਰ. ਖੜਗ ਸਿੰਘ ਨੂੰ ਮੀਟਿੰਗ ਵਿੱਚ ਸਟ੍ਰੇਚਰ 'ਤੇ ਪਾ ਕੇ ਲਿਆਂਦਾ ਗਿਆ, ਜਦੋਂ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਅਤੇ ਬਿਮਾਰ ਸਨ ਤਾਂ ਉਨ੍ਹਾਂ ਧਮਕੀ ਦਿੱਤੀ ਕਿ ਜੇਕਰ ਕਾਂਗਰਸ ਦੇ ਝੰਡੇ ਹੇਠ ਲੜਨ ਤੋਂ ਇਨਕਾਰ ਨਾ ਕੀਤਾ ਤਾਂ ਮੈਂ ਅਸਤੀਫਾ ਦੇ ਦਿਆਂਗਾ।

**1984 ਈ.** ਵਿਰੋਧੀ ਪਾਰਟੀਆਂ ਨੇ ਲੋਕ ਸਭਾ ਵਿੱਚ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਫੌਜ ਵਾਪਸ ਸੱਦੀ ਜਾਵੇ।

**4 ਅਗਸਤ**

**1914 ਈ.** ਗਦਰੀ ਆਗੂਆਂ ਵਲੋਂ ਵਿਦੇਸ਼ਾਂ ਵਿੱਚੋਂ ਪੰਜਾਬ ਨੂੰ ਚਾਲੇ ਪਾਏ ਗਏ। ਪਾਰਟੀ ਦੀ ਪਹਿਲੀ ਟੋਲੀ ਵਿੱਚ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਹੋਰ ਜੁਆਨ ਪੰਜਾਬ ਵਾਸਤੇ ਚੱਲ ਪਏ।

**1916 ਈ.** ਸਿੱਖਾਂ ਨੂੰ ਵਾਇਸਰਾਏ ਕੌਂਸਲ ਵਿੱਚ ਥਾਂ ਦੇਣ ਦੀ ਮੰਗ। ਇਹ ਮੈਂਬਰੀ ਵਜ਼ਾਰਤ ਦਾ ਦਰਜਾ ਰੱਖਦੀ ਸੀ।

**1977 ਈ.** ਗਿਆਨੀ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦਾ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਣ ਉਪਰੰਤ ਅਕਾਲ ਚਲਾਣਾ ਹੋਇਆ। ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਆਪਰੇਸ਼ਨ ਦੌਰਾਨ ਕੇਸਾਂ ਦਾ ਕੁੱਝ ਹਿੱਸਾ ਕੱਟਣ ਦੀ ਸਲਾਹ ਦਿੱਤੀ ਗਈ, ਜੋ ਉਨ੍ਹਾਂ ਨੇ ਠੁਕਰਾ ਦਿੱਤੀ। ਫਲਸਰੂਪ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ।

**5 ਅਗਸਤ**

**1871 ਈ.** ਬੁੱਚੜਾਂ ਦੇ ਕਾਤਲ ਤਿੰਨ ਕੂਕਿਆਂ ਨੂੰ ਰਾਏ ਕੋਟ ਵਿੱਚ ਫਾਂਸੀ ਦਿੱਤੀ ਗਈ।

**1944 ਈ.** ਜਿਨਹਾ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹਨ। ਪਾਕਿਸਤਾਨ ਬਣਨ ਉਪਰੰਤ ਮੁਸਲਿਮ ਲੀਗ ਸਿੱਖਾਂ ਨਾਲ ਆਦਲਾਨਾ ਸਲੂਕ ਕਰੇਗੀ।

**6 ਅਗਸਤ**

**1947 ਈ.** ਲੰਡਨ ਵਿੱਚ ਸਿੱਖਾਂ ਨੇ ਸ੍ਰੀ ਨਨਕਾਣਾ ਸਾਹਿਬ ਨੂੰ ਵੈਟੀਕਨ ਸਟੇਟਸ ਦੇਣ ਵਾਸਤੇ ਮੈਮੋਰੰਡਮ ਦਿੱਤਾ।

**7 ਅਗਸਤ**

**1925 ਈ.** ਜੈਤੋ ਵਿੱਚ (ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਉਪਰੰਤ) ਸਿੱਖਾਂ ਵੱਲੋਂ ਲਗਾਏ ਗਏ ਮੋਰਚੇ ਵਿੱਚ ਹੋਈ ਸਫਲਤਾ ਤੋਂ ਬਾਅਦ ਉਥੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਸ਼ੁਰੂ ਕਰਵਾਈ ਗਈ। ਇਸ ਲੜੀ ਵਿੱਚ 101 ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਹੋਏ।

**8 ਅਗਸਤ**

**1881 ਈ.** ਲਾਰਡ ਰਿਪਨ ਨੇ ਵਾਇਸਰਾਏ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਚਿੱਠੀ ਲਿੱਖੀ। ਸਰਕਾਰ ਨੇ ਸਰਬਰਾਹ ਨਿਯੁਕਤ ਕਰ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਿਆ ਸੀ। ਸਰਬਰਾਹ ਸਿੱਧਾ ਅੰਗਰੇਜ਼ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ।

**1922 ਈ.** ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋਇਆ।

**10 ਅਗਸਤ**

**1966 ਈ.** ਲੋਕ ਸਭਾ ਵਿੱਚ ਸਰਕਾਰ ਨੇ ਪੰਜਾਬੀ ਸੂਬਾ ਕਾਇਮ ਕਰਨ ਦਾ ਬਿੱਲ ਪੇਸ਼ ਕੀਤਾ।

**11 ਅਗਸਤ**

**1635 ਈ.** ਸਾਈਂ ਮੀਆਂ ਮੀਰ ਜੀ ਦਾ ਅਕਾਲ ਚਲਾਣਾ ਹੋਇਆ। ਛੇਵੇਂ ਪਾਤਿਸ਼ਾਹ ਮਾਝੇ ਦੇ ਦੌਰੇ 'ਤੇ ਸਨ ਕਿ ਉਨ੍ਹਾਂ ਨੂੰ ਖਬਰ ਮਿਲੀ ਕਿ ਸਾਈਂ ਮੀਆਂ ਮੀਰ ਜੀ ਪਰਲੋਕ ਸਿਧਾਰ ਗਏ ਹਨ ਤਾਂ ਗੁਰੂ ਸਾਹਿਬ ਉਨ੍ਹਾਂ ਦੀ ਦੇਹ ਨੂੰ ਦਫਨ ਕਰਨ ਦੇ ਮੌਕੇ ਉੱਤੇ ਆਪ ਲਾਹੌਰ ਪੁੱਜੇ।

**1664 ਈ.** ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰਗੱਦੀ ਸੰਭਾਲੀ।

**1740 ਈ.** ਸਿੱਖਾਂ ਨੇ ਮਸੇ ਰੰਗੜ ਦਾ ਸਿਰ ਵੱਢਿਆ।



**12 ਅਗਸਤ**

**1917 ਈ.** ਗਦਰੀ ਆਗੂ ਬੰਤਾ ਸਿੰਘ ਨੂੰ ਫਾਂਸੀ ਦਿੱਤੀ ਗਈ।

13 ਅਗਸਤ

1986 ਈ. ਸਿੱਖ ਕੌਮ ਦੇ ਮਹਾਨ ਵਿਦਵਾਨ ਸਿਰਦਾਰ ਕਪੂਰ ਸਿੰਘ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ ਦਾ ਅਕਾਲ ਚਲਾਣਾ ਹੋਇਆ।



15 ਅਗਸਤ

1951 ਈ. ਟਾਈਮਜ਼ ਆਫ ਇੰਡੀਆ ਨੇ ਪੰਜਾਬੀ ਸੂਬੇ ਦੀ ਹਮਾਇਤ ਕੀਤੀ।

18 ਅਗਸਤ

1947 ਈ. ਭਗਤ ਪੂਰਨ ਸਿੰਘ ਨੇ ਅੰਮ੍ਰਿਤਸਰ ਵਿਖੇ ਪਿੰਗਲਵਾੜੇ ਦੀ ਸ਼ੁਰੂਆਤ ਕੀਤੀ।

19 ਅਗਸਤ

1590 ਈ. ਤਰਨਤਾਰਨ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਦੀ ਖੁਦਾਈ ਸ਼ੁਰੂ ਹੋਈ।

1665 ਈ. ਰੁਸਤਮ ਖਾਂ ਦਾ ਸ੍ਰੀ ਅਨੰਦਪੁਰ ਸਾਹਿਬ ਉੱਤੇ ਹਮਲਾ ਨਾਕਾਮ ਹੋਇਆ।

20 ਅਗਸਤ

1507 ਈ. ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਤੋਂ ਪਹਿਲੀ ਉਦਾਸੀ ਆਰੰਭ ਕੀਤੀ।

1940 ਈ. ਆਲ ਪਾਰਟੀ ਸਿੱਖ ਕਾਨਫਰੰਸ ਵੱਲੋਂ ਸਿੱਖ ਸਟੇਟ ਦੀ ਮੰਗ।

21 ਅਗਸਤ

1664 ਈ. ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਪੁੱਜੇ।

1920 ਈ. ਚਮਾਲਾ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆਇਆ।

22 ਅਗਸਤ

1960 ਈ. ਪੰਜਾਬੀ ਸੂਬੇ ਮੋਰਚੇ ਦੇ ਦੌਰਾਨ ਸਿੱਖ ਰਿਟਾਇਰਡ ਕਰਨਲ ਜੋਰਾਵਰ ਸਿੰਘ ਦੀ ਮੌਤ ਹੋਈ।

23 ਅਗਸਤ

1921 ਈ. ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਬਜ਼ੇ ਵਿੱਚ ਲਿਆ।

24 ਅਗਸਤ

1809 ਈ. ਮਹਾਰਾਜਾ ਰਣਜੀਤ ਸਿੰਘ ਦਾ ਕਾਂਗੜਾ ਦੇ ਕਿਲ੍ਹੇ 'ਤੇ ਕਬਜ਼ਾ।

1933 ਈ. ਸ੍ਰ. ਸੇਵਾ ਸਿੰਘ ਠੀਕਰੀਵਾਲ ਗ੍ਰਿਫਤਾਰ।

25 ਅਗਸਤ

1636 ਈ. ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦਾ ਅਕਾਲ ਚਲਾਣਾ ਹੋਇਆ।

1922 ਈ. ਗੁਰੂ ਕਾ ਬਾਗ ਮੋਰਚਾ ਵਿੱਚ ਗ੍ਰਿਫਤਾਰੀਆਂ ਦੀ ਥਾਂ ਬੀ.ਟੀ. ਦੇ ਹੁਕਮ ਨਾਲ ਸਿੰਘਾਂ ਦੀ ਮਾਰ ਕੁਟਾਈ ਹੋਈ।



26 ਅਗਸਤ

1661 ਈ. ਭਾਈ ਦਇਆ ਸਿੰਘ ਜੀ (ਪੰਜ ਪਿਆਰੇ 'ਚੋਂ) ਦਾ ਜਨਮ।

1931 ਈ. ਸ਼੍ਰੋਮਣੀ ਅਕਾਲੀ ਦਲ ਵੱਲੋਂ ਡਸਕਾ ਮੋਰਚਾ ਲਾਉਣ ਦਾ ਫੈਸਲਾ।

27 ਅਗਸਤ

1921 ਈ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਕਾਇਦਾ ਦਫਤਰੀ ਕੰਮਕਾਜ ਸ਼ੁਰੂ ਕੀਤਾ।

1923 ਈ. ਮਹਾਰਾਜਾ ਨਾਭਾ ਨੂੰ ਗੱਦੀਉਂ ਲਾਹੁਣ ਉਪਰੰਤ ਜੈਤੋ ਵਿੱਚ ਦੀਵਾਨ ਤੇ ਗ੍ਰਿਫਤਾਰੀਆਂ।

28 ਅਗਸਤ

1670 ਈ. ਗੁਰੂ ਗੋਬਿੰਦ ਸਿੰਘ ਜੀ ਲਖਨੌਰ ਪੁੱਜੇ।

1922 ਈ. ਵਰਲਡ ਪ੍ਰੈਸ ਦੇ ਪ੍ਰਤੀਨਿਧ ਗੁਰੂ ਕਾ ਬਾਗ ਪੁੱਜੇ।

29 ਅਗਸਤ

1700 ਈ. ਤਾਰਾਗੜ੍ਹ 'ਤੇ ਬਿਲਾਸਪੁਰ ਦੀਆਂ ਪਹਾੜੀ ਫੌਜਾਂ ਦਾ ਹਮਲਾ।

1958 ਈ. ਬਾਬਾ ਬਕਾਲਾ ਵਿਖੇ ਹੋਈ ਅਕਾਲੀ ਕਾਨਫਰੰਸ ਵੱਲੋਂ ਪੰਜਾਬੀ ਸੂਬੇ ਦੀ ਮੰਗ।

30 ਅਗਸਤ

1700 ਈ. ਫਤਹਿਗੜ੍ਹ ਕਿਲ੍ਹੇ ਉੱਤੇ ਬਿਲਾਸ ਪੁਰੀ ਪਹਾੜੀ ਫੌਜਾਂ ਦਾ ਹਮਲਾ।

31 ਅਗਸਤ

1700 ਈ. ਅਗੰਮਗੜ੍ਹ ਕਿਲ੍ਹੇ 'ਤੇ ਪਹਾੜੀ ਫੌਜਾਂ ਦਾ ਹਮਲਾ

◆◆◆



# ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਗੁਰੂ ਘਰ ਦੇ ਸੱਚੇ ਸਿੱਖ ਅਤੇ ਤੀਸਰੇ ਪਾਤਿਸ਼ਾਹ ਸਤਿਗੁਰੂ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਇਸ ਤਰ੍ਹਾਂ ਉਹ ਬੀਬੀ ਭਾਨੀ ਜੀ ਦੇ ਚਾਚੇ ਦੇ ਪੁੱਤਰ ਅਰਥਾਤ ਚਚੇਰੇ ਭਾਈ ਸਨ।

ਆਪ ਜੀ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ ਸੰਮਤ ਬਿਕਰਮੀ 1603 ਅਨੁਸਾਰ ਸੰਨ 1546 ਈ. ਨੂੰ ਹੋਇਆ। ਇਹ ਨਗਰ ਸਤਿਗੁਰੂ ਅਮਰਦਾਸ ਜੀ ਨੇ ਅਬਾਦ ਕੀਤਾ ਸੀ। ਭਾਈ ਗੁਰਦਾਸ ਜੀ ਦਾ ਪਾਲਨ ਪੋਸ਼ਣ ਇਸੇ ਗੁਰੂ ਦੀ ਨਗਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ। ਇਸੇ ਕਰਕੇ ਉਨ੍ਹਾਂ ਦੀ ਸਿੱਖਿਆ ਤੇ ਤਾਲੀਮ ’ਤੇ ਗੁਰੂ ਘਰ ਦਾ ਗੂਹੜਾ ਰੰਗ ਸੀ। ਉਹ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਉੱਚ ਕੋਟੀ ਦੀ ਸਿੱਖਿਆ ਹਾਸਲ ਕਰ ਚੁੱਕੇ ਸਨ ਤਾਂ ਹੀ ਉਹ ਗੁਰਮਤਿ ਪ੍ਰਚਾਰ ਲਈ ਯੋਗ ਹੋਏ।

ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਕਈ ਸਾਲ ਆਗਰੇ ਵਿਖੇ ਗੁਜ਼ਾਰੇ ਤੇ ਸਿੱਖੀ ਦਾ ਭਰਪੂਰ ਪ੍ਰਚਾਰ ਕੀਤਾ। ਜਦੋਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਉਨ੍ਹਾਂ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ ਖੋਹਣ ਦੇ ਭਰਪੂਰ ਯਤਨ ਕੀਤੇ ਤਾਂ ਭਾਈ ਗੁਰਦਾਸ ਜੀ ਆਗਰੇ ਤੋਂ ਵਾਪਸ ਅੰਮ੍ਰਿਤਸਰ ਪਹੁੰਚ ਗਏ।

ਪ੍ਰਿਥੀ ਚੰਦ ਨੇ ਆਪਣਾ ਵਿਰੋਧ ਜਾਰੀ ਰੱਖਿਆ ਤੇ ਸੰਗਤਾਂ ਵਿੱਚ ਆਪਣੇ ਆਪ ਨੂੰ ਗੁਰੂ ਹੋਣ ਦਾ ਭੁਲੇਖਾ ਪਾਉਣਾ ਸ਼ੁਰੂ ਕਰ ਦਿੱਤਾ ਤਾਂ ਭਾਈ ਗੁਰਦਾਸ ਜੀ ਨੇ ਆਪਣੀ ਸੂਝ ਬੂਝ ਰਾਹੀਂ ਤੇ ਆਪਣੇ ਸੰਗੀ ਸਾਥੀਆਂ ਦੇ ਸਹਿਯੋਗ ਨਾਲ ਅੰਮ੍ਰਿਤਸਰ ਪਹੁੰਚਣ ਵਾਲੀਆਂ ਸੰਗਤਾਂ ਨੂੰ ਪ੍ਰਿਥੀ ਚੰਦ ਦੀਆਂ ਗੁੰਮਰਾਹ ਕੁੰਨ ਚਾਲਾਂ ਤੋਂ ਸਾਵਧਾਨ ਕਰ ਕੇ ਗੁਰੂ ਦਰਬਾਰ ਵਿੱਚ ਜਾਣ ਲਈ ਪ੍ਰੇਰਿਆ। ਨਾਲ ਹੀ ਪ੍ਰਿਥੀ ਚੰਦ ਨੂੰ ਫਿਟਕਾਰ ਵੀ ਪਾਈ, ਜੋ ਉਨ੍ਹਾਂ ਦੁਆਰਾ ਰਚਿਤ ਵਾਰ 36 ਵਿੱਚ ਦਰਜ ਹੈ ਪਰ ਗੁਰੂ ਅਰਜਨ ਦੇਵ ਜੀ ਨੇ ਭਾਈ ਸਾਹਿਬ ਨੂੰ ਅਜਿਹਾ ਕਰਨੋਂ ਰੋਕਿਆ।

ਭਾਈ ਗੁਰਦਾਸ ਜੀ ਨੇ ਇੱਕ ਮਜਬੂਤ ਦੀਵਾਰ ਬਣ ਕੇ ਗੁਰੂ ਦਰਬਾਰ ਨੂੰ ਪ੍ਰਿਥੀ ਚੰਦ ਦੇ ਵਿਦ੍ਰੋਹ ਤੋਂ ਬਚਾਇਆ ਅਤੇ ਸੰਗਤਾਂ ਨੂੰ ਕੇਵਲ ਗੁਰੂ ਦਰਬਾਰ ਆਉਣ ਲਈ ਪ੍ਰੇਰਨਾ ਦਿੰਦੇ ਰਹੇ। ਫਿਰ ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮਿਹਰਬਾਨ ਦੀ ਮਦਦ ਨਾਲ ਗੁਰੂ ਨਾਨਕ ਦੇਵ ਜੀ ਦਾ ਨਾਂ ਵਰਤ ਕੇ ਬਾਣੀ ਦੀ ਰਚਨਾ ਕਰਨੀ ਸ਼ੁਰੂ ਕਰ ਦਿੱਤੀ ਤਾਂ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਤਾ ਲੱਗਣ ’ਤੇ ਉਨ੍ਹਾਂ ਭਾਈ ਗੁਰਦਾਸ ਜੀ ਦੇ ਸਹਿਯੋਗ ਨਾਲ ਆਦਿ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਤਾਂ ਜੋ ਖਸਮ ਕੀ ਬਾਣੀ, ਧੁਰ ਕੀ ਆਈ ਬਾਣੀ ਨੂੰ ਨਿਰੋਲ ਰੱਖਿਆ ਜਾ ਸਕੇ।

ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਰਾਮਸਰ ਵਾਲੀ ਰਮਣੀਕ ਜਗ੍ਹਾ ਬੈਠ ਕੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨੀ ਸ਼ੁਰੂ ਕਰਵਾ ਦਿੱਤੀ। ਲਿਖਾਈ ਦਾ ਸਾਰਾ ਕਾਰਜ ਭਾਈ ਗੁਰਦਾਸ ਜੀ ਦੇ ਹੱਥੀਂ ਹੋਇਆ। ਇਹ ਭਾਈ ਸਾਹਿਬ ਵੱਲੋਂ ਸਿੱਖ ਪੰਥ ਦੀ ਮਹਾਨ ਤੇ ਵੱਡੀ ਸੇਵਾ ਹੈ। ਉਨ੍ਹਾਂ ਨੇ ਆਪ ਵੀ ਬ੍ਰਿਜ ਭਾਸ਼ਾ ਵਿੱਚ 556 ਕਬਿੱਤ ਦੀ ਰਚਨਾ ਕੀਤੀ ਤੇ ਪੰਜਾਬੀ ਵਿੱਚ 40 ਵਾਰਾਂ (ਵਾਰਾਂ ਗਿਆਨ ਰਤਨਾਵਲੀ) ਦਾ ਸੰਗ੍ਰਹਿ ਤਿਆਰ ਕਰਵਾਇਆ। ਇਨ੍ਹਾਂ 40 ਵਾਰਾਂ ਵਿੱਚ 913 ਪਉੜੀਆਂ ਤੇ 3444 ਪੰਕਤੀਆਂ ਹਨ। ਕੁੱਲ ਸ਼ਬਦ 46166 ਆਏ ਹਨ।

ਭਾਈ ਸਾਹਿਬ ਦੀ ਰਚਨਾ ਵਿੱਚ ਗੁਰ ਇਤਿਹਾਸ ਤੇ ਸਿੱਖ ਇਤਿਹਾਸ ’ਤੇ ਚੰਗੀ ਰੋਸ਼ਨੀ ਪਾਈ ਗਈ ਹੈ। 556 ਕਬਿੱਤ ਜੋ ਬ੍ਰਿਜ ਭਾਸ਼ਾ ਵਿੱਚ ਰਚਨਾ ਹੈ, ਬਾਰੇ ਜ਼ਿਕਰ ਹੈ ਕਿ ਇਹ ਰਚਨਾ ਭਾਈ ਸਾਹਿਬ ਨੇ ਪੰਚਮ ਪਾਤਿਸ਼ਾਹ ਦੀ ਆਗਿਆ ਅਨੁਸਾਰ ਕੀਤੀ ਸੀ। ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਵੀ ਰਹਿ ਕੇ ਕਈ ਸਾਲ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

– ਜਤਿੰਦਰਪਾਲ ਸਿੰਘ ਨਰੂਲਾ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

SIS GANJ
Published : August 1, 2021
Posting : 5-10 August 2021, LPC, Delhi RMS
Delhi-110006
AUGUST 2021

DL (ND)-11/6040/2021-22-2023
U(C)-224/2021-23
RNI 10622/64

ਮ: ੫ ॥
ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥

